ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ

# ਸਿਰਲੇਖ



www.PunjabiLibrary.com

ਭਾਈ ਗੁਰਮੁੱਖ ਸਿੰਘ (ਗਿਆਨੀ)

# ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ

ਲੇਖਕ :
ਭਾਈ ਗੁਰਮੁੱਖ ਸਿੰਘ (ਗਿਆਨੀ)

ਪ੍ਰਕਾਸ਼ਕ :
**ਰਤਨ ਬ੍ਰਦਰਜ਼**
ਸੁਲਤਾਨਵਿੰਡ ਰੋਡ, ਅੰਮ੍ਰਿਤਸਰ
E-mail : rbamritsar@hotmail.com

Scanned by CamScanner

© *Writter*

# GURU GRANTH SAHIB VICHLE SIRLEKH

by

**Bhai Gurmukh Singh (Giani)**
Vill. & P.O. Dhandoe, Teh. Batala
Distt. Gurdaspur
M : 97796-12929, 74177-71300
**E-Mail : gyanigurmukhsinghkhalsa@gmail.com**

**Edition : 2013**

Scanned by CamScanner

# ਸਮਰਪਣ

ਜਾਗਤ ਜੋਤਿ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀ ਵਿਚਾਰਧਾਰਾ ਨੂੰ

Scanned by CamScanner

# ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ।।

ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ ਮਾਨਵਤਾ ਦੇ ਸਰਵ ਸਾਂਝੇ ਰਹਿਬਰ ਹਨ ਜੋ ਸਾਰੀ ਮਨੁੱਖਤਾ ਨੂੰ ਧਾਰਮਿਕ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਪਰਿਵਾਰਕ ਗੱਲ ਕੀ, ਹਰ ਕਿਸਮ ਦੀ ਅਗਵਾਈ ਮਨੁੱਖਾ ਜੀਵਨ ਨੂੰ ਸਫਲ ਕਰਨ ਲਈ ਹਰ ਸਮੇਂ ਬਖਸ਼ਿਸ਼ ਕਰਦੇ ਹਨ। ਪੁਰਾਤਨ ਸਮੇਂ ਵਿਚ ਹਿੰਦੁਸਤਾਨ ਵਿੱਚ ਵੀ ਅਨੇਕਾਂ ਧਾਰਮਿਕ ਗ੍ਰੰਥ ਰਚੇ ਅਤੇ ਸੰਸਾਰ ਦੇ ਹੋਰ ਦੇਸ਼ਾਂ ਵਿਚ ਵੀ ਧਾਰਮਿਕ ਗ੍ਰੰਥਾਂ ਦੀ ਕੋਈ ਘਾਟ ਨਹੀਂ, ਭਾਂਵੇ ਉਹ ਸਾਰੇ ਗ੍ਰੰਥ ਸਤਿਕਾਰਯੋਗ ਹਨ ਪਰ ਉਨ੍ਹਾਂ ਗ੍ਰੰਥਾਂ ਵਿੱਚ ਉਸ ਧਰਮ ਨਾਲ ਸੰਬੰਧਿਤ ਮਹਾਂਪੁਰਸ਼ਾਂ ਦਾ ਉਪਦੇਸ਼ ਹੀ ਮਿਲਦਾ ਹੈ ਅਤੇ ਉਹ ਉਪਦੇਸ਼ ਵੀ ਸੰਬੰਧਿਤ ਕੌਮਾਂ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ। ਉਸਦੇ ਮੁਕਾਬਲੇ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਹਰ ਮਨੁੱਖ ਲਈ ਸਰਵ-ਸਾਂਝਾ ਹੈ ।ਬਾਕੀ ਧਾਰਮਿਕ ਗ੍ਰੰਥਾਂ ਦੇ ਮੁਕਾਬਲੇ ਤੇ ਸੰਸਾਰ ਦਾ ਇੱਕੋ ਇੱਕ ਧਾਰਮਿਕ ਗ੍ਰੰਥ ਹੈ ਜਿਸ ਵਿੱਚ ਵੱਖ-ਵੱਖ ਕੌਮਾਂ, ਵੱਖ-ਵੱਖ ਸ਼ਕਲਾਂ ਅਤੇ ਵੱਖ-ਵੱਖ ਬੋਲੀਆਂ ਵਾਲੇ 35 ਮਹਾਂਪੁਰਸ਼ਾਂ ਦੀ ਬਾਣੀ ਦਰਜ ਕੀਤੀ ਗਈ ਹੈ ।ਇੱਥੇ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**

ਵਾਲੇ ਸਿਧਾਂਤ ਨੂੰ ਅਮਲੀ ਜਾਮਾਂ ਪਹਿਨਾਇਆ ਗਿਆ ਹੈ। ਪਿਛਲੇ ਹਜ਼ਾਰਾਂ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਾ ਕੋਈ ਗ੍ਰੰਥ ਨਾ ਹੋਂਦ ਵਿਚ ਆਇਆ ਅਤੇ ਨਾ ਹੀ ਆ ਸਕਦਾ ਹੈ। ਕਿਉਂਕਿ ਸੰਸਾਰ ਦੇ ਹਰ ਧਰਮ ਗ੍ਰੰਥ ਉਹਨਾਂ ਦੇ ਧਰਮ ਬਾਨੀਆਂ ਤੋਂ ਸਦੀਆਂ ਬਾਅਦ ਉਨ੍ਹਾਂ ਦੇ ਚੇਲਿਆਂ ਵਲੋਂ ਲਿਖੇ ਗਏ ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਆਪ ਸੰਭਾਲਿਆ, ਆਪ ਹੀ ਸੰਪਾਦਿਤ ਕੀਤਾ ਅਤੇ ਆਪ ਹੀ ਗੁਰਗੱਦੀ ਤੇ ਬਿਰਾਜਮਾਨ ਕਰਕੇ ਸੰਸਾਰ ਨੂੰ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਹਮੇਸ਼ਾਂ ਲਈ ਲਾ ਦਿੱਤਾ। ਹੁਣ ਰਹਿੰਦੀ ਦੁਨੀਆਂ ਤੱਕ ਸਿੱਖਾਂ ਦਾ ਹੀ ਨਹੀਂ ਬਲਕਿ ਸਮੁੱਚੇ ਸੰਸਾਰ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹੋਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਵਿੱਚ :

**ਆਪ ਆਪਣੀ ਬੁਧਿ ਹੈ ਜੇਤੀ ਬਰਨਤ ਭਿੰਨ ਭਿੰਨ ਤੁਹਿ ਤੇਤੀ॥**

ਦੇ ਮਹਾਂਵਾਕ ਅਨੁਸਾ ਹਜ਼ਾਰਾਂ ਹੀ ਵਿਦਵਾਨਾਂ ਵਲੋਂ ਹਜ਼ਾਰਾਂ ਹੀ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ, ਪਰ ਸ਼ਬਦ ਗੁਰੂ ਜੀ ਦਾ ਕੋਈ ਅੰਤ ਨਹੀਂ ਪਾ



Scanned by CamScanner

ਸਕਿਆ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਗਿਆਨ ਦਾ ਵਿਸ਼ਾਲ ਸਾਗਰ ਹਨ, ਜਿਵੇਂ ਅਕਾਸ਼ ਨੂੰ ਕਲਾਵੇ ਵਿੱਚ ਲੈਣਾ ਮੁਸ਼ਕਿਲ ਹੈ, ਸੂਰਜ ਦੀ ਦੂਰੀ ਨੂੰ ਗਜਾਂ ਵਿਚ ਨਹੀਂ ਨਾਪਿਆ ਜਾ ਸਕਦਾ, ਅਥਾਹ ਸਾਗਰ ਦੀ ਡੂੰਘੀ ਤਹਿ ਵਿਚੋਂ ਆਬਦਾਰ ਮੋਤੀ ਕੱਢਣੇ ਮੁਸ਼ਕਿਲ ਹਨ, ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿੱਚੋਂ ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ, ਬ੍ਰਹਮ ਗਿਆਨ, ਜੀਵਨ ਦੀਆਂ ਅਟੱਲ ਸਚਾਈਆਂ ਅਤੇ ਅਧਿਆਤਮਵਾਦ ਦੇ ਜੋ ਪਰਮ ਤੱਤ ਕਥਨ ਕੀਤੇ ਗਏ ਹਨ ਉਨ੍ਹਾਂ ਨੂੰ ਕਲਮਬੰਦ ਕਰਨਾ ਬਹੁਤ ਅਸੰਭਵ ਹੈ। ਅਨੇਕਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਮਨੁੱਖਾਂ ਜੀਵਨ ਵਿੱਚ ਆ ਰਹੀਆਂ ਸਮੱਸਿਆਵਾਂ ਦੇ ਹੱਲ "ਗੁਰਬਾਣੀ" ਵਿੱਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ ਅਤੇ ਗੁਰਬਾਣੀ ਵਿੱਚ ਆਏ ਹੋਏ ਗੁੱਝੇ ਭਾਵਾਂ ਨੂੰ ਸਮਝਣ ਦੇ ਲਈ ਪੁਸਤਕਾਂ ਲਿਖਣ ਦਾ ਉਪਰਾਲਾ ਵੀ ਕੀਤਾ ਹੈ। ਜਿਵੇਂ ਕੌਮੀ ਵਿਦਵਾਨਾਂ ਵਲੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚਾਰ ਕੋਸ਼, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਨਾਵਾਂ ਤੇ ਥਾਵਾਂ ਦਾ ਸੰਕੇਤ ਕੋਸ਼, ਗੁਰਮਤਿ ਮਾਰਤੰਡ, ਗੁਰਮਤਿ ਸੁਧਾਕਰ ਅਤੇ ਗੁਰਮਤਿ ਪ੍ਰਭਾਕਰ ਆਦਿ ਗ੍ਰੰਥ ਹੋਂਦ ਵਿੱਚ ਆਏ ਹਨ। ਉਸੇ ਤਰ੍ਹਾਂ ਭਾਈ ਸਾਹਿਬ ਭਾਈ ਗੁਰਮੁੱਖ ਸਿੰਘ ਜੀ ਸਾਬਕਾ ਵਿਦਿ: ਸਿੱਖ ਮਿਸ਼ਨਰੀ ਕਾਲਜ, ਸ਼੍ਰੀ ਅਨੰਦਪੁਰ ਸਾਹਿਬ (ਮੁੱਖ ਦਫਤਰ, ਲੁਧਿਆਣਾ) ਅਤੇ ਹੁਣ ਸ਼੍ਰੋ:ਗੁ:ਪ੍ਰ:ਕਮੇਟੀ ਦੇ ਵਿਦਵਾਨ ਪ੍ਰਚਾਰਕ ਜੀ ਨੇ "ਸ੍ਰੀ ਗੁਰੂ ਗ੍ਰੰਥ ਵਿਚਲੇ ਸਿਰਲੇਖ" ਵਿਸ਼ੇ ਤੇ ਪੁਸਤਕ ਲਿਖਕੇ ਵਡਮੁੱਲੀ ਸੇਵਾ ਕੀਤੀ ਹੈ। ਜਿਵੇਂ ਇੱਕ ਪੁੱਤਰ ਨੂੰ ਆਪਣੇ ਪਿਤਾ ਬਾਰੇ ਪੂਰੀ ਜਾਣਕਾਰੀ ਹੋਣੀ ਜਰੂਰੀ ਹੈ ਉਸੇ ਤਰ੍ਹਾਂ ਹਰ ਸਿੱਖ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵੀ ਸੰਪੂਰਨ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ। ਸਿੱਖ ਨੇ ਕੇਵਲ ਆਪ ਹੀ ਜਾਣਕਾਰੀ ਹਾਸਿਲ ਨਹੀਂ ਕਰਨੀ ਸਗੋਂ ਸ਼੍ਰੀ ਗੁਰੂ ਗ੍ਰੰਥ ਰਾਮਦਾਸ ਜੀ ਦਾ ਹੁਕਮ ਹੈ :

**ਆਪਿ ਜਪਹੁ ਅਵਰਾ ਨਾਮੁ ਜਪਾਵਹੁ**

ਸੋ ਭਾਈ ਸਾਹਿਬ ਜੀ ਨੇ ਇਹ ਪੁਸਤਕ ਲਿਖਕੇ ਖਾਲਸਾ ਪੰਥ ਦੇ ਧਰਮ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਸ਼ਾਇਦ ਐਸੇ ਗੁਰਸਿੱਖਾਂ ਬਾਰੇ ਹੀ ਸ਼੍ਰੀ ਗੁਰੂ ਅਰਜਨ ਦੇਵ ਜੀ ਫੁਰਮਾਣ ਕਰਦੇ ਹਨ :

**ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥**

ਸੋ ਅੰਤ ਵਿੱਚ ਮੈਂ ਜਿੱਥੇ ਭਾਈ ਗੁਰਮੁੱਖ ਸਿੰਘ ਜੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਾ ਹਾਂ ਉਥੇ ਵੱਧ ਤੋਂ ਵੱਧ ਸਿੱਖ ਸੰਗਤਾਂ ਨੂੰ ਇਸ ਖੋਜ ਭਰਪੂਰ ਪੁਸਤਕ ਤੋਂ ਲਾਭ ਉਠਾਉਣ ਦੀ ਅਪੀਲ ਵੀ ਕਰਦਾ ਹਾਂ। ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਸੱਚੇ ਪਾਤਿਸ਼ਾਹ ਇਸ ਵਿਦਵਾਨ ਤੇ ਉਤਸ਼ਾਹੀ, ਨੌਜਵਾਨ ਸਿੱਖ ਪ੍ਰਚਾਰਕ ਨੂੰ ਆਪਣੇ ਉੱਚੇ ਸੁੱਚੇ ਜੀਵਨ ਕਿਰਦਾਰ ਰਾਹੀਂ ਵੱਧ ਤੋਂ ਵੱਧ



Scanned by CamScanner

ਧਰਮ ਪ੍ਰਚਾਰ ਕਰਨ ਦੀ ਬਲ-ਬੁੱਧੀ ਤੇ ਸਮਰੱਥਾ ਬਖਸ਼ਿਸ਼ ਕਰਨ ਤਾਂ ਕਿ ਇਹ ਆਪ ਸ਼ਬਦ ਗੁਰੂ ਜੀ ਦੇ ਚਰਨਾਂ ਨਾਲ ਜੁੜ ਕੇ ਆਪਣਾ ਜਨਮ ਵੀ ਸਫਲਾ ਕਰ ਸਕੇ ਅਤੇ ਹੋਰ ਗੁਰੂ ਪਿਆਰਿਆਂ ਨੂੰ ਗੁਰੂ ਚਰਨਾਂ ਨਾਲ ਜੋੜਕੇ ਉਨ੍ਹਾਂ ਦੇ ਮਨੁੱਖਾ ਜਨਮ ਵੀ ਸਫਲਾ ਕਰਨ ਵਿੱਚ ਸਹਾਈ ਹੋ ਸਕੇ।

ਗੁਰੂ ਗ੍ਰੰਥ ਤੇ ਗੁਰੂ ਪੰਥ ਦਾ ਦਾਸ :

**ਸੁਰਿੰਦਰ ਸਿੰਘ**

ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਅਤੇ

ਮੈਂਬਰ ਸ਼੍ਰੋ:ਗੁ: ਪ੍ਰ: ਕਮੇਟੀ, ਸ੍ਰੀ ਅਨੰਦਪੁਰ ਸਾਹਿਬ।



Scanned by CamScanner

# ਲੇਖਕ ਦੀ ਕਲਮ ਤੋਂ....

ਕਈ ਵਾਰ ਸਹਿਜ ਪਾਠ ਕਰਨ ਵਾਲਿਆਂ, ਜਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਦਾ ਪਾਠ ਕਰਨ ਵਾਲਿਆਂ ਨਾਲ ਵਿਚਾਰ ਕਰਨੀ ਤਾਂ ਅਕਸਰ ਉਹਨਾਂ ਦਾ ਸੁਆਲ ਹੁੰਦਾ ਸੀ ਕਿ, 'ਗਿਆਨੀ ਜੀ! ਸਾਨੂੰ ਕਈ ਵਾਰ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਿਰਲੇਖਾਂ ਬਾਰੇ ਪਤਾ ਨਹੀਂ ਲੱਗਾ ਅਤੇ ਨਾ ਹੀ ਸਮਝ ਆਉਂਦੀ ਹੈ ਕਿ ਇਹਨਾਂ ਦਾ ਅੰਤਰੀਵ ਭਾਵ ਕੀ ਹੈ? ਸਮਾਂ ਇੰਨੀ ਤੇਜ਼ੀ ਨਾਲ ਚੱਲਦਾ ਹੈ ਕਿ ਵਾਹਿਗੁਰੂ ਦੇ ਉੱਦਮ ਸਦਕਾ ਘੜੀ ਕੱਢ ਕੇ ਬਾਣੀ ਪੜੀਦੀ ਹੈ, ਪਰ ਵਿਸਥਾਰ ਵਿੱਚ ਜਾ ਕੇ ਵੱਡੇ-ਵੱਡੇ ਗ੍ਰੰਥ ਫਰੋਲਣ ਦਾ ਸਮਾਂ ਨਹੀਂ ਕਿ ਇਹਨਾਂ ਬਰੀਕੀਆਂ ਨੂੰ ਜਾਣ ਸਕੀਏ। ਕਿੰਨਾ ਅੱਛਾ ਹੋਵੇ, ਕਿ ਕੋਈ ਅਜਿਹੀ ਛੋਟੇ ਰੂਪ ਵਿਚ ਕਿਤਾਬ ਮਿਲ ਜਾਵੇ ਜੋ ਸੰਖੇਪ ਵਿੱਚ ਵੀ ਬਹੁਤ ਕੁਝ ਇਹਨਾਂ ਸਿਰਲੇਖਾਂ ਬਾਰੇ ਦੱਸਦੀ ਹੋਵੇ।'

ਆਰੰਭਿਕ ਸਮੇਂ ਵਿੱਚ ਜਦੋਂ ਆਪ ਵੀ ਕਦੇ ਬਾਣੀ ਪੜ੍ਹਦੇ ਹੁੰਦੇ ਸੀ ਤਾਂ ਅਜਿਹੀ ਮੁਸ਼ਕਿਲ ਨਿੱਜੀ ਤੌਰ ਤੇ ਵੀ ਅਨੁਭਵ ਕੀਤੀ ਸੀ, ਸੋ ਅਕਾਲ ਪੁਰਖ ਦੀ ਕ੍ਰਿਪਾ ਨਾਲ ਮਨ ਵਿੱਚ ਫੁਰਨਾ ਫੁਰਿਆ ਕਿ ਕਿਉਂ ਨਾ ਕੁੱਝ ਇਸੇ ਸਬੰਧ ਵਿੱਚ ਲਿਖ ਕੇ ਕੌਮ ਦੀ ਝੋਲੀ ਵਿੱਚ ਪਾਇਆ ਜਾਵੇ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਿਰਲੇਖਾਂ ਨੂੰ ਵਿਸਥਾਰ ਸਹਿਤ ਦੱਸਿਆ ਜਾ ਸਕੇ। ਤਾਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਕਾਰਜ ਆਰੰਭ ਦਿੱਤਾ ਗਿਆ। ਲਗਭਗ ਦੋ ਤੋਂ ਤਿੰਨ ਸਾਲਾਂ ਦਾ ਸਮਾਂ ਲੱਗਣ ਤੋਂ ਬਾਅਦ ਅੱਜ ਵਾਹਿਗੁਰੂ ਨੇ ਮਿਹਰ ਕੀਤੀ ਕਿ ਅੱਜ ਹੱਥਲੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ' ਪਾਠਕਾਂ ਅਤੇ ਸਿੱਖ ਸੰਗਤ ਦੇ ਰੂ-ਬ-ਰੂ ਕਰ ਸਕਿਆਂ ਹਾਂ।

ਨਾ ਤਾਂ ਮੈਂ ਵਿਦਵਾਨ ਹਾਂ ਨਾ ਹੀ ਕੋਈ ਲੇਖਕ, ਬੱਸ ਇੱਕ ਸਿੱਖ ਹੋਣ ਦੇ ਨਾਤੇ ਸਿੱਖ ਸੱਜਣਾਂ ਦੀਆਂ ਭਾਵਨਾਵਾਂ ਦੇ ਅਧਾਰ ਤੇ ਹੀ ਇਸ ਪੁਸਤਕ ਨੂੰ ਤਿਆਰ ਕੀਤਾ ਗਿਆ ਹੈ, ਗੁਰਬਾਣੀ ਜਿਹੇ ਮਹਾਨ ਵਿਸ਼ੇ ਦੇ ਸਬੰਧ ਵਿੱਚ ਕੰਮ ਕਰਨ ਲੱਗਿਆਂ ਨਾ ਚਾਹੁੰਦਿਆਂ ਹੋਇਆਂ ਵੀ ਅਚੇਤ ਮਨ ਵਿੱਚ ਕੋਈ ਨਾ ਕੋਈ ਗਲਤੀ, ਭੁੱਲ ਇਸ ਪੁਸਤਕ ਵਿੱਚ ਅਣਜਾਣੇ ਵਿੱਚ ਹੋ ਗਈ ਹੋਵੇ ਤਾਂ ਅਗਾਊਂ ਹੀ ਦਾਸ ਖਿਮਾ ਦਾ ਜਾਚਕ ਹੈ।

ਪਾਠਕਾਂ, ਬੁੱਧੀਜੀਵੀਆਂ ਅਤੇ ਸਿੱਖ ਸੱਜਣਾਂ ਦੇ ਚਰਨਾਂ ਵਿੱਚ ਇਹੀ ਨਿਮਰ



Scanned by CamScanner

ਬੇਨਤੀ ਹੈ ਕਿ ਭੁੱਲਾਂ ਨੂੰ ਨਾ ਚਿਤਾਰਦੇ ਹੋਇ, ਇਸ ਬੱਚੇ ਨੂੰ ਭਵਿੱਖ ਵਿੱਚ ਵੀ ਕੌਮੀ ਕਾਰਜ ਕਰਦੇ ਰਹਿਣ ਲਈ ਹੌਂਸਲਾ ਦੇਣਾ ਅਤੇ ਪੁਸਤਕ ਸਬੰਧੀ ਆਪਣੇ ਨਿੱਜੀ ਵਿਚਾਰ, ਅਨੁਭਵ ਜ਼ਰੂਰ ਸਾਂਝੇ ਕਰਨਾ, ਹਰ ਤਰ੍ਹਾਂ ਦੇ ਉਸਾਰੂ ਵਿਚਾਰ ਨੂੰ ਜੀ ਆਇਆ ਆਖਿਆ ਜਾਵੇਗਾ। ਉਮੀਦ ਹੈ ਕਿ ਦਾਸ ਦੀ ਪਹਿਲੀ ਕੋਸ਼ਿਸ਼ ਸਿੱਖ ਕੌਮ ਦੀ ਕਸਵੱਟੀ ਤੇ ਖਰੀ ਉਤਰੇਗੀ। ਧੰਨਵਾਦ।

ਗੁਰੂ ਪੰਥ ਦਾ ਦਾਸ

**ਭਾਈ ਗੁਰਮੁੱਖ ਸਿੰਘ (ਗਿਆਨੀ)**

ਪਿੰਡ ਤੇ ਡਾਕ. ਧੰਦੋਈ, ਤਹਿ ਬਟਾਲਾ

ਜ਼ਿਲ੍ਹਾ ਗੁਰਦਾਸਪੁਰ।

ਮੋ. 97796-12929, 74177-71300

E-Mail : gyanigurmukhsinghkhalsa@gmail.com



Scanned by CamScanner

# ਧੰਨਵਾਦੀ ਸ਼ਬਦ

ਹੱਥਲੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ' ਅੱਜ ਸਮੁੱਚੀ ਕੌਮ ਨੂੰ ਸਪਰਪਣ ਕਰਦਾ ਹੋਇਆ ਬੜਾ ਮਾਣ ਅਤੇ ਖੁਸ਼ੀ ਮਹਿਸੂਸ ਕਰਦਾ ਹੋਇਆ, ਪਾਠਕਾਂ ਨੂੰ ਉਹਨਾਂ ਮਹਾਨ ਆਤਮਾਵਾਂ ਦੇ ਨਾਲ ਜ਼ਰੂਰ ਹੂ-ਬ-ਹੂ ਕਰਨਾ ਚਾਹਵਾਂਗਾ ਜਿਹਨਾਂ ਦੇ ਸਹਿਯੋਗ ਨਾਲ ਅੱਜ ਇਹ ਪੁਸਤਕ ਆਪ ਜੀ ਦੇ ਹੱਥਾਂ ਦਾ ਸ਼ਿੰਗਾਰ ਬਣੀ ਹੈ।

ਪਹਿਲ ਦੇ ਅਧਾਰ 'ਤੇ ਸ੍ਰਿਸ਼ਟੀ ਦੇ ਕਰਤਾ ਅਕਾਲ ਪੁਰਖ ਦਾ ਧੰਨਵਾਦੀ ਹਾਂ ਜਿਸਨੇ ਆਪਣਾ ਸੇਵਕ ਜਾਣ ਕੇ ਦਾਸ ਕੋਲੋਂ ਇਹ ਸੇਵਾ ਕਰਵਾਈ ਹੈ। ਉਸਦੇ ਨਾਲ ਹੀ ਆਪਣੇ ਸਤਿਕਾਰਯੋਗ ਮਾਤਾ-ਪਿਤਾ ਅਤੇ ਧਰਮ ਪਤਨੀ ਕੰਵਲਜੀਤ ਕੌਰ ਦਾ ਰਿਣੀ ਹਾਂ ਜਿਹਨਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਮੈਨੂੰ ਪੂਰਨ ਸਹਿਯੋਗ ਦਿੱਤਾ।

ਹਾਲੈਂਡ ਦੇ ਪ੍ਰਸਿੱਧ ਰੇਡੀਉ 'ਦਿਲ ਆਪਣਾ ਪੰਜਾਬੀ' ਦੇ ਸ੍ਰ. ਹਰਜੋਤ ਸਿੰਘ ਸੰਧੂ ਅਤੇ ਉਹਨਾਂ ਦੀ ਸਮੁੱਚੀ ਟੀਮ ਦੇ ਨਾਲ, ਰੇਡੀਉ ਦੇ ਆਜੀਜ਼ ਸਰੋਤੇ ਜਿਨ੍ਹਾਂ ਵੱਲੋਂ ਮਿਲੇ ਪਿਆਰ, ਉਤਸ਼ਾਹ, ਸਤਿਕਾਰ ਅਤੇ ਸਹਿਯੋਗ ਸਦਕਾ ਅੱਜ ਇਹ ਪੁਸਤਕ ਸਿੱਖ ਕੌਮ ਦੀ ਝੋਲੀ ਵਿੱਚ ਪਾਈ ਜਾ ਸਕੀ ਹੈ।

ਵਿਸ਼ੇਸ਼ ਧੰਨਵਾਦੀ ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪ੍ਰਿੰ. ਸੁਰਿੰਦਰ ਸਿੰਘ ਜੀ, ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਵਾਲਿਆਂ ਨੇ ਜਿਨ੍ਹਾਂ ਨੇ ਆਪਣੇ ਕੀਮਤੀ ਰੁਝੇਵਿਆਂ ਭਰੇ ਸਮੇਂ ਵਿੱਚੋਂ ਸਮਾਂ ਕੱਢ ਕੇ ਪੁਸਤਕ ਸਬੰਧੀ ਆਪਣੇ ਵਿਚਾਰ ਦੇ ਕੇ ਧੰਨਵਾਦੀ ਬਣਾਇਆ ਹੈ।

ਸਤਿਕਾਰਯੋਗ ਕੁਲਬੀਰ ਸਿੰਘ ਜੀ ਗ੍ਰੰਥੀ ਜਿਨ੍ਹਾਂ ਨੇ ਕਿਤਾਬ ਦੀ ਪਰੂਫ ਰੀਡਿੰਗ ਕਰਕੇ, ਇਸ ਵਿਚਲੀਆਂ ਕਈ ਸ਼ਾਬਦਿਕ ਗਲਤੀਆਂ ਨੂੰ ਦਰੁਸੱਤ ਕੀਤਾ ਹੈ ਉਨ੍ਹਾਂ ਦਾ ਮੈਂ ਦਿਲੋਂ ਰਿਣੀ ਹਾਂ।

**ਭਾਈ ਗੁਰਮੁੱਖ ਸਿੰਘ (ਗਿਆਨੀ)**



Scanned by CamScanner

# ਤਰਤੀਬ


| | | | |
|---|---|---|---|
| ਮੂਲ ਮੰਤਰ | 15 | ਰਾਗੁ ਗੂਜਰੀ | 38 |
| ੧ਓ | 15 | ਰਾਗੁ ਦੇਵਗੰਧਾਰੀ | 39 |
| ਸਤਿਨਾਮੁ | 16 | ਰਾਗੁ ਬਿਹਾਗੜਾ | 39 |
| ਕਰਤਾ | 16 | ਰਾਗੁ ਵਡਹੰਸੁ | 39 |
| ਪੁਰਖੁ | 17 | ਰਾਗੁ ਸੋਰਠਿ | 39 |
| ਨਿਰਭਉ | 17 | ਰਾਗੁ ਧਨਾਸਰੀ | 40 |
| ਨਿਰਵੈਰੁ | 18 | ਰਾਗੁ ਧਨਾਸਰੀ | 40 |
| ਅਕਾਲ ਮੂਰਤਿ | 18 | ਰਾਗੁ ਟੋਡੀ | 40 |
| ਅਜੂਨੀ | 19 | ਰਾਗੁ ਬੈਰਾੜੀ | 40 |
| ਸੈਭੰ | 19 | ਰਾਗੁ ਤਿਲੰਗ | 41 |
| ਗੁਰਪ੍ਰਸਾਦਿ ॥ | 19 | ਰਾਗੁ ਸੂਹੀ | 41 |
| ਜਪੁ | 19 | ਰਾਗੁ ਬਿਲਾਵਲੁ | 41 |
| ਸੋ ਦਰੁ | 20 | ਰਾਗੁ ਗੌਂਡ | 42 |
| ਸੋ ਪੁਰਖੁ | 20 | ਰਾਗੁ ਰਾਮਕਲੀ | 42 |
| ਸੋਹਿਲਾ | 21 | ਰਾਗੁ ਨਟ ਨਾਰਾਇਨ | 42 |
| ਰਾਗੁ | 22 | ਰਾਗੁ ਮਾਲੀ ਗਉੜਾ | 43 |
| ਰਾਗਾਂ ਦੀ ਤਰਤੀਬ ਬਾਰੇ | 23 | ਰਾਗੁ ਮਾਰੂ | 44 |
| ਸ਼ਬਦ | 24 | ਰਾਗੁ ਤੁਖਾਰੀ | 44 |
| 2. ਅਸਟਪਦੀਆਂ/ਅਸਟਪਦੀ | 25 | ਰਾਗੁ ਕੇਦਾਰਾ | 44 |
| 3. ਛੰਤ/ਛਕੇ | 25 | ਰਾਗੁ ਭੈਰਉ | 44 |
| 4. 'ਵਾਰ' | 26 | ਰਾਗੁ ਬਸੰਤੁ | 45 |
| 5. ਭਗਤਾਂ ਦੀ ਬਾਣੀ | 30 | ਰਾਗੁ ਸਾਰਗ | 45 |
| ਮਹਲਾ ਪਹਿਲਾ ੧ ਘਰੁ ੧ | 30 | ਰਾਗੁ ਮਲਾਰ | 45 |
| ਮਹਲੁ/ਮਹਲਾ | 31 | ਰਾਗੁ ਕਾਨੜਾ | 46 |
| ਰਹਾਉ | 34 | ਰਾਗੁ ਕਲਿਆਨ | 46 |
| ਘਰੁ/ਘਰ | 35 | ਰਾਗੁ ਜੈਜਾਵੰਤੀ | 47 |
| ਸਿਰੀ ਰਾਗੁ | 36 | ਗਉੜੀ ਗੁਆਰੇਰੀ | 47 |
| ਰਾਗੁ ਮਾਝ | 37 | ਗਉੜੀ ਚੇਤੀ | 48 |
| ਰਾਗੁ ਗਉੜੀ | 38 | ਗਉੜੀ ਬੈਰਾਗਣਿ | 48 |
| ਰਾਗੁ ਆਸਾ | 38 | ਗਉੜੀ ਮਾਲਵਾ | 48 |




Scanned by CamScanner

| | | | |
|---|---|---|---|
| ਗਉੜੀ ਮਾਝ | 48 | ਕੁਚਜੀ | 77 |
| ਗਉੜੀ ਦੱਖਣੀ | 49 | ਸੁਚਜੀ | 78 |
| ਗਉੜੀ ਮਾਲਾ | 49 | ਗੁਣਵੰਤੀ | 78 |
| ਗਉੜੀ ਪੂਰਬੀ ਦੀਪਕੀ | 49 | ਯਾਨੜੀਏ ਕੈ ਘਰਿ ਗਾਵਣਾ | 78 |
| ਹਿੰਡੋਲ | 49 | ਅਨੰਦ | 79 |
| ਭੋਪਾਲੀ | 50 | ਸਦ | 80 |
| ਬਿਭਾਸ | 50 | ਰੁਤੀ ਸਲੋਕੁ | 80 |
| ਧੁਨੀ | 51 | ਰਾਮਕਲੀ ਮਹਲਾ ੧ | |
| ਗਉੜੀ ਕੀ ਵਾਰ ਮਹਲਾ ੫ | 52 | ਦਖਣੀ ਓਅੰਕਾਰ | 81 |
| ਆਸਾ ਮਹਲਾ ੧ ॥ | 53 | ਸਿਧ ਗੋਸਟਿ | 82 |
| ਟੁੰਡੇ ਅਸਰਾਜੇ ਕੀ ਧੁਨੀ ॥ | 54 | ਕਾਫੀ | 86 |
| ਗੂਜਰੀ ਕੀ ਵਾਰ ਮਹਲਾ ੩ | 55 | ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ | 87 |
| ਵਡਹੰਸ ਕੀ ਵਾਰ ਮਹਲਾ ੪ | 56 | ਇਕਪਦੇ/ਇੱਕਪਦਾ,ਦੁਪਦੇ/ਦੁਪਦਾ, | |
| ਰਾਮਕਲੀ ਕੀ ਵਾਰ ਮਹਲਾ ੩॥ | 57 | ਤਿਪਦੇ/ਤਿਪਦਾ,ਚਉਪਦਾ,ਪੰਚਪਦਾ | 88 |
| ਸਾਰੰਗ ਕੀ ਵਾਰ ਮਹਲਾ ੪ | 58 | ਸੁਗੰਧ | 89 |
| ਵਾਰ ਮਲਾਰ ਕੀ ਮਹਲਾ ੧ | 59 | ਮੰਗਲ | 89 |
| ਕਾਨੜੇ ਕੀ ਵਾਰ ਮਹਲਾ ੪ | 60 | ਡਖਣੇ | 90 |
| ਰਾਮਕਲੀ ਕੀ ਵਾਰ | 61 | ਅੰਜੁਲੀਆ/ਅੰਜੁਲੀ | 90 |
| ਸੁਧੁ/ਸੁਧੁ ਕੀਚੈ | 62 | ਸੋਲਹੇ | 91 |
| ਪਹਰੇ | 64 | ਪੜਤਾਲ | 91 |
| ਵਣਜਾਰਾ | 65 | ਪਉੜੀ ਨਵੀ ਮਃ ੫ ॥ | 93 |
| ਏਕੁ ਸੁਆਨੁ ਕੈ ਘਰਿ ਗਾਵਣਾ ॥ | 65 | ਸਹਸਕ੍ਰਿਤੀ /ਸਹਸਕ੍ਰਿਤੀ | 94 |
| ਬਾਰਹਮਾਹਾ | 66 | ਗਾਥਾ | 95 |
| ਦਿਨ ਰੈਣਿ | 69 | ਫੁਨਹੇ | 95 |
| ਕਰਹਲੇ | 69 | ਚਉਬੋਲੇ | 96 |
| ਬਾਵਨ ਅਖਰੀ | 70 | ਸਲੋਕ ਭਗਤ ਕਬੀਰ ਜੀਉ ਕੇ | 97 |
| ਸੁਖਮਨੀ | 70 | ਸਲੋਕ ਸੇਖ ਫਰੀਦ ਕੇ | 97 |
| ਥਿਤੀ/ਥਿੰਤੀ | 71 | ਸਵਯੇ /ਸਵਈਏ | 98 |
| ਸਾਤ ਵਾਰ | 72 | ਰਡ | 99 |
| ਬਿਰਹੜੇ ਛੰਤਾਂ ਕੀ ਜਤਿ | 72 | ਝੋਲਨਾ ॥ | 99 |
| ਪਟੀ ਲਿਖੀ/ਪੱਟੀ | 73 | ਸਲੋਕ ਵਾਰਾਂ ਤੇ ਵਧੀਕ | 99 |
| ਘੋੜੀਆ | 73 | ਮੁੰਦਾਵਣੀ ਮਹਲਾ ੫ | 100 |
| ਅਲਾਹਣੀਆ | 74 | ਰਾਗਮਾਲਾ | 102 |
| ਆਰਤੀ | 76 | | |




Scanned by CamScanner

ੴ ਸਤਿਗੁਰ ਪ੍ਰਸਾਦਿ॥

# ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ

## ਮੂਲ ਮੰਤਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਪਹਿਲਾਂ ਮੰਗਲਾ ਚਰਨ ਦੇ ਰੂਪ ਵਿੱਚ ੴ ਤੋਂ ਲੈ 'ਗੁਰ ਪ੍ਰਸਾਦਿ' ਤੱਕ ਮੂਲ-ਮੰਤਰ ਹੈ। ਜੋ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਪ੍ਰਵਾਨਿਤ ਹੈ। ਇਹ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿੱਚ ਉਸੇ ਤਰ੍ਹਾਂ ਲਿਖਿਆ ਗਿਆ ਹੈ। ਜਿਵੇਂ ਹਰੇਕ 'ਰਾਗ' ਦੇ ਸ਼ੁਰੂ ਵਿੱਚ ਦਰਜ ਕੀਤਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ੩੩ ਵਾਰ ਆਉਂਦਾ ਹੈ। ਇਸ ਮੂਲ ਮੰਤਰ ਦੀ ਵਿਆਖਿਆ ਭਾਈ ਗੁਰਦਾਸ ਜੀ ਕੀਤੀ ਹੈ:-

ਏਕਾ ਏਕੰਕਾਰ ਲਿਖ ਦਿਖਾਲਿਆ॥ ਊੜਾ ਓਅੰਕਾਰ ਪਾਸ ਬਹਾਲਿਆ॥ ਸਤਿਨਾਮ ਕਰਤਾਰ ਨਿਰਭਉ ਭਾਲਿਆ॥ ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ॥ ਸੱਚ ਨੀਸਾਣ ਅਪਾਰ ਜੋਤ ਉਜਾਲਿਆ॥ ਪੰਚ ਅੱਖਰ ਉਪਕਾਰ ਨਾਮ ਸਮ੍ਹਾਲਿਆ॥ ਪਰਮੇਸ਼ਰ ਸੁਖ ਸਾਰ ਨਦਰਿ ਨਿਹਾਲਿਆ॥ ਨਉ ਅਮਗ ਸੁੰਨ ਸ਼ੁਮਾਰ ਸੰਗ ਨਿਰਾਲਿਆ॥ ਨੀਲ ਅਨੀਲ ਵਿਚਾਰ ਪਿਰਮ ਪਿਆਲਿਆ ॥ (ਵਾਰ ੩-ਪਉੜੀ ੧੫)

## ੴ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਤਿਆ ਗਿਆ ਹੈ ਇਹ ਇਕ ਮਾਲਿਕ ਵਾਸਤੇ ਵਰਤਿਆ ਗਿਆ। ਜਿਵੇਂ ਕਿ ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ ॥

ਓਅੰਕਾਰ' ਸੰਸਕ੍ਰਿਤ ਦੇ 'ਓਅੰ' ਸ਼ਬਦ ਤੋਂ ਲਿਆ ਗਿਆ ਹੈ। ਇਹ ਸ਼ਬਦ 'ਓਅੰ' ਸਭ ਤੋਂ ਪਹਿਲਾਂ ਉਪਨਿਸ਼ਦਾਂ ਵਿੱਚ ਵਰਤਿਆ ਗਿਆ ਹੈ। 'ਮਾਂਡੂਕਯ' ਉਪਨਿਸ਼ਦ ਵਿੱਚ ਲਿਖਿਆ ਹੈ ਕਿ ਜੋ ਕੁਝ ਹੋ ਚੁੱਕਿਆ ਹੈ, ਜੋ ਐਸ ਵੇਲੇ ਵੀ ਮੌਜੂਦ ਹੈ ਅਤੇ ਜੋ ਹੋਵੇਗਾ, ਉਹ



Scanned by CamScanner

'ਓਅੰ' ਹੀ ਹੈ।

ਉਪਨਿਸ਼ਦਾਂ ਤੋਂ ਪਿਛੋਂ ਦੇ ਸਮੇਂ ਵਿੱਚ ਸ਼ਬਦ 'ਓਅੰ' ਵਿਸ਼ਨੂੰ, ਸ਼ਿਵ ਅਤੇ ਬ੍ਰਹਮਾ ਦੇ ਸਮੁਦਾਇ ਲਈ ਵਰਤਿਆ ਗਿਆ । 'ਓਅੰਕਾਰ' ਸ਼ਬਦ 'ਅਕਾਲ ਪੁਰਖ' ਦੇ ਅਰਥ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ, ਜਿਵੇਂ :—

ਓਅੰਕਾਰਿ ਬ੍ਰਹਮਾ_ਉਤਪਤਿ ॥ ਓਅੰਕਾਰ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰ ਬੇਦ ਨਿਰਮਏ ॥

{ਰਾਮਕਲੀ ਮਹਲਾ ੧ ਦਖਣੀ, ਓਅੰਕਾਰੁ}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਓਅੰਕਾਰਿ ਦੇ ਅਰਥ ਰਖਿਆ ਕਰਨ ਵਾਲਾ, ਕਰਤਾਰ, ਹਰੀ ਆਪ ਅਕਾਲ ਪੁਰਖ।

ਓਅੰਕਾਰਿ – "ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ।" (੮੮੫)

ਓਅੰਕਾਰੁ – "ਓਅੰਕਾਰੁ ਕੀਆ ਜਿਨਿ ਚਿਤਿ।" (੯੨੯)

## ਸਤਿਨਾਮੁ

ਉਹ ਪ੍ਰਮਾਤਮਾ ਜੋ ਸਚਾ/ਸਦਾ ਸਥਿਰ (ਇੱਕ ਰਸ), ਨਾਮ, ਹਰ ਕਾਲ {ਸਮੇਂ} ਵਿੱਚ ਇੱਕ ਰਸ ਰਹਿਣ ਵਾਲਾ, ਪ੍ਰਭੂ ਦੇ ਇੱਕ ਗੁਣ ਦਾ ਲਖਾਇਕ ਉਸ ਦਾ ਨਾ ਸਤਿ ਹੈ ਜੋ ਸਦਾ ਅਟੱਲ ਹੈ।

"ਸਤਿਨਾਮੁ ਪ੍ਰਭੁ ਕਾ ਸੁਖਦਾਈ।" (੨੮੪)

"ਜਪਿ ਮਨ ਸਤਿਨਾਮੁ ਸਦਾ ਸਤਿਨਾਮੁ।" (੬੭੦)

## ਕਰਤਾ

ਕਰਤਾ ਤੋਂ ਭਾਵ ਹੈ ਬਣਾਉਣ ਵਾਲਾ, ਸਿਰਜਣਹਾਰ,ਉਹ ਪ੍ਰਭੂ ਕਰਤਾਰ ਜੋ ਕਿ ਸ੍ਰਿਸਟੀ ਦੀ ਸਿਰਜਣਾ ਕਰਕੇ ਚਲਾ ਰਿਹਾ ਹੈ ਫਿਰ ਸੰਭਾਲ ਵੀ ਕਰ ਰਿਹਾ ਹੈ ਅਤੇ ਰਿਜ਼ਕ ਵੀ ਪਹੁੰਚਾ ਰਿਹਾ ਹੈ।ਗੁਰਬਾਣੀ ਅਨੁਸਾਰ ਇਸ ਤਰ੍ਹਾਂ ਵੀ ਅਰਥ ਭਾਵ ਆਉਂਦਾ ਹੈ।

(੧) ਬਣਾਨ ਵਾਲਾ, ਸਿਰਜਣਹਾਰ "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"(੪)

(੨) ਉਹ ਪ੍ਰਮਾਤਮਾ ਜੋ ਕਰਨਹਾਰ, ਕਰਨ ਵਾਲਾ ਸਭ ਉਸ ਦੇ ਹੱਥ ਹੈ।
-ਕਰਤਾ ਸਭੁ ਕੋ ਤੇਰੈ ਜੋਰਿ। (੧੭)



Scanned by CamScanner

(੩) ਕਰਦਾ, ਕਰਦਿਆਂ "ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ।"(੩੪)

## ਪੁਰਖੁ

ਸੰਸਕ੍ਰਿਤ ਵਿੱਚ ਵਿਉਤਪੱਤੀ ਅਨੁਸਾਰ ਇਸ ਲਫ਼ਜ ਦਾ ਅਰਥ ਇਸ ਤਰ੍ਹਾਂ ਕੀਤਾ ਗਿਆ ਹੈ, 'ਪੂਰਿ ਸ਼ੇਤੇ ਇਤਿ ਪੁਰੁਸ਼ਹ', ਭਾਵ, ਜੋ ਸਰੀਰ ਵਿੱਚ ਲੇਟਿਆ ਹੋਇਆ ਹੈ। ਸੰਸਕ੍ਰਿਤ ਵਿੱਚ ਆਮ ਪ੍ਰਚਿਲੱਤ ਅਰਥ ਹੈ 'ਮਨੁੱਖ' ।ਜੋ ਹਰ ਸਰੀਰ ਵਿਚ ਵਿਆਪਕ ਹੈ। ਗੁਰਬਾਣੀ ਅੰਦਰ ਵੱਖ ਵੱਖ ਰੂਪਾਂ ਅੰਦਰ ਵੀ ਇਹ ਸ਼ਬਦ ਆਇਆ ਹੈ।

(੧) ਪਰਮਾਤਮਾ "ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।"
(੧੦)

(੨) ਸਮਰਥ "ਜਿਸੁ ਸਤਿਗੁਰੂ ਪੁਰਖੁ ਨ ਭੇਟਿਓ ਸੁ ਭਉ ਜਲਿ ਪਚੈ ਪਚਾਇ।"(੨੨)

(੩) ਮਹਾ ਪੁਰਖ, ਸ਼੍ਰੇਸ਼ਟ ਪੁਰਖ "ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅੰਹਕਾਰਿ।" (੩੪)

(੪) ਪਤੀ "ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ।(੭੮)

(੫) ਵਿਅਕਤੀ, ਜਨ, ਪੁਰਸ਼, ਮਨੁੱਖ "ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁ ਜਾਨੁ।" (੧੩੬)

(੬) ਮਰਦ, ਸੂਰਮਾ, ਬਹਾਦਰ "ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ।"
(੩੧੦)

(੭) ਆਦਮੀ, ਇਸਤ੍ਰੀ ਦੇ ਉਲਟ ਮਰਦ "ਕਉਨ ਕੋ ਪੁਰਖੁ ਕਉਨ ਕੀ ਨਾਰੀ।"
(੩੩੧)

(੮) ਜੀਵਾਤਮਾ ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ। (੬੦੭)

## ਨਿਰਭਉ

ਜਿਸ ਨੂੰ ਕਿਸੇ ਪ੍ਰਕਾਰ ਦਾ ਡਰ ਨਾ ਹੋਵੇ।



Scanned by CamScanner

(੧) ਡਰ ਰਹਿਤ, ਬਿਨਾਂ ਕਿਸੇ ਭੈ ਦੇ, ਨਿਡਰ, ਬੇਖੌਫ "ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ।" (੧੧)

(੨) ਡਰ ਰਹਿਤ ਹਰੀ "ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ।"(੫੧੬)

(੩) ਡਰ ਰਹਿਤ ਜੀਵ, ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਹੈ। "ਭੈ ਤੇ ਨਿਰਭਉ ਡਰਤਾ ਫਿਰੈ।" (੯੦੦)

## ਨਿਰਵੈਰੁ

ਉਹ ਪ੍ਰਭੂ ਪ੍ਰਮਾਤਮਾ ਜਿਸ ਦਾ ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਕੋਈ ਵੈਰ ਨਾ ਹੋਵੇ।

(੧) ਵੈਰ ਰਹਿਤ "ਤੂੰ ਨਿਰਵੈਰੁ ਸੰਤ ਤੇਰੇ ਨਿਰਮਲ।" (੧੦੮)

(੨) ਵੈਰ ਰਹਿਤ ਪ੍ਰਭੂ "ਨਿਰਾਹਾਰੀ ਨਿਰਵੈਰੁ ਸਮਾਇਆ।" (੧੦੮੨)

## ਅਕਾਲ ਮੂਰਤਿ

ਵਾਹਿਗੁਰੂ ਉਹ ਹਸਤੀ ਹੈ ਜੋ ਕਿ ਸਮੇਂ ਦੀ ਪਕੜ ਤੋਂ ਪਰੇ ਹੈ। ਉਸ ਨੂੰ ਕੋਈ ਖਤਮ ਨਹੀਂ ਕਰ ਸਕਦਾ।

"ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।" (੧੦੩੮)

"ਅਕਾਲ ਮੂਰਤਿ।"ਜਪੁ* (੧)

ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ।" (੯੧੬)

"ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।" (੧੦੮੨)

ਜਦੋਂ ਵਿਆਕਰਣ ਦੇ ਰਾਹੀਂ ਵਿਚਾਰ ਦੇ ਹਾਂ ਤਾਂ ਲਫਜ਼ 'ਮੂਰਤਿ' ਇਸਤ੍ਰੀ ਲਿੰਗ ਹੈ, 'ਅਕਾਲ' ਇਸ ਦਾ ਵਿਸ਼ੇਸ਼ਣ ਹੈ। ਇਹ ਵੀ ਇਸਤ੍ਰੀ ਲਿੰਗ ਰੂਪ ਵਿੱਚ ਲਿਖਿਆ ਗਿਆ ਹੈ। ਜੇ ਸ਼ਬਦ 'ਅਕਾਲ' ਇਕੱਲਾ ਹੀ 'ਪੁਰਖੁ', 'ਨਿਰਭਉ',ਨਿਰਵੈਰੁ' ਵਾਂਗ ੴ ਦਾ ਗੁਣ-ਵਾਚਕ ਹੁੰਦਾ ਤਾਂ ਪੁਲਿੰਗ ਰੂਪ ਵਿੱਚ ਹੁੰਦਾ ਤਾਂ ਇਸ ਦੇ ਅੰਤ ਵਿੱਚ( _ ) ਹੁੰਦਾ। ਸ਼ਬਦ 'ਮੂਰਤਿ' ਤੇ 'ਮੂਰਤੁ' ਦਾ ਭੇਦ ਜਾਨਣਾ ਜ਼ਰੂਰੀ ਹੈ। 'ਮੂਰਤਿ' ਸਦਾ ( ਿ ) ਨਾਲ ਲਿਖੀਦੀ ਹੈ ਅਤੇ ਇਸਤ੍ਰੀ ਲਿੰਗ ਹੈ। ਇਸ ਦਾ ਅਰਥ ਹੈ 'ਸਰੂਪ'। ਸੰਸਕ੍ਰਿਤ ਦਾ ਸ਼ਬਦ ਹੈ । ਲਫਜ਼ 'ਮੂਰਤੁ' ਸੰਸਕ੍ਰਿਤ ਦਾ ਲਫਜ਼ 'ਮੁਹੂਰਤ' ਹੈ। ਚਸਾ, ਮੁਹੂਰਤ ਆਦਿਕ ਸ਼ਬਦ ਸਮੇਂ ਦੀ ਵੰਡ ਵਿੱਚ ਵਰਤੀਂਦੇ ਹਨ। ਇਹ ਸ਼ਬਦ ਪੁਲਿੰਗ ਹਨ।



Scanned by CamScanner

## ਅਜੂਨੀ

ਜੂਨਾਂ ਤੋਂ ਰਹਿਤ, ਜੋ ਜਨਮ ਵਿਚ ਨਹੀਂ ਆਉਂਦਾ ।

"ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾ ਜੀਉ।"(੯੯)

"ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ।" (੧੧੮)

## ਸੈਭੰ

ਸ੍ਵਯੰਭੂ (ਸ੍ਵ-ਸ੍ਵਯੰ । ਭੰ-ਭੂ) ਆਪਣੇ ਆਪ ਤੋਂ ਹੋਣ ਵਾਲਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ।ਆਪਣੇ ਆਪ ਤੋਂ ਉਪਜਣ ਵਾਲਾ, ਜੋ ਕਿਸੇ ਤੋਂ ਬਣਿਆ ਨਹੀਂ ਤੇ ਨਾ ਹੀ ਉਸ ਨੂੰ ਕੋਈ ਬਣਾ ਸਕਦਾ ਹੈ।

## ਗੁਰਪ੍ਰਸਾਦਿ ॥

ਗੁਰੂ ਦੀ ਕਿਰਪਾ ਨਾਲ ਹੀ ਪ੍ਰਮਾਤਮਾ ਮਿਲ ਸਕਦਾ ਹੈ।

ਤਿਨੀ ਗੁਰਪਰਸਾਦਿ ਪਰਮ ਪਦੁ ਪਾਇਆ।" (੧੦੭੧)

"ਗੁਰਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ।" (੩੦)

## ਜਪੁ

ਪੰਨਾ- ੧

ਇਸ ਬਾਣੀ ਦਾ ਨਾਮ 'ਜਪੁ' ਹੈ ।ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਹੋਈ ਹੈ।ਇਸ ਬਾਣੀ ਦੇ ਅੰਦਰ ੨ ਸਲੋਕ ਅਤੇ ੩੮ ਪਉੜੀਆਂ ਆਉਦੀਆਂ ਹਨ।ਇਹ ਬਾਣੀ ਰਾਗ ਰਹਿਤ ਬਾਣੀ ਹੈ।ਇਹ ਬਾਣੀ ਨਿਤਨੇਮ ਵਿੱਚ ਅੰਮ੍ਰਿਤ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਹੈ।ਇਹ ਬਾਣੀ ਅੰਮ੍ਰਿਤ ਸੰਚਾਰ ਸਮੇਂ ਪਹਿਲੀ ਬਾਣੀ ਦੇ ਰੂਪ ਵਿੱਚ ਪੜ੍ਹੀ ਜਾਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅੰਕਿਤ ਕੀਤੀ ਹੋਈ ਪਹਿਲੀ ਬਾਣੀ ਹੀ "ਜਪੁ" ਹੈ। ਗੁਰੂ ਨਾਨਕ ਦੇਵ ਜੀ ਨੇ 'ਜੱਪੁ' ਜੀ ਦੇ ਅਰੰਭ ਵਿਚ ਤੇ ਅਖ਼ੀਰ ਵਿਚ ਉਹੀ ਪੁਰਾਤਨ ਤਰੀਕਾ ਵਰਤਿਆ ਹੈ। ਇਸ ਬਾਣੀ ਦੇ ਅਸਲ ਮਜ਼ਮੂਨ ਦੀਆਂ ੩੮ ਪਉੜੀਆਂ ਹਨ। ਪਹਿਲੀ ਪਉੜੀ ਵਿਚ ਮਨੁੱਖਾ ਜੀਵਨ ਦੇ ਇਕ ਜ਼ਰੂਰੀ ਪਹਿਲੂ ਬਾਰੇ ਜੋ ਸਵਾਲ ਛੇੜਿਆ ਹੈ ਕਿ ਜੀਵ



Scanned by CamScanner

ਦੀ ਪ੍ਰਭੂ ਨਾਲੋਂ ਪਈ ਵਿੱਥ ਕਿਵੇਂ ਦੂਰ ਹੋ ਸਕਦੀ ਹੈ, ਉਸ ਦੇ ਕਈ ਅੰਗ ਉਪਾਂਗ ਲੈ ਕੇ ਇਹਨਾਂ ਸਾਰੀਆਂ ਪਉੜੀਆਂ ਵਿਚ ਖੁਲ੍ਹੀ ਵਿਚਾਰ ਕੀਤੀ ਹੈ। ਇਹ ੩੮ ਪਉੜੀਆਂ ਜਪੁ ਜੀ ਦੇ ਮਜ਼ਮੂਨ ਦਾ ਮੁਕਮੰਲ ਆਕਾਰ ਹਨ। ਪਰ, ਇਹਨਾਂ ਤੋਂ ਛੁਟ ਦੋ ਸਲੋਕ ਭੀ ਹਨ, ਇਕ ਅਰੰਭ ਵਿਚ ਤੇ ਇਕ ਅਖ਼ੀਰ ਵਿਚ। ਮੁਢੱਲੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਆਪਣੇ ਇਸ਼ਟ ਅਕਾਲ ਪੁਰਖ ਦਾ ਸਰੂਪ ਬਿਆਨ ਕਰਦੇ ਹਨ ਕਿ ਉਹ ਸਦਾ ਹੀ ਹੋਂਦ ਵਾਲਾ ਹੈ, ਸਦਾ ਹੀ ਕਾਇਮ ਹੈ। ਅਖ਼ੀਰਲੇ ਸਲੋਕ ਵਿਚ ਸਤਿਗੁਰੂ ਜੀ ਨੇ ਉਸ ਸਾਰੇ ਮਜ਼ਮੂਨ ਦਾ 'ਨਿਚੋੜ' ਦਿੱਤਾ ਹੈ, ਜਿਸ ਉੱਤੇ ੩੮ ਪਉੜੀਆਂ ਵਿਚ ਖੁਲ੍ਹੀ ਵਿਚਾਰ ਕੀਤੀ ਗਈ ਹੈ।

## ਸੋ ਦਰੁ

ਪੰਨਾ-੮

ਉਸ ਮਾਲਿਕ ਦਾ ਦਰ ਜਾਂ ਦਰਵਾਜ਼ਾ ਜਿਸ ਉਪਰ ਬੈਠ ਕੇ ਪ੍ਰਮਾਤਮਾ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਸਾਰੇ ਸੰਸਾਰ ਨੂੰ ਪੈਦਾ ਕਰਕੇ, ਚਲਾ ਰਿਹਾ ਹੈ ਅਤੇ ਇਸ ਸੰਸਾਰ ਤੋਂ ਲੈ ਜਾਣ ਵਾਲਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦੂਜਾ ਸਿਰਲੇਖ ਹੈ। ਜੋ ਕਿ ਰਹਿਰਾਸ ਦੀ ਬਾਣੀ ਦਾ ਸਿਰਲੇਖ ਹੈ। ਇਸ ਸਿਰਲੇਖ ਹੇਠਾਂ ਪੰਜ ਸ਼ਬਦ ਆਉਦੇ ਹਨ। ਇਹ ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੩ ਵਾਰ ਆਇਆ ਹੈ। ਜਪੁ ਬਾਣੀ ਦੇ ਅੰਦਰ ੨੭ ਵੀਂ ਪਉੜੀ(ਅੰਗ ੬),ਸਿਰਲੇਖ ਦੇ ਨਾਲ ਸਬਦ ਅੰਗ ੮,ਆਸਾ ਰਾਗ ਦੇ ਅਰੰਭ ਵਿੱਚ ਅੰਗ ੩੪੭ ਆਉਦੇ ਹਨ। ਪਰ ਜਦੋਂ ਪੂਰੇ ਧਿਆਨ ਨਾਲ ਪੜ੍ਹਦੇ ਹਾਂ ਤਾਂ ਲਗਾਂ ਮਾਤਰਾ ਦੇ ਫ਼ਰਕ ਆਉਂਦੇ ਹਨ।

## ਸੋ ਪੁਰਖੁ

ਪੰਨਾ ੧੦

ਉਹ ਪਰਮਾਤਮਾ ਸਾਰੇ ਜੀਵਾਂ ਵਿਚ ਵਿਆਪਕ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਤੀਜਾ ਸਿਰਲੇਖ ਹੈ। ਜੋ ਕਿ ਰਹਿਰਾਸ ਦੀ ਬਾਣੀ ਦਾ ਸਿਰਲੇਖ ਹੈ। ਇਸ ਸਿਰਲੇਖ ਹੇਠਾਂ ੪ ਸ਼ਬਦ ਆਉਦੇ ਹਨ।

ਸਾਧਾਰਨ ਤੌਰ ਤੇ ਹਰੇਕ ਸੰਗ੍ਰਹਿ ਦੇ ਸ਼ਬਦ ਮ: ੧ ਦੇ ਸ਼ਬਦਾਂ ਨਾਲ ਹੀ ਸ਼ੁਰੂ ਹੁੰਦੇ ਹਨ। ਬਾਅਦ ਵਿੱਚ ਬਾਕੀ ਗੁਰ-ਵਿਅਕਤੀਆਂ ਦੇ ਲੜੀਵਾਰ ਸ਼ਬਦ ਆਉਂਦੇ ਹਨ। ਪਰ ਸੰਗ੍ਰਹਿ 'ਸੋ ਪੁਰਖੁ' ਦਾ ਪਹਿਲਾ ਸ਼ਬਦ ਹੀ ਗੁਰੂ ਰਾਮਦਾਸ ਜੀ ਦਾ ਆਉਂਦਾ ਹੈ। ਇਸ ਵਾਸਤੇ ਗੁਰੂ ਰਾਮਦਾਸ ਜੀ ਦਾ ਦੂਜਾ ਸ਼ਬਦ ਵੀ ਨਾਲ ਹੀ ਦੇ ਕੇ ਅੱਗੇ ਬਾਕੀ ਦੀ ਤਰਤੀਬ ਸਿਲਸਿਲੇ-ਵਾਰ ਰੱਖੀ ਹੈ । ਜੇ ਇਹ ਦੋਵੇਂ ਸੰਗ੍ਰਹਿ ਵੱਖ ਵੱਖ ਨਾ ਹੁੰਦੇ ਤਾਂ ਇਹਨਾਂ ਦੀ ਅਸਲ ਤਰਤੀਬ ਇਸ ਤਰ੍ਹਾਂ ਹੁੰਦੀ :-



Scanned by CamScanner

ਮ: ੧—ਸੋਦਰੁ ਕੇਹਾ, ਸੁਣਿ ਵਡਾ, ਆਖਾ ਜੀਵਾ, ਤਿਤੁ ਸਰਵਰੜੈ (੪ ਸ਼ਬਦ)

ਮ: ੪—ਹਰਿ ਕੇ ਜਨ, ਸੋ ਪੁਰਖੁ, ਤੂੰ ਕਰਤਾ . . . . . .(੩ ਸ਼ਬਦ)

ਮ: ੫—ਕਾਹੇ ਰੇ ਮਨ; ਭਈ ਪਰਾਪਤਿ . . . . . .(੨ ਸ਼ਬਦ)

. . . . . ਜੋੜ . . . . . ੯ ਸ਼ਬਦ

## ਸੋਹਿਲਾ

ਪੰਨਾ-੧੨

ਇਹ ਬਾਣੀ ਦਾ ਨਾਮ ਹੈ। ਇਹ ਬਾਣੀ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਰਾਤ ਨੂੰ ਸੌਣ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਹੈ। ਛੋਟੇ ਅਕਾਰ ਦੀ ਬਾਣੀ ਹੈ। ਇਸ ਬਾਣੀ ਦੇ ਅੰਦਰ ੫ ਸ਼ਬਦ ਆਉਂਦੇ ਹਨ। ਪੁਰਤਾਨ ਸਮੇਂ ਤੋਂ ਸੱਭਿਆਚਾਰ ਵਿੱਚ ਵਿਆਹ ਦੇ ਸਮੇਂ ਪਹਿਲਾਂ ਮਾਂਈਏਂ ਪੈਣ ਦੀ ਰਸਮ ਹੁੰਦੀ ਹੈ। ਜਿਸ ਦੇ ਅੰਦਰ ਚਾਚੀਆਂ, ਤਾਈਆਂ, ਭਰਜਾਈਆਂ, ਸਹੇਲੀਆਂ ਰਲਕੇ ਵਿਆਹ ਵਾਲੀ ਕੁੜੀ ਦੇ ਸਿਰ ਵਿੱਚ ਤੇਲ ਪਾਂਦੀਆਂ ਹਨ। ਉਸ ਨੂੰ ਇਸ਼ਨਾਨ ਕਰਾਂਦੀਆਂ ਹਨ ਅਤੇ ਨਾਲ-ਨਾਲ ਸੁਹਾਗ ਦੇ ਗੀਤ ਗਾਉਂਦੀਆਂ ਹਨ। ਕਿ ਵਿਆਹ ਲੜਕੀ ਪਤੀ ਦੇ ਘਰ ਜਾ ਕੇ ਸੁੱਖੀ ਵੱਸਣ ਲਈ ਅਸੀਸਾਂ ਦੇਂਦੀਆਂ ਹਨ। ਉਹਨੀਂ ਦਿਨੀਂ ਰਾਤ ਨੂੰ ਗਾਵਣ ਬੈਠੀਆਂ ਔਰਤਾਂ ਵੀ ਸੋਹਿਲੜੇ ਜਾਂ ਸੁਹਾਗ ਦੇ ਗੀਤ ਗਾਉਂਦੀਆਂ ਹਨ। ਇਹਨਾਂ ਗੀਤਾਂ ਵਿੱਚ ਅਸੀਸਾਂ ਤੇ ਸੁਹਾਗ ਦੇ ਗੀਤ ਵੀ ਹੁੰਦੇ ਹਨ ਅਤੇ ਵੈਰਾਗ ਦੇ ਗੀਤ ਵੀ ਕਿਉਂਕਿ ਇੱਕ ਪਾਸੇ ਤਾਂ ਕੁੜੀ ਨੇ ਵਿਆਹੀ ਜਾ ਕੇ ਆਪਣੇ ਪਤੀ ਦੇ ਘਰ ਜਾਣਾ ਹੈ, ਦੂਜੇ ਪਾਸੇ ਉਸ ਕੁੜੀ ਦਾ ਮਾਪਿਆਂ, ਭੈਣਾਂ, ਭਰਾਵਾਂ, ਸਹੇਲੀਆਂ, ਚਾਚੀਆਂ, ਤਾਈਆਂ, ਭਰਜਾਈਆਂ ਆਦਿਕ ਨਾਲੋਂ ਵਿਛੋੜਾ ਵੀ ਹੋਣਾ ਹੁੰਦਾ ਹੈ। ਇਹਨਾਂ ਗੀਤਾਂ ਵਿੱਚ ਇਹ ਦੋਵੇਂ ਮਿਲਵੇਂ ਭਾਵ ਹੁੰਦੇ ਹਨ। ਜਿਵੇਂ ਵਿਆਹ ਲਈ ਸਮਾਂ ਨਿਸਚਿਤ ਕੀਤਾ ਜਾਂਦਾ ਹੈ। ਉਸ ਨਿਸਚਿਤ ਸਮੇਂ ਉਤੇ ਹੀ ਹੱਥ-ਲੇਵੇਂ ਆਦਿਕ ਕਰਨ ਦਾ ਪੂਰਾ ਜਤਨ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਹਰੇਕ ਜਿੰਦ-ਕੁੜੀ ਦਾ ਉਹ ਸਮਾਂ ਭੀ ਪਹਿਲਾਂ ਹੀ ਮਿਥਿਆ ਜਾ ਚੁੱਕਾ ਹੈ, ਜਦੋਂ ਮੌਤ ਦੀ ਸਾਹੇ-ਚਿੱਠੀ ਆਉਂਦੀ ਹੈ ਤੇ ਇਸ ਨੇ ਸਾਕਾਂ ਸੰਬੰਧੀਆਂ ਤੋਂ ਵਿੱਛੜ ਕੇ ਇਸ ਜਗਤ-ਪੇਕੇ ਘਰ ਨੂੰ ਛੱਡ ਕੇ ਪ੍ਰਲੋਕ ਵਿੱਚ ਜਾਣਾ ਹੈ।

ਇਸ ਸ਼ਬਦ ਵਿੱਚ ਜੀਵ ਰੂਪੀ ਆਤਮਾ-ਕੁੜੀ ਨੂੰ ਸਮਝਾਇਆ ਹੈ ਕਿ ਸਤਿਸੰਗ ਵਿੱਚ ਸੁਹਾਗ ਦੇ ਗੀਤ ਗਾਇਆ ਕਰ, ਤੇ ਸੁਣਿਆ ਕਰ । ਸਤ-ਸੰਗ, ਮਾਨੋ, ਮਾਂਈਏਂ ਪੈਣ ਦੀ ਥਾਂ ਹੈ। ਸਤਸੰਗੀ ਸਹੇਲੀਆਂ ਇਥੇ ਇੱਕ ਦੂਜੀ ਸਹੇਲੀ ਨੂੰ ਅਸੀਸਾਂ ਦੇਂਦੀਆਂ ਹਨ। ਅਰਦਾਸ ਕਰਦੀਆਂ ਹਨ ਕਿ ਪ੍ਰਲੋਕ ਨੂੰ ਜਾਣ ਵਾਲੀ ਸਹੇਲੀ ਨੂੰ ਪ੍ਰਭੂ-ਪਤੀ ਦਾ ਮਿਲਾਪ ਹੋਵੇ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖ-ਵੱਖ ਅਰਥਾਂ ਵਿੱਚ ਆਉਂਦੇ ਹਨ।



Scanned by CamScanner

(੧) ਜਸ/ਕੀਰਤ/ਵਡਿਆਈ ਦਾ ਗੀਤ "ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।"(੧੨)

(੨) ਜਸ, ਵਡਿਆਈ "ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ।"
(੭੬੯)
"ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ।" (੮੫੪)

(੩) ਖੁਸ਼ੀ ਦਾ ਗੀਤ "ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ।" (੭੭੦)

## ਰਾਗੁ

ਰਾਗੁ ਉਹ ਸੁੰਦਰ ਸਵਰ ਰਚਨਾ ਹੈ ਜੋ ਸਾਡੇ ਮਨਾਂ ਦੇ ਅੰਦਰ ਅਨੰਦ ਪੈਦਾ ਕਰਦਾ ਹੈ।ਸਵਰਾਂ ਦਾ ਵਰਣਾਂ ਦੁਆਰਾ ਪ੍ਰਯੋਗ ਹੀ ਰਾਗੁ ਹੈ। ਰਾਗੁ ਇੱਕ ਸੂਖਮ ਕਲਾ ਹੈ ਜਿਸਨੂੰ ਕੇਵਲ ਕਲਾਕਾਰਾਂ ਨੇ ਹੀ ਨਹੀਂ ਵਰਤਿਆ ਬਲਕਿ ਰਿਸ਼ੀਆਂ,ਮੁਨੀਆਂ,ਜੋਗੀਆਂ,ਫਕੀਰਾਂ,ਪੀਰਾਂ ਨੇ ਵੀ ਆਪਣੇ ਹਿਰਦੇ ਦੇ ਅੰਦਰ ਵਿਸੇਸ਼ ਥਾਂ ਦਿੱਤੀ ਹੈ।ਗੁਰਬਾਣੀ ਦੇ ਅੰਦਰ ਰਾਗ ਦੇ ਵੀ ਹੇਠਾਂ ਲਿਖੇ ਅਰਥ ਆਉਂਦੇ ਹਨ।

(੧) ਸੁਰਪ੍ਰਬੰਧ ਦੇ ਲਈ "ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।"(੬)

(੨) ਰਸ "ਗੁਰਮੁਖਿ ਰਾਗ ਸੁਆਦ ਅਨ ਤਿਆਗੇ।" (੪੧੫)

(੩) ਪ੍ਰੀਤ, ਮੋਹ "ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।"(੭੮੫)

ਰਾਗ਼ੁ ਥਾਟ ਤੋਂ ਬਣਦੇ ਹਨ।ਰਾਗੁ ਵਿੱਚ ਘੱਟ ਤੋਂ ਘੱਟ ੫ ਸੁਰਾਂ ਦਾ ਪ੍ਰਯੋਗ ਜਰੂਰੀ ਹੈ।ਰਾਗੁ ਵਿੱਚ ਸ਼ਾੜਜ ਸਵਰ ਵਰਜਿਤ ਨਹੀ ਕੀਤਾ ਜਾ ਸਕਦਾ।ਰਾਗੁ ਵਿੱਚੋ ਮੱਧਮ ਜਾਂ ਪੰਚਮ ਇੱਕ ਹੀ ਸਵਰ ਵਰਜਿਤ ਕੀਤਾ ਜਾ ਸਕਦਾ ਹੈ ਦੋਵੇਂ ਨਹੀਂ।ਰਾਗ ਵਿੱਚ ਵਾਦੀ ਸੰਵਾਦੀ ਸੁਰ ਹੋਣੇ ਜਰੂਰੀ ਹਨ ਤਾਂ ਕਿ ਰਾਗੁ ਦਾ ਸਰੂਪ ਠੀਕ ਬਣ ਸਕੇ।ਰਾਗਾਂ ਦੀਆਂ ੩ ਜਾਤੀਆਂ ਪ੍ਰਮੁੱਖ ਹਨ।

੧. ਸੰਪੂਰਨ, ੨. ਸ਼ਾੜਵ, ੩. ਔੜਵ

ਇਹਨਾਂ ਦੀਆਂ ੯ ਜਾਤੀਆਂ ਵਿਦਵਾਨਾਂ ਨੇ ਮੰਨੀਆਂ ਹਨ।

੧. ਸੰਪੂਰਨ- ਸੰਪੂਰਨ-ਇਸ ਦੇ ਆਰੋਹ ਅਤੇ ਅਵਰੋਹ ਵਿੱਚ ੭-੭ ਸਵਰ ਲੱਗਦੇ ਹਨ।

੨. ਸੰਪੂਰਨ-ਸ਼ਾੜਵ- ਇਸ ਦੇ ਆਰੋਹ ਵਿੱਚ ੭ ਅਤੇ ਅਵਰੋਹ ਵਿੱਚ ੬ ਸਵਰ ਲੱਗਦੇ



Scanned by CamScanner

ਹਨ।

੩. ਸੰਪੂਰਨ-ਔੜਵ- ਇਸ ਦੇ ਆਰੋਹ ਵਿੱਚ ੭ ਅਤੇ ਅਵਰੋਹ ਵਿੱਚ ੫ ਸਵਰ ਲੱਗਦੇ ਹਨ।

੪. ਸ਼ਾੜਵ-ਸੰਪੂਰਨ- ਇਸ ਦੇ ਆਰੋਹ ਵਿੱਚ ੬ ਅਤੇ ਅਵਰੋਹ ਵਿੱਚ ੭ ਸਵਰ ਲੱਗਦੇ ਹਨ।

੫. ਸ਼ਾੜਵ-ਸਾੜਵ- ਇਸ ਦੇ ਆਰੋਹ ਵਿੱਚ ੬ ਅਤੇ ਅਵਰੋਹ ਵਿੱਚ ੬ ਸਵਰ ਲੱਗਦੇ ਹਨ।

੬. ਸ਼ਾੜਵ-ਔੜਵ- ਇਸ ਦੇ ਆਰੋਹ ਵਿੱਚ ੬ ਅਤੇ ਅਵਰੋਹ ਵਿੱਚ ੫ ਸਵਰ ਲੱਗਦੇ ਹਨ।

੭. ਔੜਵ-ਸੰਪੂਰਨ- ਇਸ ਦੇ ਆਰੋਹ ਵਿੱਚ ੫ ਅਤੇ ਅਵਰੋਹ ਵਿੱਚ ੭ ਸਵਰ ਲੱਗਦੇ ਹਨ।

੮. ਔੜਵ-ਸ਼ਾੜਵ- ਇਸ ਦੇ ਆਰੋਹ ਵਿੱਚ ੫ ਅਤੇ ਅਵਰੋਹ ਵਿੱਚ ੬ ਸਵਰ ਲੱਗਦੇ ਹਨ।

੯. ਔੜਵ-ਔੜਵ- ਇਸ ਦੇ ਆਰੋਹ ਵਿੱਚ ੫ ਅਤੇ ਅਵਰੋਹ ਵਿੱਚ ੫ ਸਵਰ ਲੱਗਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦੋ ਦੋ ਮਿਲਵੇਂ ਰਾਗ ਵੀ ਆਉਂਦੇ ਹਨ ਜਿਵੇਂ—

(੧) ਗਉੜੀ ਮਾਝ, (੨) ਆਸਾ ਕਾਫੀ, (੩) ਤਿਲੰਗ ਕਾਫੀ, (੪) ਸੂਹੀ ਕਾਫੀ, (੫) ਸੂਹੀ ਲਲਿਤ, (੬) ਬਿਲਾਵਲ ਗੌਂਡ, (੭) ਮਾਰੀ ਕਾਫੀ, (੮) ਬਸੰਤ ਹਿੰਡੋਲ, (੯) ਕਲਿਆਣ ਭੋਪਾਲੀ, (੧੦) ਪ੍ਰਭਾਤੀ ਬਿਭਾਸ, (੧੧) ਰਾਗ ਆਸਾ ਵਿਚ 'ਆਸਾਵਰੀ' ਭੀ ਦਿੱਤਾ ਗਿਆ ਹੈ।

ਇਸ ਤਰ੍ਹਾਂ ੩੧ ਰਾਗਾਂ ਤੋਂ ਇਲਾਵਾ ਹੇਠ ਲਿਖੇ ੬ ਹੋਰ ਰਾਗ ਵੀ ਵਰਤੇ ਗਏ ਹਨ-

ਲਲਿਤ, ਆਸਾਵਰੀ, ਹਿੰਡੋਲ, ਭੋਪਾਲੀ, ਬਿਭਾਸ ਅਤੇ ਕਾਫੀ ।

## ਰਾਗਾਂ ਦੀ ਤਰਤੀਬ ਬਾਰੇ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੀ ਲੜੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਹ ਦੱਸਣਾ ਜਰੂਰੀ ਹੈ ਤਾਂ ਕਿ ਸਮਝਣ ਦਾ ਸੌਖ ਹੋ ਸਕੇ। ਬਾਣੀ ਦੀ ਅੰਦਰਲੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਇਕ ਖ਼ਾਸ ਤਰੀਕੇ ਨਾਲ ਤਰਤੀਬ ਦੇ ਕੇ ਲਿਖੀ ਗਈ ਹੈ, ਅਤੇ



Scanned by CamScanner

ਉਹ ਤਰੀਕਾ ਹੀ ਸਾਰੀ ਬਾਣੀ ਵਿੱਚ ਮਿਲਦਾ ਹੈ। ਕਿਸੇ ਇੱਕ 'ਰਾਗ' ਨੂੰ ਲੈ ਲਵੋ। ਹਰੇਕ ਰਾਗ ਨੂੰ ੫ ਭਾਗਾਂ ਵਿੱਚ ਵੰਡ ਸਕਦੇ ਹਾਂ।

੧. ਸ਼ਬਦ ੨.ਅਸਟਪਦੀਆਂ ੩. ਛੰਤ ੪. ਵਾਰ ੫. ਭਗਤਾਂ ਦੀ ਬਾਣੀ।

ਸਭ ਤੋਂ ਪਹਿਲਾਂ 'ਸ਼ਬਦ' ਫਿਰ 'ਅਸਟਪਦੀਆਂ', ਫਿਰ 'ਛੰਤ' ਆਦਿਕ ਦਰਜ ਹਨ। ਜੇ ਕਿਸੇ ਸਤਿਗੁਰੂ ਜੀ ਦੀ ਕੋਈ ਹੋਰ ਖ਼ਾਸ ਬਾਣੀ ਜਿਵੇਂ ਥਿਤੀ, ਵਾਰ ਸਤ, ਸੁਖਮਨੀ,ਅਨੰਦ ਆਦਿਕ ਆਈ ਹੈ ਤਾਂ ਉਹ 'ਛੰਤ' ਤੋਂ ਪਹਿਲਾਂ ਦਰਜ ਕੀਤੀ ਗਈ ਹੈ। ਅੰਤ ਵਿੱਚ 'ਰਾਗ ਦੀ ਵਾਰ', ਅਤੇ ਵਾਰ ਤੋਂ ਪਿਛੋਂ ਭਗਤਾਂ ਦੀ ਬਾਣੀ ਆਉਂਦੀ ਹੈ। ਸ਼ਬਦ, ਅਸਟਪਦੀ,ਛੰਤ ਆਦਿਕ ਦੀ ਵੀ ਆਪਣੀ ਅੰਦਰਲੀ ਖ਼ਾਸ ਤਰਤੀਬ ਹੈ। ਭਾਵ ਹਰੇਕ ਗੁਰ-ਵਿਅਕਤੀ ਦੀ ਬਾਣੀ ਕ੍ਰਮ-ਅਨੁਸਾਰ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ, (ਗੁਰੂ ਅੰਗਦ ਦੇਵ ਜੀ ਦੀ ਬਾਣੀ ਕੇਵਲ ੬੩ ਸ਼ਲੋਕ ਹਨ ਜੋ ਵਾਰਾਂ ਦੇ ਨਾਲ ਅੰਕਿਤ ਹਨ) ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਅੰਤ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਬਾਣੀ ਹੈ। ਜਿਸ 'ਰਾਗ' ਵਿੱਚ ਗੁਰੂ ਤੇਗ ਬਹਾਦਰ ਜੀ ਦੇ 'ਸ਼ਬਦ' ਹਨ, ਉਹ ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦਾਂ ਤੋਂ ਪਿੱਛੋਂ ਹਨ। ਇਸੇ ਤਰ੍ਹਾਂ ਦੀ ਤਰਤੀਬ ਭਗਤਾਂ ਦੀ ਬਾਣੀ ਵਿੱਚ ਵੀ ਆਉਂਦੀ ਹੈ—ਪਹਿਲਾਂ ਭਗਤ ਕਬੀਰ ਜੀ, ਫਿਰ ਭਗਤ ਨਾਮਦੇਵ ਜੀ, ਫਿਰ ਭਗਤ ਰਵਿਦਾਸ ਜੀ, ਇਤਿਆਦਿਕ ।

ਜਿਹੜੀ ਬਾਣੀ 'ਰਾਗਾਂ' ਤੋਂ ਵੱਖਰੀ ਹੈ, ਉਸ ਦੀ ਤਰਤੀਬ ਵੀ ਉੱਪਰਲੀ ਵਰਗੀ ਹੀ ਹੈ। ਉਸ ਉਪਰੰਤ ਸਹਸਕ੍ਰਿਤੀ ਸਲੋਕ, ਪਹਿਲਾਂ ਗੁਰੂ ਨਾਨਕ ਦੇਵ ਜੀ ਦੇ, ਫਿਰ ਗੁਰੂ ਅਰਜਨ ਦੇਵ ਜੀ ਦੇ। ਫਿਰ ਸਲੋਕ ਪਹਿਲਾਂ ਕਬੀਰ ਜੀ ਦੇ, ਫਿਰ ਸ਼ੇਖ ਫਰੀਦ ਜੀ ਦੇ ਆਉਂਦੇ ਹਨ। ਸਲੋਕ ਵਾਰਾਂ ਤੇ ਵਧੀਕ, ਹਰੇਕ 'ਗੁਰ-ਮਹਲ' ਦੇ ਪਹਿਲੀ ਹੀ ਤਰਤੀਬ ਨਾਲ । ਜਿਵੇਂ 'ਵਾਰਾਂ ਤੇ ਵਧੀਕ ਸਲੋਕ' ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਹਨ, ਫਿਰ ਗੁਰੂ ਅਮਰਦਾਸ ਜੀ ਦੇ, ਗੁਰੂ ਰਾਮਦਾਸ ਜੀ ਦੇ, ਅਤੇ ਅੰਤ ਵਿਚ ਗੁਰੂ ਅਰਜਨ ਦੇਵ ਜੀ ਦੇ ਹਨ, ਇਸੇ ਤਰ੍ਹਾਂ ਹੀ ਭੱਟਾਂ ਦੀ ਬਾਣੀ ਦਰਜ ਕੀਤੀ ਗਈ ਹੈ ਜੋ ਉਹਨਾਂ ਨੇ ਪੰਜ ਗੁਰ-ਮਹਲਾਂ ਵੀ ਉਸਤਤਿ ਵਿੱਚ ਉਚਾਰੀ ਹੈ।

## ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰੇਕ ਰਾਗ ਦੇ ਅੰਦਰ ਪਹਿਲਾ ਪ੍ਰਕਰਣ ਸ਼ਬਦ ਆਉਂਦੇ ਹਨ। ਰਾਗ ਦੀ ਸ਼ੁਰੂਆਤ ਵਿੱਚ ਸਬਦ ਆਉਂਦੇ ਹਨ। ਇਸ ਦੇ ਕਈ ਭੇਦ ਆਉਂਦੇ ਹਨ। ਜਿਵੇਂ- ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ, ਦੁਪਦੇ, ਦੁਪਦਾ, ਤਿਪਦੇ, ਤਿਪਦਾ, ਚਉਪਦਾ, ਪੰਚਪਦਾ ਆਦਿ ਆਉਂਦੇ ਹਨ। ਇਸ ਸ਼ਬਦ ਦੇ ਅਰਥ ੧੧ ਮਹਾਨ ਕੋਸ਼ ਦੇ ਕਰਤਾ ਪੰਥ ਰਤਨ ਕਾਨ੍ਹ ਸਿੰਘ ਨਾਭਾ ਜੀ ਨੇ ਕੀਤੇ ਨੇ।



Scanned by CamScanner

(੧) ਧੁਨਿ, ਸੁਰ,ਅਵਾਜ਼ "ਅਨਹਤਾ ਸਬਦ ਵਾਜੰਤ ਭੇਰੀ।" (੧੩)

(੨) ਗੁਰੂ ਦਾ ਸ਼ਬਦ/ਬਾਣੀ /ਗੁਰਬਾਣੀ "ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ।" (੫੬)

(੩) ਨਾਮ "ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ।" (੬੨)

(੪) ਉਪਦੇਸ਼,ਸਿੱਖਿਆ "ਬਿਨੁ ਗੁਰ ਸਬਦ ਨ ਸਵਰਸਿ ਕਾਜਾ।" (੨੨੫)

(੫) ਗੀਤ, ਸੋਹਲਾ, ਕਾਵਿ-ਇਕਾਈ "ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।" (੯੧੭)

(੬) ਵਿਚਾਰ, ਗੁਫਤਗੂ ਏਸੁ ਸਬਦ ਕਉ ਜੋ ਅਰਥਾਵੈ ਤਿਸ ਗੁਰ ਤਿਲੁ ਨ ਤਮਾਈ। (੯੪੦)

(੭) ਬਚਨ "ਸਬਦ ਸੂਰ ਬਲਵੰਡ ਕਾਮ ਅਰੁ ਕ੍ਰੋਧ ਬਿਨਾਸਨ।" (੧੩੯੧)

(੮) ਸਮੁੰਦਰ "ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"
(੯) ਆਚਰਣ, ਜੀਵਨ ਦਾ ਰਸਤਾ, ਵਤੀਰਾ "ਘੜੀਐ ਸਬਦੁ ਸਚੀ ਟਕਸਾਲ।
(੮)

(੧੦) ਸ਼ਬਦ ਦੇ ਉਦੇਸ਼ (ਮਕਸਦ) "ਨ ਸਬਦੁ ਬੂਝੈ ਨ ਜਾਣੈ ਬਾਣੀ।" (੬੬੫)

(੧੧) ਸੁਨੇਹਾ, ਪੈਗਾਮ "ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ।"
(੧੨੭੩)

## ੨. ਅਸਟਪਦੀਆਂ/ਅਸਟਪਦੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅਸਟਪਦੀ ੩੩ ਵਾਰ ਅਤੇ ਅਸਟਪਦੀਆਂ ੫੦ ਵਾਰੀਂ ਆਉਂਦੀਆਂ ਹਨ। ਅਸਟਪਦੀ ਤੋਂ ਭਾਵ ਜੋ ਰਚਨਾ ਅੱਠ ਪਦਾਂ ਵਾਲੀ, ਅੱਠ ਬੰਦਾਂ ਵਾਲੀ ਹੋਵੇ ਪ੍ਰੰਤੂ ਇਸ ਸਿਰਲੇਖ ਹੇਠਾਂ ੮ ਪਉੜੀਆਂ ਤੋ ਵੱਧ ਵੀ ਪਉੜੀਆਂ ਆਉਦੀਆਂ ਹਨ। ਇਹਨਾਂ ਦੀ ਗਿਣਤੀ ੩੨ ਤੱਕ ਵੀ ਆਉਂਦੀ ਹੈ। ਇਹ ਸਬਦ ੨੪ ਵਾਰ ਤਾਂ ਸੁਖਮਨੀ ਦੇ ਸਿਰਲੇਖ ਹੇਠਾਂ ਆਉਦੀ ਹੈ।

## ੩. ਛੰਤ/ਛਕੇ

ਛੰਤ ਕਾਵਿ ਰੂਪ ਦੀ ਇੱਕ ਕਿਸਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਕਈ



Scanned by CamScanner

ਪ੍ਰਕਾਰ ਦੇ ਛੰਤ ਵਰਤੇ ਗਏ ਹਨ।

੧. ਹੁਲਾਸ ਦਾ ਭੇਦ ਰੂਪ ਛੰਤ{ਛੰਦ} "ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥" {ਪੰਨਾ ੪੫੨}

੨. ਸੰਗੀਤ ਦੀ ਇੱਕ ਕਿਸਮ ਆਸਾ ਰਾਗ ਦੇ ਛੰਤਾਂ ਵਿੱਚ ਦੇਖਣ ਨੂੰ ਮਿਲਦੀ ਹੈ। ਜਿਸ ਦੇ ਅੰਦਰ ਹਰ ਚਰਣ ਵਿੱਚ ੨੫ ਮਾਤ੍ਰਾਂ ਆਉਂਦੀਆਂ ਹਨ। ਇਹਨਾਂ ਦੇ ਅੰਦਰ ੧੫-੧੦ ਮਾਤਰਾਂ ਤੇ ਵਿਸਰਾਮ ਲੱਗਦਾ ਹੈ ਅਤੇ ਅੰਤ ਵਿੱਚ ੨ ਗੁਰ ਲੱਗਦੇ ਹਨ।

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ {ਪੰਨਾ ੪੪੮}

ਛੰਤਾਂ ਦੇ ਸਮੂਹ ਨੂੰ ਛੱਕੇ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਆਸਾ ਰਾਗ ਦੇ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਦੇ ਦੁਆਰਾ ਲਿਖੇ ਹੋਏ ਛੰਤ/ਛਕੇ ਬਹੁਤ ਪ੍ਰਸਿੱਧ ਹਨ।

## ੪. 'ਵਾਰ'

ਪੰਜਾਬੀ ਸ਼ਬਦਾਂ ਵਿੱਚ ਲਫ਼ਜ਼ 'ਵਾਰ' ਵੀ ਦੂਜੇ ਲਫ਼ਜਾਂ ਦੇ ਵਾਂਗ ਸੰਸਕ੍ਰਿਤ ਬੋਲੀ ਵਿੱਚੋਂ ਆਪਣੇ ਅਸਲੀ ਰੂਪ ਵਿੱਚ ਹੀ ਪੰਜਾਬੀ ਬੋਲੀ ਵਿੱਚ ਟਿਕਿਆ ਆ ਰਿਹਾ ਹੈ। ਸੰਸਕ੍ਰਿਤ ਵਿੱਚ ਇਸ ਲਫ਼ਜ਼ ਦੇ ਕਈ ਅਰਥ ਹਨ, ਪੰਜਾਬੀ ਵਿੱਚ ਵੀ ਇਹ ਲਫ਼ਜ਼ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੈ ।

ਪੰਜਾਬੀ ਸਾਹਿਤ ਵਿੱਚ 'ਵਾਰ' ਉਸ ਕਵਿਤਾ ਨੂੰ ਆਖਿਆ ਜਾਂਦਾ ਹੈ। ਜਿਸ ਵਿੱਚ ਕਿਸੇ ਸੂਰਮੇ ਦੇ ਰਣ-ਭੂਮੀ ਆਦਿਕ ਵਿੱਚ ਵਿਖਾਈ ਗਈ ਸੂਰਮਤਾਈ {ਬਹਾਦਰੀ} ਦੇ ਕਿਸੇ ਖਾਸ ਕਰਤੱਬ ਦਾ ਜ਼ਿਕਰ ਕੀਤਾ ਜਾਂਦਾ ਹੈ। 'ਵਾਰ' ਵਿੱਚ ਕਿਸੇ ਮਨੁੱਖ ਦਾ ਸਾਰਾ ਜੀਵਨ ਨਹੀਂ ਵੇਖਿਆ ਜਾਂਦਾ ਬਲਕਿ ਜੀਵਨ ਵਿੱਚੋਂ ਕੋਈ ਇੱਕੋ ਉੱਘੀ ਝਾਕੀ ਵੇਖੀਂ ਜਾਂਦੀ ਹੈ। ਜਿਸ ਅੰਦਰ ਕੋਈ ਐਸੀ ਬਹਾਦਰੀ ਕਮਾਈ ਹੋਵੇ ਜਿਸ ਤੋਂ ਦੂਜਿਆਂ ਨੂੰ ਸਿੱਖਿਆ ਮਿਲ ਸਕੇ।

ਪਿੰਡਾਂ ਵਿੱਚ ਰਾਤ ਸਮੇਂ'ਜਾਗਰੇ' ਕਰਨ ਦੀ ਬਹੁਤ ਪੁਰਾਣੀ ਰੀਤ ਚਲੀ ਆਉਂਦੀ ਹੈ ।ਇਹ 'ਜਾਗਰਾ' ਆਮ ਤੌਰ ਤੇ ਦੇਵੀ ਦੇ ਵਾਰ ਤੇ ਕੀਤਾ ਜਾਂਦਾ ਹੈ। ਸਾਰੀ ਰਾਤ ਜਾਗਣ ਕਰਕੇ ਇਸ ਦਾ ਨਾਮ ਜਾਗਰਾ ਵੀ ਆਖਦੇ ਹਨ। ਜਾਗਰਾ ਸ਼ੁਰੂ ਕਰਨ ਲੱਗਿਆਂ ਪਹਿਲਾਂ ਦੇਵੀ ਦੀ ਉਪਮਾ ਵਿੱਚ ਭਜਨ ਗਾਏ ਜਾਂਦੇ ਹਨ, ਫਿਰ ਆਮ ਤੌਰ ਤੇ ਕੈਰਵਾਂ ਪਾਂਡਵਾਂ ਦੇ ਯੁੱਧ ਦੀ ਵਾਰ ਜਾਂ ਸ੍ਰੀ ਰਾਮ ਚੰਦ੍ਰ ਜੀ ਤੇ ਰਾਵਣ ਦੇ ਯੁੱਧ ਦੀ ਵਾਰ ਗਾਉਂਦੇ ਹਨ। ਇਹਨਾਂ 'ਵਾਰਾਂ' ਦੀ ਰਾਹੀਂ ਪਿੰਡਾਂ ਦੇ ਅਨ-ਪੜ੍ਹ ਇਸਤ੍ਰੀ ਮਰਦਾਂ ਵਿੱਚ ਵੀ ਹਿੰਦੂ ਧਰਮ ਦਾ ਪ੍ਰਭਾਵ ਜਿਉਂਦਾ ਟਿਕਿਆ ਰਹਿੰਦਾ ਹੈ। ਬੱਚਿਆਂ ਨੂੰ ਵੀ ਆਪਣੇ ਉਹਨਾਂ ਬਜ਼ੁਰਗਾਂ ਦੇ ਨਾਮ ਤੇ ਕਾਰਨਾਮੇ ਯਾਦ ਰਹਿੰਦੇ ਹਨ । ਪਿੰਡਾਂ ਦੇ ਵਸਨੀਕ ਜਾਣਦੇ ਹਨ ਕਿ 'ਜਾਗਰੇ' ਵਾਲੀ ਰਾਤ ਕਿਵੇਂ ਬੱਚੇ ਤੋਂ ਲੈ



Scanned by CamScanner

ਕੇ ਬੁੱਢੇ ਤੱਕ ਹਰੇਕ ਪਿੰਡ-ਵਾਸੀ ਦੇ ਅੰਦਰ ਚਾਅ-ਉਤਸ਼ਾਹ ਹੁੰਦਾ ਹੈ । ਲੱਖਾਂ ਰੁਪਏ ਖ਼ਰਚ ਕੇ ਵੀ ਪਿੰਡ ਵਿੱਚ ਉਤਨਾ ਧਰਮ-ਪ੍ਰਚਾਰ ਨਹੀਂ ਕੀਤਾ ਜਾ ਸਕਦਾ, ਜਿਤਨਾ ਇਹ ਗਰੀਬ ਝੀਊਰ ਢਾਢੀ ਪੈਂਚ ਥੋੜੇ ਜਿਹੇ ਖ਼ਰਚ ਨਾਲ ਕਰਦੇ ਰਹਿੰਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੇ ਰਾਹੀ ਪ੍ਰਚਾਰ ਤੇ ਪ੍ਰਸਾਰ ਲਈ ਆਮ ਲੋਕਾਂ ਦੇ ਅੰਦਰ ਆਪਣੀ ਗੱਲ ਪਹੁੰਚਾਉਣ ਦੇ ਲਈ ਸਤਿਗੁਰਾਂ ਨੇ ਵਾਰਾਂ ਉਚਾਰਣ ਕੀਤੀਆਂ।ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਉਪਰ ਤੁਰਕੇ ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਨੇ ਵੀ 'ਵਾਰਾਂ' ਲਿਖੀਆਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ । ਇਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਸਤਿਗੁਰੂ ਨਾਨਕ ਦੇਵ ਜੀ ਨੇ ੩'ਵਾਰਾਂ' ਲਿਖੀਆਂ ਹਨ।ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਰਾਗ ਮਲਾਰ, ਰਾਗ ਮਾਝ ਅਤੇ ਰਾਗ ਆਸਾ ਵਿੱਚ ਅੰਕਿਤ ਹਨ । ਗੁਰੂ ਅਮਰਦਾਸ ਜੀ—੪ 'ਵਾਰਾਂ', ਜੋ ਗੂਜਰੀ, ਸੂਹੀ, ਰਾਮਕਲੀ, ਮਾਰੂ ।

ਗੁਰੂ ਰਾਮਦਾਸ ਜੀ—੮'ਵਾਰਾਂ, ਜੋ ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ ।

ਗੁਰੂ ਅਰਜਨ ਸਾਹਿਬ—੬ 'ਵਾਰਾਂ' ਜੋ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ।

ਇੱਕ ਵਾਰ ਸੱਤੇ ਬਲਵੰਡ ਦੀ ਹੈ ਜੋ ਰਾਮਕਲੀ ਰਾਗ ਵਿਚ ਦਰਜ ਹੈ । ਸਾਰੀਆਂ 'ਵਾਰਾਂ' ਦਾ ਜੋੜ ੨੨ ਹੈ :

ਗੁਰੂ ਗ੍ਰੰਥ ਸਾਹਿਬ ਦੀਆਂ ੨੨ 'ਵਾਰਾਂ' ਵਿਚੋਂ ਸਿਰਫ਼ ੨ ਐਸੀਆਂ 'ਵਾਰਾਂ' ਹਨ ਜਿਨ੍ਹਾਂ ਦੇ ਨਾਲ ਕੋਈ ਸ਼ਲੋਕ ਨਹੀਂ ਹੈ—ਬਸੰਤ ਕੀ ਵਾਰ ਮਹਲੁ ੫ ਅਤੇ ਸੱਤੇ ਬਲਵੰਡ ਦੀ ਵਾਰ।ਬਾਕੀ ਸਾਰੀਆਂ 'ਵਾਰਾਂ' ਦੇ ਨਾਲ ਸ਼ਲੋਕ ਹਨ, ਹਰੇਕ ਪਉੜੀ ਦੇ ਨਾਲ ਘੱਟ ਤੋਂ ਘੱਟ ੨ ਸ਼ਲੋਕ । ਇਹ ਸ਼ਲੋਕ ਸਾਰੇ ਗੁਰ-ਵਿਅਕਤੀਆਂ ਦੇ ਸ਼ਲੋਕਾਂ ਦੇ ਸੰਗ੍ਰਹਿ ਵਿੱਚੋਂ ਵਿਸ਼ੇ ਮੁਤਾਬਿਕ ਭਾਵ ਅਨੁਸਾਰ ਹਰੇਕ ਪਉੜੀ ਦੇ ਨਾਲ ਗੁਰੂ ਅਰਜਨ ਸਾਹਿਬ ਨੇ ਦਰਜ ਕੀਤੇ ਸਨ । ਉਹਨਾਂ ਸੰਗ੍ਰਹਿਆਂ ਵਿੱਚੋਂ ਜਿਹੜੇ ਸ਼ਲੋਕ ਫਿਰ ਵੀ ਵੱਧ ਰਹੇ, ਉਹ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਤੇ ਦਰਜ ਕਰ ਦਿੱਤੇ।ਇਹ ਗੱਲ ਉਹਨਾਂ ਸ਼ਲੋਕਾਂ ਦੇ ਸਿਰਲੇਖ ਤੋਂ ਸਾਫ਼ ਪ੍ਰਗਟ ਹੁੰਦੀ ਹੈ । ਸਿਰਲੇਖ ਹੈ "ਸਲੋਕ ਵਾਰਾਂ ਤੇ ਵਧੀਕ" ।

ਦੁਨੀਆ ਦੇ ਕਵੀਆਂ ਨੇ ਕਿਸੇ ਸੂਰਮੇ ਦੀ ਉਹ ਬਹਾਦਰੀ ਲੋਕਾਂ ਦੇ ਸਾਹਮਣੇ ਪੇਸ਼ ਕੀਤੀ ਹੈ ਜੋ ਉਸਨੇ ਰਣ-ਭੂਮੀ ਵਿੱਚ ਤਲਵਾਰ ਫੜ ਕੇ ਵਿਖਾਈ ਸੀ।ਪ੍ਰੰਤੂ ਸਤਿਗੁਰਾਂ ਨੇ ਇਸ ਸਾਰੇ ਜਗਤ ਨੂੰ ਇੱਕ ਰਣ-ਭੂਮੀ ਵੇਖਿਆ, ਸਭ ਜੀਵ-ਸਿਪਾਹੀ ਕਾਮਾਦਿਕ ਬੇਅੰਤ ਵੈਰੀਆਂ ਨਾਲ ਲੜ ਰਹੇ ਹਨ।ਆਮ ਦੁਨੀਆ ਤਾਂ ਹਾਰ ਖਾ ਰਹੀ ਹੈ, ਪਰ ਵਿਰਲੇ ਵਿਰਲੇ ਗੁਰਮੁਖਿ-ਜੋਧੇ



Scanned by CamScanner

ਇਹਨਾਂ ਵੈਰੀਆਂ ਨੂੰ ਕਰਾਰੇ ਹੱਥ ਵਿਖਾਂਦੇ ਹਨ । ਤਲਵਾਰ ਵਾਲੀ ਰਣ-ਭੂਮੀ ਵਿਚ ਤਲਵਾਰ ਚਲਾਣ ਦੇ ਕਈ ਦਾਅ-ਪੇਚ ਹੁੰਦੇ ਹਨ, ਤੇ ਕਵੀ ਉੱਘੇ ਯੋਧਿਆਂ ਦੇ ਉਹ ਉੱਘੇ ਦਾਅ-ਪੇਚ ਕਵਿਤਾ ਵਿਚ ਬਿਆਨ ਕਰਦੇ ਹਨ । ਇਸ ਸੰਗ੍ਰਾਮ ਵਿੱਚ ਵੀ ਕਾਮਾਦਿਕ ਵੈਰੀਆਂ ਦਾ ਟਾਕਰਾ ਕਰਨ ਲਈ ਕਈ ਸੁਚੱਜੇ ਦਾਅ-ਪੇਚ ਹਨ ਜੋ ਗੁਰਮੁਖਿ-ਜੋਧੇ ਵਰਤਦੇ ਹਨ । ਸਿਮਰਨ, ਸੇਵਾ,ਕੀਰਤਨ, ਸਤਸੰਗ, ਪ੍ਰੇਮ ਆਦਿਕ ਇਸ ਅਖਾੜੇ ਦੇ ਦਾਅ-ਪੇਚ ਹਨ। ਗੁਰ-ਵਿਅਕਤੀਆਂ ਨੇ ਆਤਮ-ਸੰਗ੍ਰਾਮ ਦੇ ਕਾਰਨਾਮਿਆਂ ਤੇ ਜੋ 'ਵਾਰਾਂ' ਲਿਖੀਆਂ ਹਨ, ਇਹਨਾਂ ਵਿੱਚ ਵੀ ਕੋਈ ਇੱਕੋ ਇੱਕ ਕਾਰਨਾਮਾ ਚੁਣਿਆ ਹੁੰਦਾ ਹੈ, ਕਿਸੇ ਇੱਕੋ ਇੱਕ ਆਤਮ ਦਾਅ-ਪੇਚ ਦੀ ਵਿਆਖਿਆ ਕੀਤੀ ਹੁੰਦੀ ਹੈ। ਮਿਸਾਲ ਦੇ ਤੌਰ ਤੇ :

੧. ਸਿਰੀ ਰਾਗ ਕੀ ਵਾਰ ਮ: ੪ ਵਿੱਚ 'ਮਨੁੱਖਾ ਜੀਵਨ ਦਾ ਮਨੋਰਥ' ।

੨. ਮਾਝ ਕੀ ਵਾਰ ਮ: ੧ ਵਿੱਚ 'ਬਹੁ ਰੰਗੀ ਜਗਤ ਦੀ ਮਮਤਾ' ।

੩. ਗਉੜੀ ਕੀ ਵਾਰ ਮ: ੪ ਵਿੱਚ 'ਸਤਿਗੁਰ ਦੀ ਸਰਨ' ।

੪. ਗਉੜੀ ਕੀ ਵਾਰ ਮ: ੫ ਵਿੱਚ 'ਸਾਧ ਸੰਗਤਿ' ।

੫. ਆਸਾ ਕੀ ਵਾਰ ਮ: ੧ ਵਿੱਚ 'ਮਨੁੱਖਾ ਜੀਵਨ ਦਾ ਮਨੋਰਥ' ।

੬. ਗੂਜਰੀ ਕੀ ਵਾਰ ਮ: ੩ ਵਿੱਚ 'ਮਾਇਆ ਦਾ ਪ੍ਰਭਾਵ' ।

੭. ਗੂਜਰੀ ਕੀ ਵਾਰ ਮ: ੫ ਵਿੱਚ 'ਜਗਤ ਦੇ ਵਿਕਾਰ' ।

੮. ਬਿਹਾਗੜੇ ਕੀ ਵਾਰ ਮ: ੪ ਵਿੱਚ 'ਪ੍ਰਭੂ ਦੀ ਸਿਫ਼ਤਿ-ਸਾਲਾਹ' ।

੯. ਵਡਹੰਸ ਕੀ ਵਾਰ ਮ: ੪ ਵਿੱਚ 'ਸਤਿਗੁਰੂ' ।

੧੦. ਸੋਰਠਿ ਕੀ ਵਾਰ ਮ: ੪ ਵਿੱਚ 'ਜਗਤ ਦੇ ਵਿਕਾਰ' ।

ਹਰੇਕ 'ਵਾਰ' ਦਾ ਕੇਂਦਰੀ ਮਜ਼ਮੂਨ ਇਕੋ ਹੀ ਹੋਇਆ ਕਰਦਾ ਹੈ। ਪੰਜਾਬੀ ਦੀਆਂ ਹੋਰ 'ਵਾਰਾਂ'—

ਪ੍ਰਾਂਤ ਪੰਜਾਬ ਹਿੰਦੁਸਤਾਨ ਦੇ ਉੱਤਰ-ਪੱਛਮੀ ਸਿਰੇ ਦੀ ਹੱਦ ਉਤੇ ਹੋਣ ਕਰਕੇ ਇਥੇ ਕਾਬੁਲ ਵਾਲੇ ਪਾਸਿਓਂ ਹੱਲੇ ਨਿੱਤ ਹੁੰਦੇ ਹੀ ਰਹਿੰਦੇ ਸਨ ਤੇ ਜੁੱਧਾਂ ਜੰਗਾਂ ਦੀ ਸੰਭਾਵਨਾ ਸਦਾ ਟਿਕੀ ਰਹਿੰਦੀ ਸੀ ।ਦੇਸ ਦੀ ਇੱਜ਼ਤ-ਅਣਖ ਬਚਾਣ ਲਈ ਇਸ ਧਰਤੀ ਉਤੇ ਜੋਧਿਆਂ ਸੂਰਮਿਆਂ ਦਾ ਪੈਦਾ ਹੋਣਾ ਵੀ ਕੁਦਰਤੀ ਗੱਲ ਸੀ, ਤੇ ਕਵੀ ਲੋਕ ਇਹਨਾਂ ਯੋਧਿਆਂ ਦਾ ਕੋਈ ਨ ਕੋਈ ਕਾਰਨਾਮਾ ਲਿਖ ਕੇ ਆਮ ਜਨਤਾ ਦੇ ਅੰਦਰ ਦਲੇਰੀ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਸਨ । ਸੋ, ਪੰਜਾਬ ਵਿੱਚ ਕਈ 'ਵਾਰਾਂ' ਲੋਕਾਂ ਨੂੰ ਯਾਦ ਸਨ, ਤੇ 'ਜਾਗਰੇ' ਆਦਿਕਾਂ ਵਿਚ ਗਾਈਆਂ ਜਾਂਦੀਆਂ ਸਨ ।ਉਸ ਸਮੇਂ ਦੀਆਂ ਪ੍ਰਸਿੱਧ 'ਵਾਰਾਂ' ਵਿਚੋਂ ਹੇਠ-ਲਿਖੀਆਂ ਨੌ 'ਵਾਰਾਂ' ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਦੀਆਂ 'ਵਾਰਾਂ' ਦੇ ਸਿਰਲੇਖਾਂ ਵਿੱਚ ਮਿਲਦਾ ਹੈ—



Scanned by CamScanner

੧. ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ ।

੨. ਰਾਇ ਕਮਾਲ ਦੀ ਮੋਜਦੀ ਦੀ ਵਾਰ ।

੩. ਲਲਾ ਬਹਿਲੀਮਾ ਦੀ ਵਾਰ ।

੪. ਟੁੰਡੇ ਅਸ ਰਾਜੇ ਦੀ ਵਾਰ ।

੫. ਸਿਕੰਦਰ ਬਿਰਾਹਿਮ ਦੀ ਵਾਰ ।

੬. ਹਸਨੇ ਮਹਮੇ ਦੀ ਵਾਰ ।

੭. ਮੂਸੇ ਦੀ ਵਾਰ ।

੮. ਜੋਧੇ ਵੀਰੇ ਦੀ ਵਾਰ ।

੯. ਰਾਣਾ ਕੈਲਾਸਦੇਵ ਮਾਲਦੇ ਦੀ ਵਾਰ।

ਪੰਜਾਬ ਵਿੱਚ ਬਹੁਤ 'ਵਾਰਾਂ' ਪ੍ਰਚਿਲੱਤ ਸਨ । ਲੋਕਾਂ ਦੇ ਘੱਟਦੇ ਸ਼ੌਕ ਦੇ ਕਾਰਨ ਕਈ ਵਾਰਾਂ ਤਾਂ ਢਾਢੀਆਂ ਦੇ ਨਾਲ ਹੀ ਮੁੱਕ ਗਈਆਂ ।ਕੁੱਝ ਕੁ ਪ੍ਰਸਿੱਧ 'ਵਾਰਾਂ' ਦੇ ਨਾਮ ਹੇਠ ਦਿੱਤੇ ਜਾਂਦੇ ਹਨ :—

੧. ਜੈਮਲ ਫੱਤੇ ਦੀ ਵਾਰ ।

੨. ਦਹੂਦ ਦੀ ਵਾਰ ।

੩. ਬੰਦਾ ਸਾਹਿਬ ਦੀ ਵਾਰ—ਹਾਕਮ ਰਾਇ ।

੪. ਨਾਦਰ ਸ਼ਾਹ ਦੀ ਵਾਰ—ਨਜਾਬਤ ਕਵੀ ।

੫. ਸਿੰਘਾਂ ਦੀ ਵਾਰ—ਭਾਈ ਗੁਰਦਾਸ ਜੀ ਦੂਜੇ ।

੬. ਗਾਜਾ ਸਿੰਘ ਦੀ ਵਾਰ ।

੭. ਸਰਦਾਰ ਮਾਂਹ ਸਿੰਘ ਦੀ ਵਾਰ—ਹਾਸ਼ਮ ਕਵੀ ।

੮. ਚੱਠਿਆਂ ਦੀ ਵਾਰ—ਮੀਆਂ ਪੀਰ ਮੁਹੰਮਦ ਕਵੀ ।

੯. ਹਕੀਕਤ ਰਾਇ ਦੀ ਵਾਰ—ਅਗਰਾ ਕਵੀ ।

੧੦. ਸਰਦਾਰ ਹਰੀ ਸਿੰਘ ਦੀ ਵਾਰ—ਕਾਦਰ ਯਾਰ ਕਵੀ ।

੧੧. ਭਾਈ ਗੁਰਦਾਸ ਜੀ ਦੀਆਂ ਵਾਰਾਂ ।

੧੨. ਸ੍ਰੀ ਭਗਉਤੀ ਜੀ ਦੀ ਵਾਰ ।



Scanned by CamScanner

## ੫. ਭਗਤਾਂ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਵਿੱਚੋਂ ੨੨ ਰਾਗਾਂ ਵਿੱਚ ਭਗਤਾਂ ਦੀ ਬਾਣੀ ਦਰਜ ਹੈ। ਇਹ ਬਾਣੀ ਰਾਗ ਦੇ ਸਭ ਤੋਂ ਅਖੀਰ ਵਿੱਚ ਆਉਂਦੇ ਹਨ। ਇਸ ਵਿੱਚ ਵੀ ਸਭ ਤੋਂ ਪਹਿਲਾਂ ਭੱਗਤ ਕਬੀਰ ਜੀ ਦੀ ਬਾਣੀ ਫਿਰ ਭਗਤ ਨਾਮਦੇਵ ਜੀ ਦੀ,ਭਗਤ ਰਵਿਦਾਸ ਜੀ ਦੀ ਫਿਰ ਬਾਕੀ ਦੇ ਭਗਤਾਂ ਦੀ ਬਾਣੀ ਕ੍ਰਮਵਾਰ ਆਉਂਦੀ ਹੈ। ਕਿਉਂਕਿ ਭਗਤ ਕਬੀਰ ਜੀ ਦੀ ਸਭ ਭਗਤਾਂ ਨਾਲੋਂ ਵੱਧ ਬਾਣੀ ਆਉਂਦੀ ਹੈ। ਭਗਤਾਂ ਦੇ ਸਾਰੇ ਭਗਤ ਕਬੀਰ ਭਗਤਾਂ ਦੇ ਸਾਰੇ ਸ਼ਬਦ ੩੪੯ ਹਨ, ਅਤੇ ਭਗਤ-ਬਾਣੀ ਵਿੱਚ ੩ ਸ਼ਬਦ ਗੁਰੂ ਅਰਜਨ ਸਾਹਿਬ ਜੀ ਦੇ ਵੀ ਆਉਂਦੇ ਹਨ । ਕੁੱਲ ਜੋੜ ੩੫੨ ਹੈ ।

| | | | |
|---|---|---|---|
| ਕਬੀਰ ਜੀ | -੨੨੪ | ਭੀਖਨ ਜੀ | -੨ |
| ਨਾਮਦੇਵ ਜੀ | -੬੧ | ਸੂਰਦਾਸ ਜੀ | -੧ (ਸਿਰਫ਼ ਤੁੱਕ) |
| ਰਵਿਦਾਸ ਜੀ | -੪੦ | ਪਰਮਾਨੰਦ ਜੀ | -੧ |
| ਤ੍ਰਿਲੋਚਨ ਜੀ | - ੪ | ਸੈਣ ਜੀ | -੧ |
| ਫਰੀਦ ਜੀ | - ੪ | ਪੀਪਾ ਜੀ | -੧ |
| ਬੈਣੀ ਜੀ | - ੩ | ਸਧਨਾ ਜੀ | -੧ |
| ਧੰਨਾ ਜੀ | - ੩ | ਰਾਮਾਨੰਦ ਜੀ | -੧ |
| ਜੈਦੇਵ ਜੀ | - ੨ | ਗੁਰੂ ਅਰਜਨ ਦੇਵ ਜੀ | -੩ |
| | | ਜੋੜ | ੩੫੨ |

ਸ਼ਬਦਾਂ ਤੋਂ ਇਲਾਵਾ ਗਉੜੀ ਰਾਗ ਵਿੱਚ ਕਬੀਰ ਜੀ ਦੀਆਂ ਹੋਰ ਬਾਣੀਆਂ ਹਨ-ਬਾਵਨ ਅੱਖਰੀ, ਪੰਦ੍ਰਹ ਥਿਤੀ, ਸਤ ਵਾਰ ਆਦਿ। ਕਬੀਰ ਜੀ ਅਤੇ ਫਰੀਦ ਜੀ ਦੇ ਸ਼ਲੋਕਾਂ ਦੇ ਸੰਗ੍ਰਹਿ ਵੀ ਆਉਂਦੇ ਹਨ।

## ਮਹਲਾ ਪਹਿਲਾ ੧ ਘਰੁ ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਪੜ੍ਹਨ ਲੱਗਿਆ ਬਹੁਤ ਧਿਆਨ ਨਾਲ ਪੜ੍ਹਨਾ ਪੈਂਦਾ ਹੈ। ਕਿਉਂਕਿ ਸਿਰਲੇਖਾਂ ਨੂੰ ਬਹੁਤ ਧਿਆਨ ਨਾਲ ਪੜ੍ਹਨਾ ਪੈਦਾ ਹੈ।ਤਾਂ ਕਿ ਅਸੀਂ ਜੋ ਪੜ੍ਹ ਰਹੇ ਹਾਂ ਉਸ ਦਾ ਮਤਬਲ ਕੀ ਹੈ? ਜਿਵੇਂ ਇਹ ਸਿਰਲੇਖ ਆਇਆ ਹੈ- ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧...ਰਾਗ ਦਾ ਨਾਂ ਸਿਰੀ ਰਾਗੁ ਹੈ। 'ਮਹਲਾ ੧' ਦੇ



Scanned by CamScanner

ਅੰਕ ਤੋਂ ਪਹਿਲਾਂ ਲਫ਼ਜ਼ 'ਪਹਿਲਾ' ਤੋਂ ਸਾਫ਼ ਪ੍ਰਤੱਖ ਸਬਦਾਂ ਵਿੱਚ ਲਿਖਿਆ ਹੈ। ਇਸ ਅੰਕ ੧ ਨੂੰ ਇੱਕ ਨਹੀਂ ਪੜ੍ਹਨਾ ਬਲਕਿ 'ਪਹਿਲਾ' ਪੜ੍ਹਨਾ ਹੈ। ਇਸੇ ਤਰ੍ਹਾਂ 'ਘਰੁ ੧' ਦੇ ਅੰਕ ੧ ਨੂੰ ਵੀ ਪਹਿਲਾ ਹੀ ਪੜ੍ਹਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕਈ ਸਥਾਨਾਂ ਵਿੱਚ ਇਸ ਦਾ ਜ਼ਿਕਰ ਆਇਆ ਹੈ ਜਿਵੇਂ ਕਿ ਪੰਨਾ ੨੩ ਉਤੇ ਸ਼ਬਦ ਨੰ: ੨੫ ਦਾ ਸਿਰਲੇਖ 'ਸਿਰੀਰਾਗੁ ਮਹਲਾ ੧ ਘਰੁ ਦੂਜਾ ੨। ਇਥੇ 'ਘਰੁ ੨' ਦੇ ਅੰਕ ਨੂੰ ਲਿਖਿਆ ਹੈ 'ਦੂਜਾ'। ਵੇਖੋ, ਪੰਨਾ ੧੬੩, ਸਿਰਲੇਖ ਗਉੜੀ 'ਗੁਆਰੇਰੀ ਮਹਲਾ ੪ ਚਉਥਾ', ਇਥੇ 'ਮਹਲਾ ੪' ਦੇ ਅੰਕ ਨੂੰ ਲਿਖਿਆ ਹੈ 'ਚਉਥਾ'। ਇਸੇ ਤਰ੍ਹਾਂ ਜੇਕਰ ਹੋਰ ਵਧੀਕ ਤਸੱਲੀ ਕਰਨੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੰਨਾ ਨੰ: ੪੯੨, ੫੨੪, ੫੮੨, ੬੦੫, ੬੩੬, ੬੬੧, ੬੬੪ ਅਤੇ ੧੧੬੯ ਉਪਰ ਵੇਖ ਲਿਆ ਜਾ ਸਕਦਾ ਹੈ।

## ਮਹਲੁ/ਮਹਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੬ ਗੁਰੂ ਸਾਹਿਬਾਨ ਦੀ ਬਾਣੀ ਆਈ ਹੈ। ਗੁਰੂ ਸਹਿਬਾਨ ਦੇ ਲਈ ਮਹਲਾ ਸ਼ਬਦ ਆਇਆ ਹੈ। ਪ੍ਰੰਤੂ ਹਰੇਕ ਗੁਰੂ ਸਹਿਬਾਨ ਜੀ ਦੀ ਬਾਣੀ ਦੇ ਅਖੀਰ ਵਿੱਚ ਨਾਨਕ ਸ਼ਬਦ ਹੀ ਆਉਂਦਾ ਹੈ। ਤਾਂ ਕਿ ਗੁਰਬਾਣੀ ਪੜਨ ਵਾਲੇ ਨੂੰ ਭੁਲੇਖਾ ਨਾ ਪਵੇ ਇਸ ਲਈ ਮਹਲਾ ਲਫ਼ਜ਼ ਅੱਗੇ ਅੰਕਾਂ ਦੀ ਗਿਣਤੀ ਲਿਖੀ ਹੈ। ਜਦੋਂ ਅਸੀਂ ਇਸ਼ ਸ਼ਬਦ ਦੀ ਵੀਚਾਰ ਕਰਦੇ ਹਾਂ ਤਾਂ ਇਥੇ ਲਫ਼ਜ਼ 'ਮਹਲਾ' ਦੇ ਥਾਂ ਲਫ਼ਜ਼ 'ਮਹਲੁ' ਹੈ। ਜੇ ਲਫ਼ਜ਼ 'ਮਹਲਾ' ਦਾ ਉਚਾਰਨ 'ਮਹੱਲਾ' ਕਰੀਏ, ਤਾਂ ਲਫ਼ਜ਼ 'ਮਹਲੁ' ਦਾ ਉਚਾਰਨ ਮਹੱਲ ਕਰਨਾ ਪਏਗਾ ਅਤੇ 'ਮਹੱਲਾ' ਅਤੇ 'ਮਹਲੁ' ਦੇ ਅਰਥ ਵਿੱਚ ਫ਼ਰਕ ਪ੍ਰਤੱਖ ਹੈ। ਸੋ ਠੀਕ ਉਚਾਰਨ ਲਫ਼ਜ਼ 'ਬਹਰਾ' 'ਗਹਲਾ' ਵਾਂਗ ਹੈ। ਇਸ ਤਰ੍ਹਾਂ ਲਫ਼ਜ਼ 'ਮਹਲਾ' ਦਾ ਜੋ 'ਮਹੱਲਾ' ਉੱਚਾਰਨ ਚੱਲ ਪਿਆ ਹੈ। ਇਸ ਦਾ ਅਸਲ ਕਾਰਨ ਇਹ ਜਾਪਦਾ ਹੈ ਕਿ ਸਿਰਲੇਖ ਦੇ ਲਫ਼ਜ਼ 'ਮਹਲਾ' ਨਾਲ ਹੀ ਆਮ ਤੌਰ ਤੇ ਲਫ਼ਜ਼ 'ਘਰੁ' ਵੀ ਲਿਖਿਆ ਮਿਲਦਾ ਹੈ ਤੇ, ਘਰਾਂ, ਮਹੱਲਿਆਂ ਦੇ ਸੰਬੰਧ ਨੂੰ ਹਰ ਕੋਈ ਜਾਣਦਾ ਹੀ ਹੈ।

ਸਿਰਲੇਖਾਂ ਵਿੱਚ ਲਫ਼ਜ਼ 'ਮਹਲਾ' ਅਨੇਕਾਂ ਵਾਰੀ ਵਰਤਿਆ ਹੋਇਆ ਹੈ। ਇਹ ਲਫ਼ਜ਼ ਨਿਰਾਰਥਕ ਨਹੀਂ ਹੋ ਸਕਦਾ, ਇਸ ਦਾ ਜ਼ਰੂਰ ਕੋਈ ਢੁਕਵਾਂ ਫਬਵਾਂ ਅਰਥ ਵੀ ਹੋਣਾ ਚਾਹੀਦਾ ਹੈ। ਜੋ ਸੱਜਣ ਇਸ ਨੂੰ 'ਮਹੱਲਾ' ਪੜ੍ਹ ਰਹੇ ਹਨ। ਉਹ ਹੁਣ ਤੱਕ ਇਸ ਦਾ ਕੋਈ ਢੁੱਕਵਾਂ ਅਰਥ ਨਹੀਂ ਦੱਸ ਸਕਦੇ।

ਕਈ ਪੁਰਾਣੇ ਸੰਪ੍ਰਦਾਈ ਵਿਦਵਾਨ ਸੱਜਣ ਇਸ ਨੂੰ ਸੰਸਕ੍ਰਿਤ ਦਾ ਲਫ਼ਜ਼ 'ਮਹਿਲਾ' ਸਮਝਦੇ ਹਨ, ਜਿਸ ਦਾ ਅਰਥ 'ਇਸਤ੍ਰੀ' ਹੈ। ਉਹ ਸੱਜਣ ਆਪਣੇ ਇਸ ਖ਼ਿਆਲ ਦੀ ਪੁਸ਼ਟੀ ਵਿੱਚ ਇਹ ਦਲੀਲ ਦੇਂਦੇ ਹਨ ਕਿ ਸਤਿਗੁਰੂ ਜੀ ਨੇ ਆਪਣੇ ਆਪ ਨੂੰ ਪ੍ਰਭੂ-ਪਤੀ ਦੀ



Scanned by CamScanner

‘ਇਸਤ੍ਰੀ’ ਮਿੱਥ ਕੇ ਬਾਣੀ ਲਿਖੀ ਹੈ, ਇਸ ਵਾਸਤੇ ਸਿਰ-ਲੇਖ ਵਿੱਚ ਆਪਣੇ ਆਪ ਨੂੰ ‘ਮਹਿਲਾ’ (ਇਸਤ੍ਰੀ) ਆਖਿਆ ਹੈ। ਪਰ ਇਹ ਅਰਥ ਵਿਅਕਰਣ ਦੀ ਕਸਵੱਟੀ ਉਤੇ ਪੂਰਾ ਨਹੀਂ ਉਤਰਦਾ । ਇਸ ਲਫ਼ਜ਼ ‘ਮਹਲਾ’ ਦੇ ਨਾਲ ਦਾ ਅੰਕ ਸਹੀ ਤਰੀਕੇ ਨਾਲ ਉਚਾਰਨ ਦੀ ਜਾਂਚ ਸਿਖਾਣ ਲਈ ਸਤਿਗੁਰੂ ਜੀ ਨੇ ਆਪ ਹੀ ਸੱਤ ਥਾਂਵਾਂ ’ਤੇ ਹਿਦਾਇਤ ਕਰ ਦਿੱਤੀ ਹੈ, ਅੰਕ ੧ ਵਾਸਤੇ ‘ਪਹਿਲਾ’, ਅੰਕ ੩ ਵਾਸਤੇ ‘ਤੀਜਾ’ ਅਤੇ ਅੰਕ ੪ ਵਾਸਤੇ ਲਫ਼ਜ਼ ‘ਚਉਥਾ’ ਵਰਤਿਆ ਹੈ । ਪਰ ਲਫ਼ਜ਼ ‘ਪਹਿਲਾ, ਤੀਜਾ, ਚਉਥਾ ਪੁਲਿੰਗ ਹਨ ਅਤੇ ਲਫ਼ਜ਼ ‘ਮਹਿਲਾ’ (ਇਸਤ੍ਰੀ) ਇਸਤ੍ਰੀ-ਲਿੰਗ ਹੈ। ਜੇ ਸਿਰ-ਲੇਖ ਵਾਲਾ ਲਫ਼ਜ਼ ‘ਮਹਲਾ’ ਇਸਤ੍ਰੀ-ਵਾਚਕ ਹੁੰਦਾ ਤਾਂ ਅੰਕ ੧, ੩, ੪ ਵਾਸਤੇ ਲਫ਼ਜ਼ ਪਹਿਲੀ, ਤੀਜੀ, ਚਉਥੀ ਵਰਤਦੇ। ਇਸੇ ਤਰ੍ਹਾਂ ‘ਆਸਾ ਦੀ ਵਾਰ’ ਦੇ ਸਿਰ-ਲੇਖ ‘ਸਲੋਕ ਭੀ ਮਹਲੇ ਪਹਿਲੇ ਕੇ ਲਿਖੇ’, ਦੇ ਥਾਂ ‘ਸਲੋਕ ਭੀ ਮਹਿਲਾ ਪਹਿਲੀ ਕੇ ਲਿਖੇ’ ਹੁੰਦਾ । ਭੱਟਾਂ ਦੇ ਸਵਈਆਂ ਵਿੱਚ ਅਸੀਂ ਹੇਠ-ਲਿਖੇ ਸਿਰ-ਲੇਖ ਪੜ੍ਹਦੇ ਹਾਂ :-ਸਵਈਏ ਮਹਲੇ ਪਹਿਲੇ ਕੇ ੧,ਸਵਈਏ ਮਹਲੇ ਦੂਜੇ ਕੇ ੨,ਸਵਈਏ ਮਹਲੇ ਤੀਜੇ ਕੇ ੩,ਸਵਈਏ ਮਹਲੇ ਚਉਥੇ ਕੇ ੪,ਸਵਈਏ ਮਹਲੇ ਪੰਜਵੇਂ ਕੇ ੫

ਜੇ ਲਫ਼ਜ਼ ‘ਮਹਲਾ’ ਸੰਸਕ੍ਰਿਤ ਦਾ ਲਫ਼ਜ਼ ‘ਮਹਿਲਾ’ ਹੁੰਦਾ, ਤਾਂ ਇਹਨਾਂ ਸਿਰ-ਲੇਖਾਂ ਦੇ ਥਾਂ ਵੀ ਅਸੀਂ ਹੇਠ-ਲਿਖੇ ਸਿਰਲੇਖ ਵੇਖਦੇ :-ਸਵਈਏ ਮਹਿਲਾ ਪਹਿਲੀ ਕੇ ੧,ਸਵਈਏ ਮਹਿਲਾ ਦੂਜੀ ਕੇ ੨,ਸਵਈਏ ਮਹਿਲਾ ਤੀਜੀ ਕੇ ੩,ਸਵਈਏ ਮਹਿਲਾ ਚਉਥੀ ਕੇ ੪,ਸਵਈਏ ਮਹਿਲਾ ਪੰਜਵੀਂ ਕੇ ੫, ਇਥੇ ਨੋਟ ਕਰਨ ਯੋਗ ਗੱਲ ਹੈ ਕਿ ‘ਗੰਡਾ’ ‘ਝੰਡਾ’ ਆਦਿਕ ਲਫ਼ਜ਼ ਪੁਲਿੰਗ ਹਨ । ਇਹਨਾਂ ਨਾਲ ਕੋਈ ‘ਸੰਬੰਧਕ’ ਆਵੇ ਤਾਂ ਅਖ਼ੀਰਲੇ( ਾ ) ਦੀ ਥਾਂ ( ੇ ) ਬਣ ਜਾਂਦੀ ਹੈ। ਜਿਵੇਂ ਗੰਡੇ ਦੀ ਕਿਤਾਬ, ਝੰਡੇ ਦੀ ਦੁਕਾਨ । ਲਫ਼ਜ਼ ‘ਕਮਲਾ, ਬਿਮਲਾ’ ਇਸਤਰੀ-ਲਿੰਗ ਹਨ। ਸੰਬੰਧਕ ਦੇ ਨਾਲ ਇਹਨਾਂ ਦੀ ਸ਼ਕਲ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਜਿਵੇਂ, ਕਮਲਾ ਦੀ ਕਲਮ, ਬਿਮਲਾ ਦਾ ਕੁੜਤਾ। ਇਸੇ ਤਰ੍ਹਾਂ ਜੇ ਲਫ਼ਜ਼ ‘ਮਹਲਾ’ ਇਸਤ੍ਰੀ-ਵਾਚਕ ਹੁੰਦਾ ਤਾਂ, ‘ਮਹਲਾ’ ਤੋਂ ‘ਮਹਲੇ’ ਨਾ ਬਣਦਾ; ਸਲੋਕ ਭੀ ‘ਮਹਲੇ ਪਹਿਲੇ ਕੇ’ ਨਾ ਹੁੰਦਾ ।

ਸੋ, ਇਸ ਵਿੱਚ ਕੋਈ ਸ਼ੱਕ ਨਹੀਂ ਰਿਹਾ ਕਿ ਸਿਰ-ਲੇਖ ਵਾਲਾ ਲਫ਼ਜ਼ ‘ਮਹਲਾ’ ਸੰਸਕ੍ਰਿਤ ਦਾ ਲਫ਼ਜ਼ ‘ਮਹਿਲਾ’ ਨਹੀਂ ਹੈ ਅਤੇ ਇਸ ਦਾ ਅਰਥ ਭੀ ‘ਇਸਤ੍ਰੀ’ ਨਹੀਂ ।ਅਰਥ ਅਨੁਸਾਰ ਚਾਰ ਹਿੱਸੇ

ਗੁਰਬਾਣੀ ਵਿਚ ਵਰਤੇ ਲਫ਼ਜ਼ ‘ਮਹਲ’ ਅਤੇ ‘ਮਹਲਾ’ ਦੇ ਅਰਥ ਅਨੁਸਾਰ ਪ੍ਰਮਾਣਾਂ ਦੀ ਵੰਡ ਚਾਰ ਹਿੱਸਿਆਂ ਵਿੱਚ ਕੀਤੀ ਜਾ ਸਕਦੀ ਹੈ:-

(੧) ‘ਮਹਲਾ’— ਇਸਤ੍ਰੀ ‘ਮਹਲ’ ਕੁਚਜੀ ਮੜਵੜੀ ਕਾਲੀ ਮਨਹੁ ਕੁਸੁਧ।੧।੫॥

ਸ਼ਲੋਕ ਮ: ੧, ਮਾਰੂ ਕੀ ਵਾਰ ਮ: ੩ (ਪੰਨਾ ੧੦੮੮)

(੨) ‘ਮਹਲੁ’-ਘਰ, ਟਿਕਾਣਾ, ਉਹ ਆਤਮਕ ਅਵਸਥਾ ਜਿੱਥੇ ਆਤਮਾ ਤੇ ਪ੍ਰਮਾਤਮਾ ਦਾ



Scanned by CamScanner

ਮਿਲਾਪ ਹੋ ਜਾਂਦਾ ਹੈ :-

ਖੋਜਤ ਖੋਜਤ ਦੁਆਰੇ ਆਇਆ ॥ ਤਾਂ ਨਾਨਕ ਜੋਗੀ 'ਮਹਲੁ' ਘਰੁ ਪਾਇਆ ॥੪॥੧੨॥ (੮੮੬)

ਖੋਲਿ ਕਿਵਾਰਾ 'ਮਹਲਿ' ਬੁਲਾਇਆ ॥ ਰਾਮਕਲੀ ਮ: ਪ (ਮਹਲਿ-ਮਹਲ ਵਿਚ)

ਗੁਰਪ੍ਰਸਾਦਿ ਕੋ ਇਹ 'ਮਹਲੁ' ਪਾਵੈ ॥ ਰਾਮਕਲੀ ਮ: ਪ (ਪੰਨਾ ੮੮੯)

ਦੁਬਿਧਾ ਰਾਤੇ 'ਮਹਲੁ' ਨ ਪਾਵਹਿ ॥ ੭ ॥ ੪ ॥ ਰਾਮਕਲੀ ਮ: ੧ (ਪੰਨਾ ੯੦੪)

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ 'ਮਹਲੁ' ਸਿਞਾਪੈ ॥ ਮ: ੧ 'ਓਅੰਕਾਰ' (ਪੰਨਾ ੯੩੦)

(੩) 'ਮਹਲ', 'ਮਹਲਾ'— ਵੱਡੀਆਂ ਵੱਡੀਆਂ ਇਮਾਰਤਾਂ, ਪੱਕੇ ਘਰ।

ਦਾਤਾ ਦਾਨੁ ਕਰੈ ਤਹ ਨਾਹੀ, 'ਮਹਲ' ਉਸਾਰਿ ਨ ਬੈਠਾ ॥ ੨ ॥ ੧ ॥ (ਪੰਨਾ ੯੦੨)

ਗੜ ਮੰਦਰ 'ਮਹਲਾ' ਕਹਾ, ਜਿਉ ਬਾਜੀ ਦੀਬਾਨੁ ॥੪੨॥ ਓਅੰਕਾਰੁ (ਪੰਨਾ ੯੩੬)

ਆਪੇ ਕੁਦਰਤਿ ਸਾਜੀਅਨੁ ਕਰਿ 'ਮਹਲ' ਸਰਾਈ ॥੧॥

ਰਾਮਕਲੀ ਕੀ ਵਾਰ ਮ: ੩ (ਪੰਨਾ ੯੪੭)

(੪) 'ਮਹਲਾ'-ਕਾਇਆਂ, ਸਰੀਰ ।

ਸਬਦੇ ਪਤੀਜੈ ਅੰਕੁ ਭੀਜੈ, ਸੁ ਮਹਲੁ 'ਮਹਲਾ' ਅੰਤਰੇ ॥ ਪੰਨਾ ੭੬੭

ਮਹਲਾ ਅੰਤਰੇ-ਸਭ ਸਰੀਰਾਂ ਵਿਚ ।

'ਮਹਲਾ' ਅੰਦਰਿ ਗੈਰ ਮਹਲੁ ਪਾਏ, ਭਾਣਾ ਬੁਝਿ ਸਮਾਹਾ ਹੇ ॥(੧੦੫੮)

**ਮਹਲਾ ਅੰਦਰਿ-ਸਰੀਰਾਂ ਵਿਚ ।**

ਏਕ 'ਮਹਲਿ' ਤੂੰ ਹੋਹਿ ਅਫਾਰੋ, ਏਕ 'ਮਹਲਿ' ਨਿਮਾਨੋ ॥

ਏਕ 'ਮਹਲਿ' ਤੂੰ ਆਪੇ ਆਪੇ, ਏਕ 'ਮਹਲਿ' ਗਰੀਬਾਨੋ ॥ ੧ ॥

ਏਕ 'ਮਹਲਿ' ਤੂੰ ਪੰਡਿਤੁ ਬਕਤਾ, ਏਕ 'ਮਹਲਿ' ਖਲੁ ਹੋਤਾ ॥

ਏਕ 'ਮਹਲਿ' ਤੂੰ ਸਭੁ ਕਿਛੁ ਗ੍ਰਾਹਜੁ, ਏਕ 'ਮਹਲਿ' ਕਛੂ ਨ ਲੇਤਾ ॥੨॥੫॥੧੨੬॥ (ਪੰਨਾ ੨੦੬)

ਮਹਲੁ-ਸਰੀਰ । ਮਹਲਿ-ਸਰੀਰ ਵਿੱਚ ।ਸਤਿਗੁਰੂ ਜੀ ਦੀ ਲਿਖੀ ਹੋਈ ਬਾਣੀ ਵਿੱਚ ਨਾਮ ਕੇਵਲ 'ਨਾਨਕ' ਹੀ ਆਉਂਦਾ ਹੈ। ਇਹ ਨਿਰਣਾ ਕਰਨ ਲਈ ਕਿ ਕਿਹੜੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ, ਲਫ਼ਜ਼ 'ਮਹਲਾ' ਵਰਤਿਆ ਗਿਆ ਹੈ। ਅੰਕ ਨੰ: ੪ ਵਿਚ ਦਿੱਤੇ ਗਏ ਪ੍ਰਮਾਣਾਂ ਅਨੁਸਾਰ ਇਸ ਲਫ਼ਜ਼ 'ਮਹਲਾ' ਦਾ ਅਰਥ ਹੈ 'ਸਰੀਰ'।



Scanned by CamScanner

‘ਮਹਲਾ ਪਹਿਲਾ’ ਦਾ ਅਰਥ ਹੈ-ਗੁਰੂ ਨਾਨਕ ਪਹਿਲਾ ਸਰੀਰ

‘ਮਹਲਾ ਦੂਜਾ’ ਦਾ ਅਰਥ ਹੈ- ਗੁਰੂ ਨਾਨਕ ਦੂਜਾ ਸਰੀਰ (ਗੁਰੂ ਅੰਗਦ ਜੀ)

‘ਮਹਲਾ ਤੀਜਾ’ ਦਾ ਅਰਥ ਹੈ-ਗੁਰੂ ਨਾਨਕ ਤੀਜਾ ਸਰੀਰ (ਗੁਰੂ ਅਮਰਦਾਸ ਜੀ)

ਸੱਤੇ ਬਲਵੰਡ ਦੀ ਵਾਰ ਵਿਚ ਬਲਵੰਡ ਲਿਖਦਾ ਹੈ-

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥

ਜੋਤਿ ਓਹਾ ਜੁਗਤਿ ਸਾਇ, ਸਹਿ ‘ਕਾਇਆ’ ਫੇਰਿ ਪਲਟੀਐ ॥ ੨॥ (ਪੰਨਾ ੯੬੬)

ਭਾਈ ਗੁਰਦਾਸ ਜੀ ਭੀ ਲਿਖਦੇ ਹਨ-

ਅਰਜੁਨ ‘ਕਾਇਆ’ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ॥

ਇਸ ਦਾ ਉਚਾਰਨ ਕੀ ਕਰਨਾ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਲਫ਼ਜ਼ ਰਹਤ,ਬਹਰੇ,ਬਹਲੇ,ਸਹਜੇ; ਗਹਲਾ, ਟਹਲ, ਮਹਰੇਰ ਅਤੇ ਇਹੋ ਜਿਹੇ ਹੋਰ ਵੀ ਕਈ ਲਫ਼ਜ਼ ਆਉਂਦੇ ਹਨ, ਜਿੰਨ੍ਹਾਂ ਵਿਚ ਅੱਖਰ ‘ਹ’ ਆਉਂਦਾ ਹੈ। ਜਿਵੇਂ ਇਹਨਾਂ ਲਫ਼ਜ਼ਾਂ ਦਾ ਉੱਚਾਰਨ ਕੀਤਾ ਜਾਂਦਾ ਹੈ, ਤਿਵੇਂ ਲਫ਼ਜ਼ ‘ਮਹਲਾ’ ਦਾ ਉੱਚਾਰਨ ਕਰਨਾ ਹੈ।ਮੁਹੱਲਾ, ਮਹੱਲਾ, ਮਹਿਲਾ ਨਹੀਂ ਕਰਨਾ ਸਿਰਫ ਮਹਲਾ ਹੀ ਪੜ੍ਹਨਾ ਹੈ।

## ਰਹਾਉ

ਇਸ ਤੋਂ ਭਾਵ ‘ਰਹਾਉ’ ਦੀ ਤੁੱਕ ਤੋਂ ਹੋਇਆ ਕਰ ਦਾ ਹੈ।ਗੁਰਬਾਣੀ ਦੇ ਅੰਦਰ ਜੋ ਸ਼ਬਦ, ਅਸਟਪਦੀਆਂ, ਲੰਬੇਰੀਆਂ ਬਾਣੀਆਂ ਵਿੱਚ ਇਹ ਸ਼ਬਦ ਆਉਂਦਾ ਹੈ।ਜਿਸ ਦਾ ਭਾਵ ਰੁੱਕਣਾ,ਠਹਿਰਾਉ,ਟਿੱਕ ਜਾਣਾ, ਅਸਲ ਵਿੱਚ ਰੁੱਕ ਕੇ ਵੀਚਾਰਨ ਦੇ ਲਈ ਕਿਹਾ ਗਿਆ ਹੈ।ਰਹਾਉ ਦੇ ਬੰਦ ਵਿੱਚ ਸ਼ਬਦ ਦਾ ਕੇਂਦਰੀ ਭਾਵ ਹੋਇਆ ਕਰਦਾ ਹੈ।ਕੇਂਦਰੀ ਭਾਵ ਨੂੰ ਸਾਰੇ ਸ਼ਬਦ ਵਿੱਚ ਵਿਸਥਾਰ ਨਾਲ ਬਿਆਨ ਕੀਤਾ ਹੁੰਦਾ ਹੈ।ਰਾਗ ਮਾਝ ਨੂੰ ਛੱਡ ਕੇ ਤਕਰੀਬਨ ਦੂਜੀ ਸਾਰੀ ਰਚਿਤ ਬਾਣੀ ਵਿੱਚ ਰਹਾਉ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ।ਕਈ ਸ਼ਬਦਾਂ ਦੀ ਪਹਿਲੇ ਬੰਦ ਹੀ ਰਹਾਉ ਸਬਦ ਦੀ ਵਰਤੋਂ ਕੀਤੀ ਗਈ ਹੈ।ਲੇਕਿਨ ਜਿਆਦਾਤਰ ਦੂਜਾ ਬੰਦ ਰਹਾਉ ਦਾ ਹੁੰਦਾ ਹੈ।ਇਸ ਬੰਦ ਦੇ ਅੱਗੇ ੧ ਹੁੰਦਾ ਹੈ।ਇਸ ਬੰਦ ਦੀ ਗਿਣਤੀ ਸ਼ਬਦ ਦੀਆਂ ਪੰਗਤੀਆਂ ਵਿੱਚ ਨਹੀਂ ਹੁੰਦੀ।ਕਈਆਂ ਸ਼ਬਦਾਂ ਵਿੱਚ ੧,੨,੩,੪,੫ ਤੱਕ ਵੀ ਆਉਂਦੇ ਹਨ।ਰਹਾਉ ਦੇ ਗੁਰਬਾਣੀ ਦੇ ਅੰਦਰ ਵੀ ਅਰਥ ਭਾਵ ਵਿੱਚ ਆਉਂਦੇ ਹਨ।ਜਿਵੇਂ

(੧) ਰਹੋ “ਭਾਈ ਰੇ ਗੁਰਮਤਿ ਸਾਚਿ ਰਹਾਉ।” {੩੦}

(੨) ਟਿਕਿਆ ਹੋਇਆ ਹਾਂ “ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ।”

(੩) ਰਹਿੰਦਾ ਹਾਂ “ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ।”{੪੬}

(੪) ਰਹਿਣ ਦਿਆਂ, ਛੱਡ ਦਿਆਂ



Scanned by CamScanner

"ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉ ਗੋ।"
"ਜਿਉ ਤੂ ਰਾਖਹਿ ਤਿਵੈ ਰਹਾਉ।" (੧੪੧੯)

'ਸ਼ਬਦ' 'ਅਸਟਪਦੀਆਂ' ਤੋਂ ਛੁੱਟ ਕਈ ਹੋਰ ਲੰਮੀਆਂ ਬਾਣੀਆਂ ਵੀ ਹਨ, ਜਿਨ੍ਹਾਂ ਦੇ ਸ਼ੁਰੂ ਵਿੱਚ 'ਰਹਾਉ' ਦੀਆਂ ਤੁੱਕਾਂ ਮਿਲਦੀਆਂ ਹਨ । ਇਹਨਾਂ ਬਾਣੀਆਂ ਵਿੱਚ ਵੀ 'ਰਹਾਉ' ਲਿਖਣ ਦਾ ਭਾਵ ਇਹੀ ਹੈ ਕਿ ਇਸ ਸਾਰੀ ਬਾਣੀ ਦਾ 'ਮੁੱਖ ਭਾਵ' 'ਰਹਾਉ' ਦੀਆਂ ਤੁੱਕਾਂ ਵਿੱਚ ਹੈ । ਜਿਵੇਂ ਕਿ 'ਸਿਧ ਗੋਸਟਿ' ਇਸ ਬਾਣੀ ਦੀਆਂ ੭੩ ਪਉੜੀਆਂ ਹਨ, ਪਰ ਇਸ ਦੀ ਪਹਿਲੀ ਪਉੜੀ ਤੋਂ ਪਿਛੋਂ ਹੇਠ-ਲਿਖੀਆਂ ਦੋ ਤੁਕਾਂ 'ਰਹਾਉ' ਦੀਆਂ ਹਨ;

ਕਿਆ ਭਵੀਐ ਸਚਿ ਸੂਚਾ ਹੋਇ ॥
ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ਰਹਾਉ॥

ਸਾਰੀ 'ਸਿਧ ਗੋਸਟਿ' ਦਾ ਕੇਂਦਰੀ-ਭਾਵ ਇਹ ਦੋ ਤੁਕਾਂ ਦੱਸ ਰਹੀਆਂ ਹਨ । ਜੋਗੀ ਲੋਕ ਦੇਸ-ਰਟਨ ਨੂੰ ਮੁਕਤੀ ਤੇ ਪਵਿੱਤ੍ਰਤਾ ਦਾ ਸਾਧਨ ਸਮਝਦੇ ਹਨ, ਇਸ ਸਾਰੀ ਬਾਣੀ ਵਿੱਚ ਜੋਗੀਆਂ ਨਾਲ ਚਰਚਾ ਹੈ ਤੇ ਇਹਨਾਂ ਦੋ ਤੁੱਕਾਂ ਵਿੱਚ ਦੋ ਸਬਦਾਂ ਵਿੱਚ ਇਹ ਗੱਲ ਦੱਸੀ ਹੈ ਕਿ ਦੇਸ-ਰਟਨ ਜਾਂ ਤੀਰਥ-ਯਾਤਰਾ 'ਸੁੱਚ' ਤੇ 'ਮੁਕਤੀ' ਦਾ ਸਾਧਨ ਨਹੀਂ ਹੈ, ਗੁਰ-ਸ਼ਬਦ ਹੀ ਮਨੁੱਖ ਦੇ ਮਨ ਨੂੰ ਸੁੱਚਾ ਕਰ ਸਕਦਾ ਹੈ। ਸਾਰੀ ਬਾਣੀ ਇਸੇ ਖ਼ਿਆਲ ਦੀ ਵਿਆਖਿਆ ਹੈ ।

'ਓਅੰਕਾਰ' ਸਿਰਲੇਖ ਦੇ ਹੇਠਾਂ ਜੋ ਰਾਗ 'ਰਾਮਕਲੀ ਦੱਖਣੀ' ਵਿੱਚ ਹੈ। ਇਸ ਦੀਆਂ ਸਾਰੀਆਂ ੫੪ ਪਉੜੀਆਂ ਹਨ, ਪਰ ਇਸ ਦੀਆਂ ਵੀ ਪਹਿਲੀ ਪਉੜੀ ਤੋਂ ਪਿਛੋਂ ਇਉਂ ਲਿਖਿਆ ਹੈ :—

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ਰਹਾਉ॥

ਇਥੇ ਵੀ ਸਾਫ਼ ਪ੍ਰਗਟ ਹੈ ਕਿ ਇਹ ਸਾਰੀ ਬਾਣੀ ਕਿਸੇ ਪੰਡਿਤ ਦੇ ਪਰਥਾਇ ਹੈ ਜੋ 'ਵਿੱਦਿਆ' ਉਤੇ ਬਹੁਤੀ ਟੇਕ ਰੱਖਦਾ ਹੈ । ਸਤਿਗੁਰੂ ਜੀ ਨੇ ਇਸ ਸਾਰੀ ਬਾਣੀ ਦਾ ਸਾਰ-ਅੰਸ਼ ਇਹ ਦੱਸਿਆ ਹੈ ਕਿ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸਭ ਤੋਂ ਉੱਤਮ ਵਿੱਦਿਆ ਹੈ ।

ਇਸ ਤਰ੍ਹਾਂ ਦੀਆਂ ਹੋਰ ਵੀ ਕਈ ਬਾਣੀਆਂ ਹਨ, ਜਿਨ੍ਹਾਂ ਵਿਚੋਂ ਇੱਕ 'ਸੁਖਮਨੀ' ਵੀ ਹੈ। ਇਸ ਦੀਆਂ ੨੪ ਅਸਟਪਦੀਆਂ ਹਨ, ਪਰ ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਤੋਂ ਪਿਛੋਂ ਆਈ 'ਰਹਾਉ' ਦੀ ਤੁੱਕ ਦੱਸਦੀ ਹੈ ਕਿ ਇਸ ਸਾਰੀ ਬਾਣੀ ਦਾ ਦੋ-ਹਰਫ਼ਾ 'ਮੁੱਖ ਭਾਵ' 'ਰਹਾਉ' ਵਿੱਚ ਹੈ ਅਤੇ ਸਾਰੀਆਂ ੨੪ ਅਸਟਪਦੀਆਂ ਇਸ 'ਮੁੱਖ ਭਾਵ' ਦੀ ਵਿਆਖਿਆ ਹਨ । ਸੋ 'ਸੁਖਮਨੀ' ਦਾ 'ਮੁੱਖ ਭਾਵ' ਹੇਠ-ਲਿਖੀਆਂ ਤੁੱਕਾਂ ਹਨ :—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥

ਪ੍ਰਭੂ ਦਾ ਨਾਮ ਸਭ ਸੁਖਾਂ ਦਾ ਮੂਲ ਹੈ ਤੇ ਇਹ ਮਿਲਦਾ ਹੈ ਗੁਰਮੁਖਾਂ ਤੋਂ, ਕਿਉਂਕਿ ਇਹ



Scanned by CamScanner

ਵੱਸਦਾ ਹੀ ਉਹਨਾਂ ਦੇ ਹਿਰਦੇ ਵਿੱਚ ਹੈ ।

## ਘਰੁ/ਘਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਘਰ ਸਬਦ ਸਿਰਲੇਖਾਂ ਵਿੱਚ ਆਉਂਦਾ ਹੈ। ਇਹ ਘਰ ਦੇ ਨਾਲ ੧-੧੭ ਤੱਕ ਦੀ ਗਿਣਤੀ ਵੀ ਆਉਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਘਰ ਦੇ ਕਈ ਅਰਥਾਂ ਵਿੱਚ ਆਉਂਦੇ ਹਨ ਜਿਵੇਂ ਕਿ ਸ਼ਾਸਤਰ, ਹਿਰਦਾ, ਮਨ, ਮਕਾਨ {ਜਿਨ੍ਹਾਂ ਦੇ ਅੰਦਰ ਇਨਸਾਨ ਰਿਹਾ ਕਰਦੇ} ਇਹ ਸਭ ਅਰਥ ਆਉਂਦੇ ਹਨ।ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜੋ ਇਹ ਸਿਰਲ੍ਹੇਖ ਆਏ ਹਨ। ਉਹਨਾਂ ਦੇ ਅਰਥ ਘਰ ਨੂੰ ਤਾਲਾਂ ਨਾਲ ਜੋੜਿਆ ਹੈ ਤੇ ਕੁੱਝ ਵਿਦਵਾਨਾਂ ਤਾਲਾਂ ਦੇ ਵਿਭਾਗਾਂ ਦੇ ਨਾਲ ਜੋੜਿਆ ਹੈ।ਭਾਈ ਕਾਨ੍ਹ ਸਿੰਘ ਜੀ ਨਾਭਾ ਜੀ ਨੇ ਇਸ ਨੂੰ ਘਰੁ ਦਾ ਅਰਥ ਤਾਲ ਕੀਤਾ ਹੈ ।ਦੂਜਾ ਅਰਥ ਇੱਕ ਹੀ ਰਾਗ ਦੇ ਸਰਗਮ ਪ੍ਰਸਾਰ ਗਾਇਣ ਦੇ ਪ੍ਰਕਾਰ ਨੂੰ ਵੀ ਆਖਿਆ ਜਾਂਦਾ ਹੈ।ਪੰਡਿਤ ਵਿਅਕੰਟ ਨੇ ਆਪਣੇ ਗ੍ਰੰਥ "ਚਤੁਰਦੰਡ ਪ੍ਰਕਾਸ਼ਿਕਾ" ਵਿੱਚ ਰਾਹਾਂ ੧੦ ਲੱਛਣ ਵਰਣਨ ਕੀਤੇ ਹਨ।ਅਸਲ ਗੁਰਮਤਿ ਸੰਗੀਤ ਦੇ ਅੰਦਰ ਘਰ ਦੇ ੨ ਅਰਥ ਆਉਂਦੇ ਹਨ।੧. ਤਾਲ, ੨.ਸਵਰ। ਘਰ ਤਾਲ ਦਾ ਸੂਚਕ ਹੈ।ਈਰਾਨੀ ਰਾਗਾਂ ਦੇ ਅੰਦਰ ੨ ਗਾਹ,੪ ਗਾਹ, ੬ ਗਾਹ ਆਦਿ ਆਉਂਦੇ ਹਨ।ਅਮੀਰ ਖੁਸਰੋ ਨੇ ੧੭ ਰਾਗਾਂ ਦੀ ਸੂਚੀ ਨਿਸਚਿਤ ਕੀਤੀ ਸੀ।ਧਨਾਸਰੀ ਰਾਗ ਦੇ ਅੰਦਰ ੧, ੨, ੩, ੪, ੫, ੬, ੭, ੮, ੯, ੧੨ ਤੱਕ ਆਉਂਦਾ ਹੈ।ਸਾਧਾਰਨ ਤੌਰ ਤੇ ਸ਼ਬਦਾਂ ਦੇ ਸ਼ੁਰੂ ਵਿਚ ਸਿਰ-ਲੇਖ ਵਜੋਂ 'ਰਾਗ' ਅਤੇ 'ਮਹਲਾ' ਲਿਖ ਕੇ ਲਫ਼ਜ਼ 'ਘਰ' ਵੀ ਲਿਖਿਆ ਮਿਲਦਾ ਹੈ; ਜਿਵੇਂ:

ਸਿਰੀ ਰਾਗੁ ਮਹਲਾ ੧ ਘਰੁ ੧,ਸਿਰੀ ਰਾਗੁ ਮਹਲਾ ੧ ਘਰੁ ੪,ਸਿਰੀ ਰਾਗੁ ਮਹਲਾ ੩ ਘਰੁ ੧,ਸਿਰੀ ਰਾਗੁ ਮਹਲਾ ੪ ਘਰੁ ੧,ਸਿਰੀ ਰਾਗੁ ਮਹਲਾ ੫ ਘਰੁ ੧'ਅਸਟਪਦੀਆਂ' ਦੇ ਸ਼ੁਰੂ ਵਿਚ, 'ਛੰਤਾਂ' ਦੇ ਸ਼ੁਰੂ ਵਿੱਚ ਵੀ ਇਸੇ ਤਰ੍ਹਾਂ 'ਘਰੁ ੧', 'ਘਰੁ ੨', 'ਘਰੁ ੪' ਆਦਿਕ ਲਫ਼ਜ਼ ਲਿਖੇ ਮਿਲਦੇ ਹਨ ।ਲਫ਼ਜ਼ 'ਘਰੁ' ਵਰਤਣ ਸੰਬੰਧੀ ਭਗਤਾਂ ਦੇ ਸ਼ਬਦਾਂ ਵਿੱਚ ਵੀ ਇਹੀ ਨਿਯਮ ਵਰਤਿਆ ਮਿਲਦਾ ਹੈ; ਜਿਵੇਂ ਭੈਰਉ ਕਬੀਰ ਜੀਉ ਘਰੁ ੧,ਭੈਰਉ ਕਬੀਰ ਜੀਉ ਅਸਟਪਦੀ ਘਰੁ ੨,ਭੈਰਉ ਨਾਮਦੇਉ ਜੀਉ ਘਰੁ ੧,ਭੈਰਉ ਨਾਮਦੇਉ ਜੀਉ ਘਰੁ ੨

## ਸਿਰੀ ਰਾਗੁ

ਪੰਨਾ-੧੪

ਇਸ ਰਾਗ ਦਾ ਨਾਂ ਕੇਵਲ ਸ੍ਰੀ ਹੈ।ਇਹ ਰਾਗ ਸਬਦ ਰਾਗ ਨੂੰ ਸੰਬੋਧਨ ਕੀਤਾ ਗਿਆ ਹੈ।ਇਹ ਰਾਗ ਪੂਰਬੀ ਠਾਟ ਦੀ ਔੜਵ ਸੰਪੂਰਣ ਰਾਗ ਹੈ। ਭਾਵ ਅਰੋਹੀ ਵਿੱਚ ੫ ਸੁਰਾਂ ਅਤੇ ਅਵਰੋਹੀ ੭ ਸੁਰਾਂ ਆਉਂਦੀਆਂ ਹਨ।ਅਰੋਹੀ ਵਿੱਚ ਗਾਂਧਰ ਅਤੇ ਧੈਵਤ ਵਰਜਿਤ ਹਨ।ਰਿਸ਼ਭ



Scanned by CamScanner

ਵਾਦੀ ਅਤੇ ਪੰਚਮ ਸੰਵਾਦੀ ਸੁਰ ਹਨ। ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਤੀਵ੍ ਹਨ ਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ।

ਅਰੋਹੀ--ਸ ਰਾ ਮੀ ਪ ਨ ਸ

ਅਵਰੋਹੀ--ਸ ਨ ਧਾ ਪ ਮੀ ਗ ਰਾ ਸ

ਇਸ ਰਾਗ ਦੇ ਗਾਉਣ ਦਾ ਸਮਾਂ ਸਾਮਾਂ (ਲੌਢਾ ਦਾ) ਵੇਲੇ ਹੈ। ਇਸ ਰਾਗ ਦੇ ਗੁਰਬਾਣੀ ਦੇ ਅੰਦਰ ਵੀ ਅਰਥ ਆਉਂਦੇ ਹਨ।

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ {ਪੰਨਾ ੮੩}

(੧) ਸਿਰਜੀ, ਰਚੀ, ਉਪਾਈ "ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰ।" (੨੭)

(੨) ਸਿਰਿਆਂ/ਹੱਦਾਂ ਤੇ-ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ। (੩੦੩)

(੩) ਸਤਿਕਾਰ/ਸ਼ੋਭਾ ਸੂਚਕ, ਮੰਗਲ ਰੂਪ "ਜਪਿ ਮਨ ਸਿਰੀ ਰਾਮੁ।"(੧੨੦੨)
"ਸਿਰਿ ਗੁਰੂ ਸਾਹਿਬੁ ਸਭ ਊਪਰਿ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ।"(੧੪੦੧)

## ਰਾਗੁ ਮਾਝ

ਪੰਨਾ-੯੪

ਇਸ ਰਾਗ ਸੰਪੂਰਣ ਜਤਿ ਦਾ ਰਾਗ ਹੈ। ਇਹ ਰਾਗ ਵਿੱਚ ਰਿਸ਼ਭ ਮੱਧਮ ਪੰਚਮ ਅਤੇ ਧੈਵਤ, ਸ਼ੁੱਧ ਗਾਂਧਰ ਅਤੇ ਨਿਸ਼ਾਦ ਦੋਵੇ ਸ਼ੁੱਧ ਅਤੇ ਕੋਮਲ ਲੱਗਦੇ ਹਨ। ਗ੍ਰਹਿ ਸੁਰ ਅਤੇ ਸ਼ਾੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਰ ਹੈ।

ਅਰੋਹੀ-- ਸ ਰ ਮ ਪ ਨ ਸ

ਅਵਰੋਹੀ-- ਸ ਨ ਧ ਪ ਧ ਮ ਗ ਮ ਰ ਪ ਗ ਰ ਗ ਸ ਰ ਨ ਸ

ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਗੁਰਬਾਣੀ ਦੇ ਅੰਦਰ ਮਾਝ ਸਬਦ ਦੇ ਵੀ ਅਰਥ ਆਉਦੇ ਹਨ।

ਮਾਝ ਵਿੱਚ, ਹਿਰਦੇ ਦੇ ਅੰਦਰ, ਭੀਤਰ ਅੰਦਰ ਇਸ ਦੇ ਰਾਹੀਂ ਜੀਵ ਆਤਮਾ ਨੂੰ ਪ੍ਰਮਾਤਮਾ ਦੇ ਨਾਲ ਜੋੜਨ ਦੀ ਜੁਗਤਿ ਦੀ ਗੱਲ ਕੀਤੀ ਗਈ ਹੈ।

"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।"(੩੩੮)

"ਪਿਤਾ ਹਮਾਰੇ ਪ੍ਰਗਟੇ ਮਾਝ।" (੧੧੪੧)



Scanned by CamScanner

## ਰਾਗੁ ਗਉੜੀ

ਪੰਨਾ-੧੫੧

ਇਹ ਰਾਗ ਇੱਕ ਰਾਗਣੀ ਹੈ। ਇਹ ਪੂਰਬੀ ਠਾਟ ਦੀ ਔੜਵ ਸਾੜਵ ਹੈ। ਇਹ ਸ੍ਰੀਰਾਗ ਦਾ ਹੀ ਅੰਗ ਹੈ। ਇਸ ਦੀ ਅਰੋਹੀ ਵਿੱਚ ਗਾਂਧਰ ਅਤੇ ਧੈਵਤ ਵਰਜਿਤ ਹਨ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹਨ। ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਤੀਵ੍ਰ ਹਨ ਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਕੁੱਝ ਭੇਦ ਵੀ ਹਨ ਜਿਵੇਂ-ਗੁਆਰੇਰੀ, ਚੇਤੀ, ਪੂਰਬੀ, ਦੀਪਕੀ, ਬੈਰਾਗਣਿ, ਮਾਝ, ਮਾਲਵਾ, ਮਾਲਾ ਇਸ ਨਾਲ ਮਿਲਾ ਕੇ ਗਾਏ ਜਾਂਦੇ ਹਨ। ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥{ਪੰਨਾ ੩੧੧} ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ।

## ਰਾਗੁ ਆਸਾ

ਪੰਨਾ- ੩੪੭

ਇਹ ਰਾਗ ਸੰਪੂਰਣ ਜਾੜਿ ਇੱਕ ਦੇਸੀ ਰਾਗਣੀ ਹੈ। ਰਿਸ਼ਭ ਵਾਦੀ ਅਤੇ ਮੱਧਮ ਸੰਵਾਦੀ ਸੁਰ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਗ੍ਰਹਿ ਸੁਰ ਅਤੇ ਸ਼ਾੜਜ ਹੈ। ਕਈ ਵਿਦਵਾਨ ਇਸ ਨੂੰ ਮੇਘ ਰਾਗਣੀ ਵੀ ਲਿਖਿਆ ਹੈ।

ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਲੇਕਿਨ ਗੁਰਮਤਿ ਦੇ ਅਨੁਸਾਰ ਸੰਧਿਆ ਵਖਤ 'ਸੋ ਦਰ' ਦੀ ਚੌਕੀ ਦਾ ਵਿਧਾਨ ਹੈ।

ਅਰੋਹੀ--ਸ਼ ਰ ਮ ਪ ਧ ਨ ਸ਼

ਅਵਰੋਹੀ—ਰ ਸ਼ ਨ ਧ ਪ ਮ ਗ ਮ ਰ ਸ਼

## ਰਾਗੁ ਗੂਜਰੀ

ਪੰਨਾ- ੪੯੯

ਗੂਜਰੀ, ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ {ਪੰਨਾ ੫੧੬}

ਇਹ ਰਾਗ ਟੋਡੀ ਠਾਟ ਦੀ ਸ਼ਾੜਵ ਰਾਗਣੀ ਹੈ। ਇਹ ਪੂਰਬੀ ਠਾਟ ਦੀ ਔੜਵ ਸਾੜਵ ਹੈ। ਇਸ ਰਾਗ ਵਿੱਚ ਪੰਚਮ ਵਰਜਿਤ ਹੈ। ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਸੁਰ ਹਨ। ਰਿਸ਼ਭ, ਗਾਂਧਰ, ਅਤੇ ਧੈਵਤ ਕੋਮਲ ਹਨ। ਮੱਧਮ ਤੀਵ੍ਰ ਹਨ ਤੇ ਨਿਸ਼ਾਦ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਚੜ੍ਹੇ ਦਾ ਵੇਲਾ ਹੈ।

ਅਰੋਹੀ-- ਸ਼ ਰਾ ਗਾ ਮੀ ਧਾ ਨ ਸ਼

ਅਵਰੋਹੀ— ਸ਼ ਨ ਧਾ ਮੀ ਗਾ ਰਾ ਸ਼



Scanned by CamScanner

## ਰਾਗੁ ਦੇਵਗੰਧਾਰੀ

ਪੰਨਾ-੫੨੭

ਇਹ ਰਾਗ ਬਿਲਾਵਲ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਸ਼ਾੜਜ ਵਾਦੀ ਅਤੇ ਪੰਚਮ ਸੰਵਾਦੀ ਸੁਰ ਹਨ। ਇਸ ਵਿੱਚ ਗਾਂਧਰ ਦੁਰਬਲ ਹੋ ਕੇ ਲੱਗਦਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਦਾ ਵੇਲਾ ਹੈ।

ਅਰੋਹੀ-- ਸ਼ ਰ ਮ ਪ ਧ ਸ਼

ਅਵਰੋਹੀ— ਸ਼ ਨ ਧ ਮ ਗ ਰ ਸ਼

## ਰਾਗੁ ਬਿਹਾਗੜਾ

ਪੰਨਾ-੫੩੭

ਇਹ ਰਾਗ ਬਿਲਾਵਲ ਠਾਟ ਸੰਪੂਰਣ ਰਾਗ ਹੈ। ਇਹ ਬਿਹਾਗ ਵਿੱਚ ਕੋਮਲ ਨਿਸ਼ਾਦ ਲਾਉਣ ਤੇ ਬਿਹਾਗੜਾ ਹੋ ਜਾਂਦਾ ਹੈ। ਇਸ ਵਿੱਚ ਮੱਧਮ ਤੀਵ੍ਰ ਵੀ ਦੁਰਬਲ ਹੋ ਕੇ ਲੱਗਦਾ ਹੈ। ਵਾਦੀ ਸੁਰ ਗਾਂਧਾਰ ਅਤੇ ਸੰਵਾਦੀ ਕੋਮਲ ਨਿਸ਼ਾਦ ਹੈ। ਅੰਤਰੇ ਵਿੱਚ ਸ਼ੁੱਧ ਨਿਸ਼ਾਦ ਵੀ ਲੱਗਦਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੱਧੀ ਰਾਤ ਦਾ ਹੈ।

## ਰਾਗੁ ਵਡਹੰਸੁ

ਪੰਨਾ-੫੫੭

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ ॥ {ਪੰਨਾ ੫੮੫}

ਇਸ ਰਾਗ ਕਮਾਚ ਠਾਟ ਸੰਪੂਰਣ ਰਾਗ ਹੈ। ਇਸ ਵਿੱਚ ੨ ਨਿਸ਼ਾਦ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਵਾਦੀ ਸੁਰ ਪੰਚਮ ਅਤੇ ਸੰਵਾਦੀ ਰਿਸ਼ਭ ਸੁਰ ਲ਼ੱਗਦੇ ਹਨ। ਇਸ ਦਾ ਬਰਵੇ ਨਾਲ ਕਾਫ਼ੀ ਮੇਲ ਹੈ। ਕਈ ਵਡ਼ਹੰਸ ਨੂੰ ਦੇਸ਼ ਵੀ ਆਖਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦੁਪਿਹਰ ਵੇਲਾ, ਰਾਤ ਦੇ ਦੂਜੇ ਪਹਿਰ ਵੀ ਗਾਇਆ ਜਾਂਦਾ ਹੈ।

## ਰਾਗੁ ਸੋਰਠਿ

ਪੰਨਾ- ੫੯੫

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥ (ਪੰਨਾ ੧੪੨੫)

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ {ਪੰਨਾ ੬੪੨}

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥ {ਪੰਨਾ ੬੪੨}

ਇਸ ਰਾਗ ਕਮਾਚ ਠਾਟ ਔੜਵ ਸੰਪੂਰਣ ਰਾਗ ਹੈ। ਅਰੋਹੀ ਵਿੱਚ ੫ ਸੁਰਾਂ ਅਤੇ



Scanned by CamScanner

ਅਵਰੋਹੀ ੭ ਸੁਰਾਂ ਹਨ। ਇਸ ਵਿੱਚ ਗਾਂਧਰ ਦੁਰਬਲ ਹੋ ਕੇ ਲੱਗਦੇ ਹਨ। ਰਿਸ਼ਭ ਵਾਦੀ ਧੈਵਤ ਸੰਵਾਦੀ ਸੁਰ ਲੱਗਦੇ ਹਨ। ਅਰੋਹੀ ਵਿੱਚ ਗਾਂਧਰ ਅਤੇ ਧੈਵਤ ਵਰਜਿਤ ਹਨ। ਇਸ ਵਿੱਚ ੨ ਨਿਸ਼ਾਦ ਸ਼ੁੱਧ ਅਤੇ ਕੋਮਲ ਲੱਗਦੇ ਹਨ। ਅਰੋਹੀ ਵਿੱਚ ਨਿਸ਼ਾਦ ਸ਼ੁੱਧ ਅਤੇ ਅਵਰੋਹੀ ਵਿੱਚ ਕੋਮਲ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਦੂਜੇ ਪਹਿਰ ਵੀ ਗਾਇਆ ਜਾਂਦਾ ਹੈ।

ਅਰੋਹੀ-- ਸ ਰ ਮ ਪ ਨ ਸ

ਅਵਰੋਹੀ— ਸ ਨਾ ਧ ਪ ਮ ਗ ਰ ਸ਼

## ਰਾਗੁ ਧਨਾਸਰੀ

ਪੰਨਾ-੬੬੦

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥

(ਪੰਨਾ ੧੪੧੯)

ਇਹ ਰਾਗ ਕਾਫ਼ੀ ਠਾਟ ਦੀ ਸੰਪੂਰਣ ਰਾਗਣੀ ਹੈ। ਅਰੋਹੀ ਵਿੱਚ ਭੀਮਪਾਲਾਸੀ ਦਾ ਅੰਗ ਹੈ। ਅਵਰੋਹੀ ਵਿੱਚ ਧੈਵਤ ਦੁਰਬਲ ਹੋ ਕੇ ਲੱਗਦੇ ਹਨ। ਅਵਰੋਹੀ ਵਿੱਚ ਪੂਰਬੀ ਅਤੇ ਮੁਲਤਾਨੀ ਦੀ ਰੰਗਤ ਹੈ। ਪੰਚਮ ਗਾਂਧਾਰ ਦੀ ਸੰਗਤਿ ਹੈ। ਪੰਚਮ ਵਾਦੀ ਸੁਰ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਤੀਜਾ ਪਹਿਰ ਦਾ ਵੇਲਾ ਹੈ। ਪੰਚਮ, ਸ਼ਾੜਜ, ਗਾਂਧਾਰ, ਪੰਚਮ, ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ, ਮੱਧਮ ਤੀਵ੍ਰ ਲੱਗਦਾ ਹੈ।

ਅਰੋਹੀ-- ਸ਼ ਰਾ ਗ ਮੀ ਪ ਧਾ ਨ

ਅਵਰੋਹੀ— ਨ ਧਾ ਪ ਮੀ ਗਾ ਰਾ ਧ

## ਰਾਗੁ ਜੈਤਸਰੀ

ਪੰਨਾ-੬੯੬

ਇਹ ਪੂਰਬੀ ਠਾਟ ਦੀ ਔੜਵ ਸੰਪੂਰਣ ਰਾਗਣੀ ਹੈ। ਅਰੋਹੀ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹੈ। ਅਵਰੋਹੀ ਵਿੱਚ ਸਾਰੇ ਸੁਰ ਲੱਗਦੇ ਹਨ। ਗਾਂਧਾਰ ਵਾਦੀ ਵਿੱਚ ਲੱਗਦਾ ਹੈ। ਰਿਸ਼ਭ ਅਤੇ ਧੈਵਤ ਕੋਮਲ ਲੱਗਦੇ ਹਨ। ਮੱਧਮ ਤੀਵ੍ਰ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਚੜ੍ਹੇ ਦਾ ਵੇਲਾ ਹੈ।

ਅਰੋਹੀ-- ਸ਼ ਗ ਮੀ ਨ ਪ ਸ਼

ਅਵਰੋਹੀ— ਸ਼ ਨ ਧਾ ਪ ਮੀ ਗਾ ਰਾ ਸ਼



Scanned by CamScanner

## ਰਾਗੁ ਟੋਡੀ

ਪੰਨਾ-੭੧੧

ਇਹ ਰਾਗ ਟੋਡੀ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਰਾਗ ਵਿੱਚ ਗਾਂਧਾਰ,ਰਿਸ਼ਭ, ਧੈਵਤ ਕੋਮਲ, ਮੱਧਮ ਤੀਵਰ ਲੱਗਦਾ ਹੈ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਧੈਵਤ ਵਾਦੀ ਸੁਰ ਅਤੇ ਗਾਂਧਾਰ ਸੰਵਾਦੀ ਸੁਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਚ੍ਹਾ ਦੂਜਾ ਪਹਿਰ ਦਾ ਵੇਲਾ ਹੈ।

ਅਰੋਹੀ-- ਸ਼ ਰਾ ਗਾ ਮੀ ਧਾ ਨ ਸ਼

ਅਵਰੋਹੀ— ਸ਼ ਨ ਧਾ ਮੀ ਗਾ ਰਾ ਸ਼

## ਰਾਗੁ ਬੈਰਾੜੀ

ਪੰਨਾ- ੭੧੯

ਇਹ ਰਾਗ ਮਾਰੂ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਸੁਰ ਹਨ। ਇਸ ਵਿੱਚ ਸਾੜਜ ਗਾਂਧਰ,ਪੰਚਮ,ਰਿਸ਼ਭ,ਧੈਵਤ ਕੋਮਲ ਅਤੇ ਮੱਧਮ ਤੀਵ੍ਰ ਹੈ ਪਰ ਦੁਰਬਲ ਹੋ ਕੇ ਲੱਗਦਾ ਹੈ। ਇਸ ਰਾਗ ਵਿੱਚ ਗਾਂਧਾਰ ਅਤੇ ਪੰਚਮ ਦੀ ਸੰਗਤ ਰਹਿੰਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

## ਰਾਗੁ ਤਿਲੰਗ

ਪੰਨਾ-੭੨੧

ਇਸ ਰਾਗ ਨੂੰ ਸੰਸਕ੍ਰਿਤ ਦੇ ਗ੍ਰੰਥ ਦੇ ਅੰਦਰ ਤ੍ਰਿਕਲਿੰਗ ਅਤੇ ਤ੍ਰਿਲੰਗ ਆਖਿਆ ਜਾਂਦਾ ਹੈ। ਇਸ ਰਾਗ ਬਿਲਾਵਲ ਠਾਟ ਔੜਵ ਰਾਗ ਹੈ। ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਵਿੱਚ ਨਿਸ਼ਾਦ ਅਤੇ ਪੰਚਮ ਦੀ ਸੰਗਤ ਰਹਿੰਦੀ ਹੈ। ਇਸ ਵਿੱਚ ਵਾਦੀ ਸੁਰ ਗਾਂਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਅਰੋਹੀ-- ਸ਼ ਗ ਮ ਪ ਨ ਸ਼

ਅਵਰੋਹੀ— ਸ਼ ਨ ਪ ਮ ਗ ਸ਼



Scanned by CamScanner

## ਰਾਗੁ ਸੂਹੀ

ਪੰਨਾ-੭੨੯

ਇਸ ਰਾਗਣੀ ਨੂੰ ਸੂਹਾ ਵੀ ਆਖਦੇ ਹਨ। ਇਹ ਰਾਗ ਕਾਫ਼ੀ ਠਾਟ ਦੀ ਸ਼ਾੜਜ ਰਾਗਣੀ ਹੈ। ਇਸ ਰਾਗ ਵਿੱਚ ਧੈਵਤ ਵਰਜਿਤ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਵਾਦੀ ਸੁਰ ਮੱਧਮ ਅਤੇ ਸੰਵਾਦੀ ਸ਼ਾੜਜ ਸੁਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ੨ ਘੜੀ ਦਿਨ ਚੜ੍ਹੇ ਦਾ ਵੇਲਾ ਹੈ। ਇਸ ਰਾਗ ਦੇ ਅੰਦਰ ਨਿਸ਼ਾਦ ਅਤੇ ਗਾਂਧਾਰ ਕੋਮਲ ਲੱਗਦਾ ਹੈ।

ਅਰੋਹੀ-- ਸ਼ ਰੇ ਗਾ ਮਾ ਪਾ ਨਾ ਸ਼

ਅਵਰੋਹੀ— ਸ਼ ਨਾ ਮਾ ਪਾ ਗਾ ਰੇ ਸ਼

## ਰਾਗੁ ਬਿਲਾਵਲੁ

ਪੰਨਾ-੭੯੫

ਇਸ ਰਾਗ ਸੰਪੂਰਣ ਜਾਤਿ ਰਾਗ ਹੈ। ਇਸ ਦੇ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਦੇ ਵਾਦੀ ਸੁਰ ਸ਼ਾੜਜ ਅਤੇ ਸੰਵਾਦੀ ਪੰਚਮ ਹੈ। ਇਹ ਅਨੰਦ ਮੰਗਲ ਵੇਲੇ ਗਾਉਣ ਦਾ ਰਾਗ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ {ਪੰਨਾ ੮੪੯}

ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ ॥ {ਪੰਨਾ ੮੪੯}

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ {ਪੰਨਾ ੮੪੯}

## ਰਾਗੁ ਗੋਂਡ

ਪੰਨਾ- ੮੫੯

ਇਹ ਰਾਗ ਸੰਪੂਰਣ ਜਾਤਿ ਦਾ ਰਾਗ ਹੈ। ਇਹ ਰਾਗ ਵਿੱਚ ਸ਼ਾੜਜ ਗਾਂਧਾਰ, ਰਿਸ਼ਭ ਮੱਧਮ,ਪੰਚਮ ਨਿਸ਼ਾਦ,ਧੈਵਤ ਕੋਮਲ ਹਨ। ਗ੍ਰਿਹ ਸੁਰ ਗਾਂਧਾਰ, ਵਾਦੀ ਪੰਚਮ ਅਤੇ ਸੰਵਾਦੀ ਮੱਧਮ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦੁਪਿਹਰ ਦਾ ਹੈ।

ਸਰਗਮ-ਸ਼ ਰ ਮ ਪ ਦਾ ਸ਼ ਦਾਂ ਨ ਪ ਮ ਗਾ ਮ ਰ ਸ਼



Scanned by CamScanner

## ਰਾਗੁ ਰਾਮਕਲੀ

ਪੰਨਾ-੮੭੬

ਇਸ ਰਾਗ ਭੈਰਵ ਠਾਟ ਔੜਵ ਸੰਪੂਰਣ ਰਾਗਣੀ ਹੈ। ਇਸ ਵਿੱਚ ਅਰੋਹੀ ਮੱਧਮ ਅਤੇ ਨਿਸ਼ਾਦ ਵਰਜਿਤ ਹਨ। ਰਿਸ਼ਭ ਅਤੇ ਧੈਵਤ ਕੋਮਲ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਧੈਵਤ ਵਾਦੀ ਸੁਰ ਅਤੇ ਰਿਸ਼ਭ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜੇ ਤੱਕ ਗਾ ਸਕਦੇ ਹਾਂ।

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥ {ਪੰਨਾ ੯੫੦}

## ਰਾਗੁ ਨਟ ਨਾਰਾਇਨ

ਪੰਨਾ-੯੭੫

ਇਹ ਰਾਗ ਬਿਲਾਵਲ ਅਤੇ ਕਲਿਆਣ ਦੇ ਸੁਮੇਲ ਤੋਂ ਬਣਿਆ ਹੈ। ਇਸ ਰਾਗ ਸੰਪੂਰਣ ਜਾਤਿ ਦਾ ਰਾਗ ਹੈ। ਸਾਰੇ ਸੁਰ ਸ਼ੁੱਧ ਲੱਗਦੇ ਹਨ। ਗੁਰਮਤਿ ਸੰਗੀਤ ਅਨੁਸਾਰ ਇਹ ਕਮਾਚ ਠਾਟ ਦਾ ਔੜਵ ਸ਼ਾੜਵ ਰਾਗ ਹੈ। ਇਸ ਰਾਗ ਵਿੱਚ ਅਰੋਹੀ ਗਾਂਧਰ ਅਤੇ ਨਿਸ਼ਾਦ ਵਰਜਿਤ ਹਨ। ਅਵਰੋਹੀ ਵਿੱਚ ਗਾਂਧਰ ਵਰਜਿਤ ਹਨ। ਰਿਸ਼ਭ ਵਾਦੀ ਸੁਰ ਹਨ। ਇਸ ਵਿੱਚ ਸਾਰੰਗ ਦੀ ਝਲਕ ਪੈਂਦੀ ਹੈ। ਨਿਸ਼ਾਦ ਕੋਮਲ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਅਰੋਹੀ-- ਸ਼ ਰਾ ਮ ਪ ਧ ਸ਼

ਅਵਰੋਹੀ— ਸ਼ ਨਾ ਧ ਪ ਮ ਰ ਸ਼

## ਰਾਗੁ ਮਾਲੀ ਗਉੜਾ

ਪੰਨਾ-੯੮੪

ਇਹ ਰਾਗ ਮਾਰੂ ਠਾਟ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਦੋਵੇਂ ਧੈਵਤ ਲੱਗਦੇ ਹਨ। ਇਹ ਪੁਰੀਆਂ ਅਤੇ ਸ੍ਰੀ ਰਾਗ ਦੇ ਸੁਮੇਲ ਤੋਂ ਬਣਿਆ ਹੈ। ਇਸ ਅੰਦਰ ਰਿਸ਼ਭ ਵਾਦੀ ਅਤੇ ਸੰਵਾਦੀ ਧੈਵਤ ਹੈ। ਰਿਸ਼ਭ ਕੋਮਲ ਧੈਵਤ ਦੋਵੇਂ ਅਤੇ ਮੱਧਮ ਤੀਵ੍ਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ।

ਅਰੋਹੀ-- ਸ਼ ਰਾ ਗ ਮੀ ਪ ਧ ਨ ਸ਼

ਅਵਰੋਹੀ— ਸ਼ ਨ ਧ ਪ ਮੀ ਗ ਰਾ ਸ਼



Scanned by CamScanner

## ਰਾਗੁ ਮਾਰੂ

ਪੰਨਾ-੯੯੪

ਇਹ ਰਾਗ ਸਾੜਵ ਜਾਤਿ ਦਾ ਰਾਗ ਹੈ। ਇਸ ਰਾਗ ਵਿੱਚ ਪੰਚਮ ਵਰਜਿਤ ਹੈ। ਮਾਰੂ ਨੂੰ ਸ਼ਾੜਜ,ਗਾਂਧਾਰ ਦੈਵਤ ਅਤੇ ਨਿਸ਼ਾਦ ਸ਼ੁੱਧ,ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲੱਗਦੇ ਹਨ। ਇਸ ਰਾਗ ਵਿੱਚ ਗਾਂਧਾਰ ਵਾਦੀ ਸੁਰ ਹੈ,ਧੈਵਤ ਸੰਵਾਦੀ ਸੁਰ ਹੈ। ਇਸ ਰਾਗ ਨੂੰ ਯੁੱਧ ਸਮੇਂ ਜੋ ਚਲਾਣੇ ਵਕਤ ਪੜਿਆ ਜਾਂਦਾ ਹੈ।

## ਰਾਗੁ ਤੁਖਾਰੀ

ਪੰਨਾ-੧੧੦੭

ਇਹ ਰਾਗ ਸੰਪੂਰਣ ਜਾਤਿ ਦੀ ਰਾਗਣੀ ਹੈ। ਇਹ ਰਾਗ ਵਿੱਚ ਗ੍ਰਿਹ ਸੁਰ ਸ਼ਾੜਜ ਹੈ। ਰਿਸ਼ਭ ਵਾਦੀ ਸੁਰ ਹੈ। ਪੰਚਮ ਸੰਵਾਦੀ ਹੈ। ਗਾਂਧਾਰ ਮੱਧਮ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ੪ ਪਹਿਰ ਹੈ।

ਸਰਗਮ-ਸ਼ ਰਾ ਗ ਗਾ ਮ ਮਾ ਪ ਧਾ ਨ

## ਰਾਗੁ ਕੇਦਾਰਾ

ਪੰਨਾ-੧੧੧੮

ਇਹ ਰਾਗ ਕਲਿਆਣ ਦਾ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਮੱਧਮ ਸ਼ੁੱਧ ਵਾਦੀ ਸੁਰ ਹਨ। ਇਸ ਰਾਗ ਵਿੱਚ ਤੀਵ੍ਰ,ਨਿਸ਼ਾਦ ਦੋਵੇਂ ਲੱਗਦੇ ਹਨ। ਮੱਧਮ ਸ਼ੁੱਧ ਵਾਦੀ ਸੁਰ ਹੈ,ਸਾੜਜ ਸੰਵਾਦੀ ਹੈ। ਤੀਵ੍ਰ ਮੱਧਮ ਅਤੇ ਗਾਂਧਾਰ ਦੁਰਬਲ ਹੋ ਕੇ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਰਾਤ ਦਾ ਦੂਜਾ ਪਹਿਰ ਹੈ।

ਸਰਗਮ-ਨ ਸ਼ ਮ, ਗ ਪ, ਮੀ ਪ ਧ ਨ ਧਾ ਪ, ਸ਼ ਨਾ ਧ ਪ ਮੀ ਪ ਧ ਪ ਮ ਰ ਸ਼

## ਰਾਗੁ ਭੈਰਉ

ਪੰਨਾ- ੧੧੨੫

ਇਹ ਇੱਕ ਐਸਾ ਰਾਗ ਹੈ ਜਿਸ ਅੰਦਰ ੬ ਰਾਗਾਂ ਦੀ ਗਿਣਤੀ ਆਉਦੀ ਹੈ। ਇਹ ਸੰਪੂਰਣ ਜਾਤਿ ਦਾ ਮਾਰਗੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲੇ ਦਾ ਹੈ। ਰਿਸ਼ਭ ਤੇ ਧੈਵਤ ਕੋਮਲ ਹਨ। ਇਸ ਰਾਗ ਵਿੱਚ ਅਰੋਹੀ ਰਿਸ਼ਭ ਕੋਮਲ ਅਤੇ ਸ਼ੜਜ ਗਾਂਧਾਰ ਮੱਧਮ ਪੰਚਮ ਨਿਸ਼ਾਦ ਸੁੱਧ ਹਨ। ਧੈਵਤ ਵਾਦੀ ਸੁਰ ਹੈ,ਰਿਸ਼ਭ ਸੰਵਾਦੀ ਹੈ।



Scanned by CamScanner

ਅਰੋਹੀ-- ਸ਼ ਰਾ ਗ ਮ ਪ ਧਾ ਨ ਸ਼

ਅਵਰੋਹੀ— ਸ਼ ਨਾ ਧਾ ਮ ਪ ਗ ਰਾ ਸ਼

ਅਲਾਪ—ਧਾ ਧਾ ਪ ਧਾ ਧਾ ਪ ਮ ਗ ਰਾ ਗ ਮ ਗ ਰਾ ਰਾ ਰਾ ਸ਼

## ਰਾਗੁ ਬਸੰਤੁ

ਪੰਨਾ- ੧੧੯੮

ਇਹ ਰਾਗ ਪੂਰਬੀ ਠਾਟ ਦਾ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਮੱਧਮ ਦੋਵੇਂ ਲੱਗਦੇ ਹਨ। ਇਹ ਰਾਗ ਵਿੱਚ ਸ਼ਾੜਜ,ਗਾਂਧਾਰ,ਪੰਚਮ,ਧੈਵਤ ਅਤੇ ਨਿਸ਼ਾਦ ਸ਼ੁੱਧ,ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਬਸੰਤ ਰੁੱਤ ਵਿੱਚ ਰਾਤ ਦਾ ਸਮਾਂ ਹੈ।

ਬਨਸਪਤਿ ਮਉਲੀ ਚੜਿਆ ਬਸੰਤੁ ॥

ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ {ਪੰਨਾ ੧੧੭੬}

ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥ {ਪੰਨਾ ੧੧੭੬}

ਅਰੋਹੀ-- ਸ਼ ਗ ਮ ਧ ਰਾ ਸ਼

ਅਵਰੋਹੀ— ਰਾ ਨ ਧ ਪ ਮੀ ਗ ਮ ਰਾ ਸ਼

## ਰਾਗੁ ਸਾਰਗ

ਪੰਨਾ-੧੧੯੭

ਇਹ ਰਾਗ ਕਾਫ਼ੀ ਠਾਟ ਦੀ ਸੰਪੂਰਣ ਔੜਵ ਸ਼ਾੜਜ ਰਾਗ ਹੈ। ਇਸ ਵਿੱਚ ਅਰੋਹੀ ਵਿੱਚ ੫ ਸੁਰਾਂ ਅਤੇ ਅਵਰੋਹੀ ਵਿੱਚ ੬ ਸੁਰਾਂ ਲੱਗਣ ਗਈਆਂ। ਇਸ ਵਿੱਚ ਨਿਸ਼ਾਦ ਸੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਰਿਸ਼ਭ ਵਾਦੀ ਸੁਰ ਹੈ ਅਤੇ ਸੰਵਾਦੀ ਪੰਚਮ ਸੁਰ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦੁਪਹਿਰ ਦਾ ਵੇਲਾ ਹੈ।

ਅਰੋਹੀ-- ਸ ਰ ਮ ਪ ਨ ਸ

ਅਵਰੋਹੀ— ਸ ਧ ਨਾ ਪ ਮ ਰ ਧ

## ਰਾਗੁ ਮਲਾਰ

ਪੰਨਾ-੧੨੫੪

ਇਸ ਰਾਗ ਵਿੱਚ ਕਈ ਭੇਦ ਵੀ ਹਨ। ਇਹ ਸਾਰੇ ਭੇਦ ਪੂਰਣ ਜਾਤਿ ਦੇ ਹਨ। ਪਰ ਇਥੇ ਅਸੀਨ ਸ਼ੁੱਧ ਮਲਾਰ ਲਿਖਦੇ ਹਾਂ। ਇਹ ਰਾਗ ਕਮਾਚ ਠਾਟ ਦੀ ਔੜਵ ਸੰਪੂਰਣ ਰਾਗ



Scanned by CamScanner

ਹੈ। ਗਾਂਧਾਰ ਅਤੇ ਨਿਸ਼ਾਦ ਵਰਜਿਤ ਹਨ। ਸ਼ਾੜਜ ਰਿਸ਼ਭ, ਮੱਧਮ ਪੰਚਮ, ਧੈਵਤ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਵੇਲਾ ਹੈ। ਮੁੱਖ ਤੌਰ ਤੇ ਰੁੱਤ ਬਰਸਾਤ ਦੀ ਹੈ। ਇਹ ਠੰਡ ਪਾਉਣ ਵਾਲਾ ਰਾਗ ਮੰਨਿਆ ਜਾਂਦਾ ਹੈ। (ਮੁੱਖ ਤੌਰ ਤੇ ਦੇਸੀ ਮਹੀਨਿਆਂ ਦੇ ਅੰਦਰ ਸਾਵਣ ,ਭਾਦਰੋਂ ਵਿੱਚ ਹੀ ਗਾਇਆ ਜਾਂਦਾ ਹੈ।)

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ (ਪੰਨਾ ੧੨੯੩)

ਅਰੋਹੀ-- ਸ਼ ਰ ਮ ਪ ਧ ਨ ਸ਼

ਅਵਰੋਹੀ— ਸ਼ ਧ ਪ ਮ ਧ

## ਰਾਗੁ ਕਾਨੜਾ

ਪੰਨਾ-੧੨੯੪

ਇਸ ਰਾਗ ਦੇ ਅੰਦਰ ਕਾਨੜੇ ਦਾ ਸਰੂਪ ਹੈ- ਇਹ ਆਸਾਵਰੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ। ਇਸ ਵਿੱਚ ਅਰੋਹੀ ਵਿੱਚ ੬ ਸੁਰਾਂ ਅਤੇ ਅਵਰੋਹੀ ਵਿੱਚ ੭ ਸੁਰਾਂ ਲੱਗਣ ਗਈਆਂ। ਅਰੋਹੀ ਵਿੱਚ ਗਾਂਧਾਰ ਦੁਰਬਲ ਹੋ ਕੇ ਲੱਗਦਾ ਹੈ। ਇਸ ਵਿੱਚ ਰਿਸ਼ਭ ਵਾਦੀ ਸੁਰ ਹੈ ਅਤੇ ਸੰਵਾਦੀ ਪੰਚਮ ਸੁਰ ਹਨ। ਰਿਸ਼ਭ ਅਤੇ ਪੰਚਮ ਨਿਸ਼ਾਦ ਦੀ ਸੰਗਤਿ ਹੈ। ਗਾਂਧਾਰ ਧੈਵਤ,ਨਿਸ਼ਾਦ ਕੋਮਲ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਦੂਜੇ ਪਹਿਰ ਦਾ ਵੇਲਾ ਹੈ।

ਅਰੋਹੀ-- ਨ ਸ਼ ਰ ਮ ਪ ਧਾ ਨਾ ਸ਼

ਅਵਰੋਹੀ— ਸ਼ ਧਾ ਨਾ ਪ ਗਾ ਮ ਰ ਸ਼

## ਰਾਗੁ ਕਲਿਆਨ

ਪੰਨਾ-੧੩੧੯

ਇਹ ਰਾਗ ਕਲਿਆਣ ਠਾਟ ਦੀ ਔੜਵ ਸੰਪੂਰਣ ਰਾਗਣੀ ਹੈ। ਇਹ ਰਾਗ ਦੇ ਕਈ ਭੇਦ ਹਨ। ਇਸ ਥਾਂ ਤੇ ਇਸ ਦਾ ਸਹੀ ਰੂਪ ਪ੍ਰਗਟ ਕੀਤਾ ਗਿਆ ਹੈ। ਅਰੋਹੀ ਵਿੱਚ ਮੱਧਮ ਨਿਸ਼ਾਦ ਵਰਜਿਤ ਹੈ। ਗਾਂਧਾਰ ਵਾਦੀ ਸੁਰ ਹੈ,ਧੈਵਤ ਸੰਵਾਦੀ ਹੈ। ਮੱਧਮ ਤੀਵ੍ਰ ਅਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਹੈ।

ਅਰੋਹੀ-- ਸ਼ ਰ ਗ ਪ ਧ ਨ ਸ਼

ਅਵਰੋਹੀ— ਸ਼ ਨ ਧ ਪ ਮੀ ਗ ਰ ਸ਼



Scanned by CamScanner

## ਰਾਗੁ ਪ੍ਰਭਾਤੀ

ਪੰਨਾ-੧੩੨੭

ਇਸ ਰਾਗ ਭੈਰਵੀ ਠਾਟ ਦੀ ਸੰਪੂਰਣ ਜਾਤਿ ਦੀ ਰਾਗਣੀ ਹੈ। ਇਸ ਵਿੱਚ ਸ਼ੜਜ ਗਾਂਧਾਰ ਮੱਧਮ ਪੰਚਮ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਅਤੇ ਧੈਵਤ ਕੋਮਲ ਹਨ। ਗ੍ਰਿਹ ਸੁਰ ਮੱਧਮ ਹੈ। ਇਸ ਵਿੱਚ ਮੱਧਮ ਵਾਦੀ ਸੁਰ ਅਤੇ ਸ਼ਾੜਜ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ।

ਅਰੋਹੀ-- ਸ਼ ਰਾ ਗ ਮ ਪ ਧਾ ਨ ਸ਼

ਅਵਰੋਹੀ— ਸ਼ ਨ ਧਾ ਪ ਮ ਗ ਰਾ ਸ਼

## ਰਾਗੁ ਜੈਜਾਵੰਤੀ

ਪੰਨਾ-੧੩੫੨

ਇਸ ਰਾਗ ਕਮਾਚ ਠਾਟ ਦੀ ਔੜਵ ਸੰਪੂਰਣ ਜਾਤੀ ਹੈ। ਜੋ ਧੁਲ ਸ੍ਰੀ ਬਿਲਾਵਲ ਅਤੇ ਸੋਰਠਿ ਦੇ ਮੇਲ ਤੋਂ ਬਣਦੀ ਹੈ। ਇਸ ਵਿੱਚ ਦੋਵੇਂ ਗਾਂਧਾਰ ਅਤੇ ਦੋਵੇਂ ਨਿਸ਼ਾਦ ਲੱਗਦੇ ਹਨ। ਅਰੋਹੀ ਵਿੱਚ ਨਿਸ਼ਾਦ ਸ਼ੁੱਧ ਅਤੇ ਸ਼ੁੱਧ ਗਾਂਧਾਰ ਲੱਗਦਾ ਹੈ। ਅਵਰੋਹੀ ਵਿੱਚ ਦੋਵੇਂ ਕੋਮਲ ਲੱਗਦੇ ਹਨ। ਪੰਚਮ ਅਤੇ ਰਿਸ਼ਭ ਦੀ ਸੰਗਤ ਵਿੱਚ ਹੈ। ਇਸ ਵਿੱਚ ਰਿਸ਼ਭ ਵਾਦੀ ਸੁਰ ਅਤੇ ਪੰਚਮ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਇਸ ਰਾਗ ਦੇ ਅੰਦਰ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਹੀ ਬਾਣੀ ਅੰਕਿਤ ਹੈ।

ਅਰੋਹੀ-- ਸ਼ ਰੇ ਗ ਮ ਪ ਧਾ ਨ ਸ਼

ਅਵਰੋਹੀ— ਸ਼ ਨਾ ਧ ਪ ਮ ਗਾ ਰ ਸ਼

## ਗਉੜੀ ਗੁਆਰੇਰੀ

ਇਹ ਔੜਵ ਸ਼ਾੜਵ ਜਾਤਿ ਦੀ ਰਾਗਣੀ ਹੈ। ਵਰਜਿਤ ਸੁਰ "ਪ" ਆਰੋਹ ਵਿੱਚ "ਰ" ਹਨ। ਗਾਂਧਾਰ ਵਾਦੀ ਧੈਵਤ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

ਅਰੋਹੀ-- ਸ਼ ਗ ਮ ਧ ਨ ਸ਼

ਅਵਰੋਹੀ— ਸ਼ ਨ ਧ ਗ ਸ਼ ਗ ਰ ਸ ਨ ਰ



Scanned by CamScanner

## ਗਉੜੀ ਚੇਤੀ

ਇਹ ਔੜਵ ਜਾਤਿ ਦੀ ਰਾਗਣੀ ਹੈ। ਇਸ ਨੂੰ ਸ਼ਾੜਜ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਗਾਂਧਾਂਰ ਕੋਮਲ ਅਤੇ ਮੱਧਮ ਤੀਵ੍ਰ ਲੱਗਦਾ ਹੈ। ਗਾਂਧਾਰ ਵਾਦੀ ਸੁਰ ਹੈ ਤੇ ਧੈਵਤ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ੪ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਬੈਰਾਗਣਿ

ਇਹ ਸੰਪੂਰਣ ਜਾਤਿ ਦੀ ਰਾਗਣੀ ਹੈਂ। ਇਸ ਨੂੰ ਸ਼ਾੜਜ ਗਾਂਧਾਰ, ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਗਾਂਧਾਰ ਕੋਮਲ ਅਤੇ ਮੱਧਮ ਤੀਵ੍ਰ ਲੱਗਦਾ ਹੈ। ਮੱਧਮ ਵਾਦੀ ਸੁਰ ਹੈ ਤੇ ਰਿਸ਼ਭ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ। ।

## ਗਉੜੀ ਮਾਲਵਾ

ਇਸ ਨੂੰ ਮਾਲਵੀ ਵੀ ਆਖਦੇ ਹਨ। ਇਹ ਦਸਮ ਗ੍ਰੰਥ ਦੇ ਅੰਦਰ ਵੱਖਰਾ ਰਾਗ ਹੈ। ਲੇਕਿਨ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲੌ ਕੇ ਗਾਇਆ ਜਾਂਦਾ ਹੈ। ਇਹ ਪੂਰਬੀ ਠਾਟ ਦਾ ਸ਼ਾੜਜ ਰਾਗ ਹੈ। ਆਰੋਹੀ ਵਿੱਚ ਨਿਸ਼ਾਦ ਵਰਜਿਤ ਹੈ। ਜੇ ਲਗਾਇਆ ਜਾਵੇ ਤਾਂ ਵੀ ਬਹੁਤ ਹੀ ਕੋਮਲ ਕਰਕੇ ਲਗਾਇਆ ਜਾ ਸਕਦਾ ਹੈ। ਇਸ ਨੂੰ ਸ਼ਾੜਜ ਗਾਂਧਾਰ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ ਹੋ ਕੇ ਲੱਗਦਾ ਹੈ। ਰਿਸ਼ਭ ਵਾਦੀ ਸੁਰ ਹੈ ਤੇ ਧੈਵਤ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ।

ਅਰੋਹੀ-- ਸ਼ ਰਾ ਗ ਮੀ ਪ ਧਾ ਸ਼
ਅਵਰੋਹੀ— ਸ਼ ਨ ਪ ਮੀ ਗ ਰਾ ਸ਼

## ਗਉੜੀ ਮਾਝ

ਇਹ ਸੰਪੂਰਣ ਜਾਤਿ ਦੀ ਰਾਗ ਹੈ। ਇਸ ਨੂੰ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁੱਧ ਗਾਂਧਾਰ ਅਤੇ ਨਿਸ਼ਾਦ ਦੋਵੇਂ ਸ਼ੁੱਧ ਅਤੇ ਕੋਮਲ ਲੱਗਦੇ ਹਨ। ਗ੍ਰਿਹ ਸੁਰ ਅਤੇ ਸ਼ੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਾਰ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ



Scanned by CamScanner

ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਦੱਖਣੀ

ਇਹ ਸੰਪੂਰਣ ਜਾਤਿ ਦੀ ਰਾਗ ਹੈ। ਇਸ ਵਿੱਚ ਕੋਈ ਸੁਰ ਵੀ ਵਰਜਿਤ ਨਹੀਂ ਹੈ। ਇਸ ਨੂੰ ਗਾਂਧਾਰ,ਧੈਵਤ ਵਰਜਿਤ ਸੁਰ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਮਾਲਾ

ਇਹ ਸੰਪੂਰਣ ਜਾਤਿ ਦਾ ਰਾਗ ਹੈ। ਇਸ ਅੰਦਰ ਕੋਈ ਸੁਰ ਵੀ ਵਰਜਿਤ ਨਹੀ ਹੈ। ਵਾਦੀ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਵਿੱਚ ਗਾਇਆ ਜਾਂਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਪੂਰਬੀ ਦੀਪਕੀ

ਇਹ ਸੰਪੂਰਣ ਜਾਤਿ ਦਾ ਰਾਗ ਹੈ। ਇਸ ਅੰਦਰ ਕੋਈ ਸੁਰ ਵੀ ਵਰਜਿਤ ਨਹੀ ਹੈ। ਇਸ ਨੂੰ ਰਿਸ਼ਭ ਕੋਮਲ ਦੋਵੇਂ ਮੱਧਮ ਦੋਵੇਂ ਧੈਵਤ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਸ਼ਾਮ ਦਾ ਸੰਧੀ ਪ੍ਰਕਾਸ਼ ਵਿੱਚ ਗਾਇਆ ਜਾਂਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਹਿੰਡੋਲ

ਇਹ ਰਾਗ ਕਲਿਆਣ ਠਾਟ ਦਾ ਔੜਵ ਸੰਪੂਰਣ ਰਾਗ ਹੈ। ਇਸ ਦੀ ਗਿਣਤੀ ੬ ਰਾਗਾਂ ਵਿੱਚ ਹੁੰਦੀ ਹੈ। ਇਸ ਵਿੱਚ ਰਿਸ਼ਭ ਅਤੇ ਪੰਚਮ ਸੁਰ ਵਰਜਿਤ ਹਨ। ਇਸ ਰਾਗ ਵਿੱਚ ਸ਼ਾੜਜ, ਗਾਂਧਾਰਧੈਵਤ,ਅਤੇ ਨਿਸ਼ਾਦ ਸ਼ੁੱਧ ਅਤੇ ਮੱਧਮ ਤੀਵਰ ਸੁਰ ਲੱਗਦੇ ਹਨ। ਧੈਵਤ ਵਾਦੀ ਸੁਰ ਹੈ, ਗਾਂਧਾਰ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਹ ਕੋਈ ਵੱਖਰਾ ਰਾਗ ਨਹੀਂ ਬਲਕਿ ਬਸੰਤ ਰਾਗ ਨਾਲ ਮਿਲਾ ਕਿ ਗੁਰੂ ਸਾਹਿਬਾਨ ਨੇ ਲਿਖਿਆ ਹੈ।

ਅਰੋਹੀ-- ਸ਼ ਗ ਮੀ ਧ ਨ ਸ਼

ਅਵਰੋਹੀ— ਸ਼ ਨ ਧ ਮੀ ਗ ਸ਼



Scanned by CamScanner

## ਭੋਪਾਲੀ

ਇਹ ਰਾਗ ਕਲਿਆਣ ਠਾਟ ਦਾ ਔੜਵ ਸੰਪੂਰਣ ਰਾਗਣੀ ਹੈ। ਇਸ ਦੀ ਗਿਣਤੀ ੬ ਰਾਗਾਂ ਵਿੱਚ ਹੁੰਦੀ ਹੈ। ਇਸ ਵਿੱਚ ਮੱਧਮ ਅਤੇ ਨਿਸ਼ਾਦ ਸੁਰ ਵਰਜਿਤ ਹਨ। ਪੰਚਮ ਵਾਦੀ ਸੁਰ ਹੈ, ਨਿਸ਼ਾਦ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਹ ਕੋਈ ਵੱਖਰਾ ਰਾਗ ਨਹੀਂ ਬਲਕਿ ਕਲਿਆਣ ਰਾਗ ਨਾਲ ਮਿਲਾ ਕਿ ਗੁਰੂ ਸਾਹਿਬਾਨ ਨੇ ਲਿਖਿਆ ਹੈ।

## ਬਿਭਾਸ

ਇਹ ਰਾਗ ਭੈਰਵ ਠਾਟ ਦਾ ਔੜਵ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਸ਼ਾੜਜ, ਗਾਂਧਾਰ, ਪੰਚਮ ਸ਼ੁੱਧ, ਧੈਵਤ ਅਤੇ ਰਿਸ਼ਾਭ ਕੋਮਲ ਸੁਰ ਲੱਗਦੇ ਹਨ। ਧੈਵਤ ਵਾਦੀ ਸੁਰ ਹੈ, ਗਾਂਧਾਰ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਇਹ ਕੋਈ ਵੱਖਰਾ ਰਾਗ ਨਹੀਂ ਬਲਕਿ ਬਸੰਤ ਰਾਗ ਨਾਲ ਮਿਲਾ ਕਿ ਗੁਰੂ ਸਾਹਿਬਾਨ ਨੇ ਲਿਖਿਆ ਹੈ।

ਅਰੋਹੀ-- ਸ਼ ਰਾ ਗ ਪ ਧਾ ਸ਼

ਅਵਰੋਹੀ— ਸ਼ ਧਾ ਪ ਗ ਰਾ ਸ਼

### ੩੧ ਰਾਗਾਂ ਵਿਚ ਦੀ ਬਾਣੀ:-

| | ਸ਼ਬਦ | ਅਸਟਪਦੀਆਂ | ਛੰਤ | ਜੋੜ |
|---|---|---|---|---|
| ਮਹਲਾ ੧- | ੨੦੯ | ੧੨੩ | ੨੫ | ੩੫੭ |
| ਮਹਲਾ ੩- | ੧੭੨ | ੭੯ | ੧੯ | ੨੭੦ |
| ਮਹਲਾ ੪- | ੨੯੪ | ੫੮ | ੩੮ | ੩੯੦ |
| ਮਹਲਾ ੫- | ੧੩੨੨ | ੪੫ | ੯੩ | ੧੪੩੦ |
| ਮਹਲਾ ੯- | ੫੯ | | | ੫੯ |
| ਜੋੜ | ੨੦੨੯ | ੩੦੫ | ੧੪੫ | ੨੪੭੯ |



Scanned by CamScanner

# ਧੁਨੀ

ਧੁਨੀ ਸ਼ਬਦ ਦਾ ਪਿਛੋਕੜ ਧਵਨੀ ਸਬਦ ਨਾਲ ਜੁੜਿਆ ਮੰਨਿਆ ਜਾਂਦਾ ਹੈ। ਜਿਸ ਦੇ ਅਰਥ ਨਾਦ ,ਅਵਾਜ, ਗਾਉਣ ਦਾ ਢੰਗ ਜਾਂ ਤਰੀਕਾ ਉਸ ਨੂੰ ਧੁਨੀ ਆਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ੨੨ 'ਵਾਰਾਂ' ਵਿਚੋਂ ੯ ਵਾਰਾਂ ਦੇ ਸਿਰਲੇਖਾਂ ਤੇ ਧੁਨੀ ਦਾ ਪ੍ਰਯੋਗ ਮਿਲਦਾ ਹੈ। ਇਹ ੯ ਧੁਨਾਂ ਰਾਗ ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਰਾਮਕਲੀ, ਸਾਰੰਗ, ਮਲਾਰ, ਕਾਨੜਾ ਵਿੱਚ ਹਨ। ਜਦੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਉਸ ਸਮੇਂ ਇਹ ਰਬਾਬ ਦੇ ਨਾਲ ਗਾਇਣ ਕੀਤੇ ਜਾਂਦੇ ਰਹੇ। ਬਾਅਦ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਹੀ ਧੁਨਾਂ ਨੂੰ ਢਾਡੀਆਂ ਕੋਲੋਂ ਬੀਰ ਰਸ ਲਈ ਗਵਾਈਆਂ। ਪੁਰਾਤਨ ਕੀਰਤਨੀਆਂ ਦੇ ਬਾਅਦ ਹੁਣ ਤਾਂ ਧੁਨਾਂ ਦੇ ਸਰੂਪ ਵੀ ਅਲੋਪ ਹੋ ਗਏ।

(੧) ਨਾਦ, ਸੰਗੀਤ "ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ।" (੪੨)

(੨) ਅਲਾਪੀ; ਗਾਈ "ਸੋਰਠਿ ਗੋਂਡ ਮਲਾਰੀ ਧੁਨੀ।" (੧੪੩੦)

## ਵਾਰ ਮਾਝ ਕੀ ਤਥਾ ਸਲੋਕ ਮਹਲਾ ੧

### ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥

ਪੰਨਾ- ੧੩੭

ਮੁਰੀਦ ਖ਼ਾਂ ਤੇ ਚੰਦ੍ਰਹੜਾ ਦੋਵੇਂ ਰਾਜਪੂਤ ਸਰਦਾਰ ਹੋਏ ਹਨ। ਅਕਬਰ ਦੇ ਦਰਬਾਰ ਵਿੱਚ ਪਹਿਲੇ ਦੀ ਜਾਤਿ ਸੀ 'ਮਲਕ' ਦੂਜੇ ਦੀ 'ਸੋਹੀ'। ਦੋਹਾਂ ਦੀ ਆਪਸ ਵਿੱਚ ਲੱਗਦੀ ਸੀ। ਇੱਕ ਵਾਰੀ ਬਾਦਸ਼ਾਹ ਨੇ ਮੁਰੀਦ ਖ਼ਾਂ ਨੂੰ ਕਾਬੱਲ ਦੀ ਮੁਹਿੰਮ ਤੇ ਘੱਲਿਆ, ਉਸ ਨੇ ਵੈਰੀ ਨੂੰ ਜਿੱਤ ਤਾਂ ਲਿਆ, ਪਰ ਉਥੋਂ ਦੇ ਰਾਜ-ਪ੍ਰਬੰਧ ਕਰਨ ਵਿੱਚ ਕੁਝ ਦੇਰ ਲੱਗ ਗਈ। ਚੰਦ੍ਰਹੜੇ ਨੇ ਅਕਬਰ ਪਾਸ ਚੁਗਲੀ ਕੀਤੀ ਕਿ ਮੁਰੀਦ ਖ਼ਾਂ ਆਕੀ {ਹੁਕਮ ਅਦੂਲੀ} ਹੋ ਬੈਠਾ ਗਿਆ ਹੈ। ਸੋ ਮਾਲਕ ਦੇ ਵਿਰੁੱਧ ਫ਼ੌਜ ਦੇ ਕੇ ਇਸ ਨੂੰ ਘੱਲਿਆ ਗਿਆ। ਦੋਵੇਂ ਜੰਗ ਵਿੱਚ ਆਪੋ ਵਿੱਚ ਲੜ ਕੇ ਮਾਰੇ ਗਏ। ਢਾਡੀਆਂ ਨੇ ਇਸ ਜੰਗ ਦੀ 'ਵਾਰ' ਲਿਖੀ, ਦੇਸ ਵਿੱਚ ਪ੍ਰਚਿੱਲਤ ਹੋਈ । ਗੁਰੂ ਅਰਜਨ ਸਾਹਿਬ ਨੇ ਉਪਰ ਲਿਖਿਆਂ ਸਿਰ-ਲੇਖ ਦੇ ਕੇ ਆਗਿਆ ਕੀਤੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਇਹ ਮਾਝ ਦੀ ਵਾਰ ਉਸ ਧੁਨੀ (ਸੁਰ) ਵਿੱਚ ਗਾਉਣੀ ਹੈ। ਜਿਸ ਵਿੱਚ ਮੁਰੀਂਦ ਖਾਂ ਵਾਲੀ ਗਾਈ ਜਾਂਦੀ ਸੀ।

ਮੁਰੀਦ ਖ਼ਾਂ ਵਾਲੀ ਵਾਰ ਦਾ ਨਮੂਨਾ :—

"ਕਾਬਲ ਵਿਚ ਮੁਰੀਦ ਖ਼ਾਂ ਫੜਿਆ ਵਡ ਜੋਰ ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ ਬਡ ਤੋਰ॥



Scanned by CamScanner

ਦੋਹਾਂ ਕੰਧਾਰਾਂ ਮੂੰਹ ਜੁੜੇ ਦਮਾਮੇ ਦੌਰ॥ ਸ਼ਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ॥
ਹੋਲੀ ਖੇਲੇਂ ਚੰਦ੍ਰਹੜਾ ਰੰਗ ਲਗੇ ਸੌਰ॥ ਦੋਵੇਂ ਤਰਫਾਂ ਜੁੱਟੀਆਂ ਸਰ ਵਗਨ ਕੌਰ॥
ਸੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ॥ ਦੋਵੇਂ ਸੂਰੇ ਸ਼ਾਹਮਣੇ ਜੂਝੇ ਉਸ ਠੌਰ॥"

ਪਉੜੀ॥

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥
ਇਕਿ ਆਵਹਿ ਇਕਿ ਜਾਹਿ ਉਠਿ, ਬਿਨੁ ਨਾਵੈ ਮਰਿ ਜਾਤੀ ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥
ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥
ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥
ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ,
ਬਲਿ ਬਲਿ ਹਉ ਤਿਨ ਜਾਤੀ ॥੧॥ (ਪੰਨਾ ੧੩੮)

## ਗਉੜੀ ਕੀ ਵਾਰ ਮਹਲਾ ੫

### ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

ਪੰਨਾ- ੩੧੮

ਇਹ ਵਾਰ ਗੁਰੂ ਅਰਜਨ ਦੇਵ ਜੀ ਨੇ ਰਾਇ ਕਮਾਲਦੀ ਮੋਜਦੀ ਕੀ ਵਾਰ ਦੀ ਸੁਰ ਉਤੇ ਗਾਉਣ ਦਾ ਹੁਕਮ ਕੀਤਾ ਹੈ । ਬਾਰ ਵਿੱਚ ਇੱਕ ਚੌਧਰੀ ਕਮਾਲੁੱਦੀਨ ਰਹਿੰਦਾ ਸੀ, ਉਸ ਨੇ ਆਪਣੇ ਭਰਾ ਸਾਰੰਗ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ, ਸਾਰੰਗ ਦਾ ਇੱਕ ਪੁੱਤਰ ਸੀ ਜੋ ਅਜੇ ਛੋਟਾ ਹੀ ਸੀ, ਜਿਸ ਦਾ ਨਾਮ ਮੁਆਜ਼ੁੱਦੀਨ ਸੀ। ਸਾਰੰਗ ਦੀ ਵਹੁਟੀ ਆਪਣੇ ਇਸ ਪੁੱਤਰ ਨੂੰ ਲੈ ਕੇ ਪੇਕੇ ਚਲੀ ਗਈ, ਜਦੋਂ ਇਹ ਵੱਡਾ ਹੋਇਆ ਤਾਂ ਨਾਨਕੇ ਫ਼ੌਜ ਲੈ ਕੇ ਕਮਾਲੁੱਦੀਨ ਨਾਲ ਆ ਲੜਿਆ। ਕਮਾਲੁੱਦੀਨ ਦੇ ਰਾਜ ਉਪਰ ਜਿੱਤ ਪ੍ਰਾਪਤ ਕੀਤੀ ਅਤੇ ਇਸ ਰਾਜੇ ਨੂੰ ਮਾਰਿਆ ਗਿਆ। ਇਹ ਸਾਰੀ ਵਾਰਤਾ ਢਾਢੀਆਂ ਨੇ 'ਵਾਰ' ਵਿੱਚ ਗਾਇਆ ਗਿਆ। ਇਸ 'ਵਾਰ' ਦੀ ਚਾਲ ਦਾ ਨਮੂਨਾ ਇਸ ਤਰ੍ਹਾਂ ਹੈ-

'ਰਾਣਾ ਰਾਇ ਕਮਾਲ ਦੀਂ ਰਣ ਭਾਰਾ ਬਾਹੀਂ ॥
ਮੋਜੁੱਦੀਂ ਤਲਵੰਡੀਓਂ ਚੜਿਆ ਸਾਬਾਹੀ' ॥
ਢਾਲੀ ਅੰਬਰ ਛਾਇਆ ਫੁਲੇ ਅੱਕ ਕਾਹੀ॥



Scanned by CamScanner

ਜੁੱਟੇ ਆਹਮੋ ਸਾਹਮਣੇ ਨੇਝੇ ਝੁਲਕਾਹੀ॥
ਮੌਜੇ ਘਰ ਵਧਾਈਆਂ ਗਰ ਚਾਚੇ ਧਾਹੀਂ॥

ਪਉੜੀ ॥
ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥
ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥
ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥
ਸਾਧ ਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ ॥
ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥੧॥ (ਪੰਨਾ ੩੧੮)

## ਆਸਾ ਮਹਲਾ ੧ ॥

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥
(ਪੰਨਾ ੪੬੨)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖੋ ਵੱਖਰੇ ਸ਼ਬਦਾਂ ਅਤੇ ਬਾਣੀਆਂ ਦੇ ਮੁੱਢ ਵਿਚ ਸਿਰਲੇਖ ਵੀ ਗੁਰੂ ਅਰਜਨ ਸਾਹਿਬ ਜੀ ਨੇ ਹੀ ਭਾਈ ਗੁਰਦਾਸ ਜੀ ਤੋਂ ਲਿਖਾਏ ਸਨ। ਆਸਾ ਦੀ ਵਾਰ ਦੇ ਮੁੱਢ ਤੇ ਵੀ ਇਹ ਪੰਕਤੀ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਇਸ ਤੋਂ ਭਾਵ ਇਹ ਹੈ ਕਿ ਇਹ ਵਾਰ ਦੇ ਸਲੋਕ ਅਤੇ ਪਉੜੀਆਂ ਵੀ ਗੁਰੂ ਨਾਨਕ ਦੇਵ ਜੀ ਦੀਆਂ ਹੀ ਲਿਖਾਈ ਹੋਈਆਂ ਹਨ। ਉਹ ਆਪ ਹੀ ਲਿਖ ਰਹੇ ਹਨ ਕਿ ਇਸ ਵਾਰ ਦੇ 'ਨਾਲਿ' ਸਲੋਕ ਭੀ ਅਸਾਂ ਮਹਲੇ ਪਹਿਲੇ ਕੇ ਲਿਖ ਦਿੱਤੇ ਹਨ। ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆ਼ਰ ਹੋਣ ਤੋਂ ਪਹਿਲਾਂ 'ਆਸਾ ਦੀ ਵਾਰ' ਕੇਵਲ ੨੪ ਪਉੜੀਆਂ ਹੀ ਸੀ। ਸਾਰੇ ਗੁਰ-ਮਹਲਾਂ ਦੀ ਅਤੇ ਭਗਤਾਂ ਆਦਿਕਾਂ ਦੀ ਬਾਣੀ ਨੂੰ ਤਰਤੀਬ ਦੇਣ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਹਰੇਕ ਰਾਗ ਦੇ 'ਸ਼ਬਦ' ਫੇਰ 'ਅਸਟਪਦੀਆਂ', 'ਛੰਤ' ਤੇ 'ਵਾਰ' ਆਦਿਕ ਲਿਖਾਏ ਅਤੇ ਰਾਗ ਦੇ ਅੰਖ਼ੀਰ ਵਿੱਚ ਭਗਤਾਂ ਦੇ ਸ਼ਬਦ ਲਿਖੇ ਹਨ। ਏਸੇਂ ਤਰ੍ਹਾਂ ਸਾਰੇ ਗੁਰ-ਮਹਲਾਂ ਦੇ ਸਲੋਕਾਂ ਨੂੰ ਆਪ ਜੀ ਨੇ ਵਾਰਾਂ ਦੀਆਂ ਪਉੜੀਆਂ ਦੇ ਨਾਲ ਦੋ-ਦੋ,ਤਿੰਨ-ਤਿੰਨ ਕਰ ਕੇ ਜੋੜ ਦਿੱਤਾ। ਜਿਹੜੇ ਸਲੋਕ ਵੱਧ ਗਏ ਸਨ। ਉਹਨਾਂ ਨੂੰ ਬੀੜ ਦੇ ਅੰਖ਼ੀਰ ਵਿੱਚ ਦਰਜ ਕੀਤਾ ਤੇ ਸਿਰਲੇਖ ਵਜੋਂ ਲਿਖਿਆ 'ਸਲੋਕ ਵਾਰਾਂ ਤੇ ਵਧੀਕ' ਵਿੱਚ ਹਨ।



Scanned by CamScanner

## ਟੁੰਡੇ ਅਸਰਾਜੈ ਕੀ ਧੁਨੀ ॥

{ਪੰਨਾ ੪੬੨}

ਅਸਰਾਜ ਇੱਕ ਰਾਜੇ ਦਾ ਪੁੱਤਰ ਸੀ, ਜਿਸ ਦਾ ਨਾਮ ਸਾਰੰਗ ਸੀ । ਆਪਣੀ ਇਸਤ੍ਰੀ ਮਰ ਜਾਣ ਕਰਕੇ ਰਾਜਾ ਸਾਰੰਗ ਨੇ ਪਿਛਲੀ ਉਮਰੇ ਇੱਕ ਹੋਰ ਵਿਆਹ ਕਰ ਲਿਆ । ਨਵੀਂ ਰਾਣੀ ਆਪਣੇ ਮੜ੍ਹੇਏ ਪੁੱਤਰ ਅਸਰਾਜ ਤੇ ਰੀਝ ਪਈ,ਪਰ ਅਸਰਾਜ ਆਪਣੇ ਧਰਮ ਤੇ ਕਾਇਮ ਰਿਹਾ।ਜਦੋਂ ਰਾਣੀ ਦੀ ਹੋਰ ਕੋਈ ਚਾਲ ਪੁੱਤਰ ਨੂੰ ਧਰਮ ਤੋਂ ਡੇਗਣ ਵਿੱਚ ਕਾਮਯਾਬ ਨਾ ਹੋ ਸਕੀ ਤਾਂ ਉਸ ਨੇ ਰਾਜੇ ਪਾਸ ਅਸਰਾਜ ਦੇ ਉਲਟਾ ਝੂਠਾ ਇਲਜ਼ਾਮ ਲਗਾ ਦਿੱਤਾ । ਰਾਜੇ ਨੇ ਕ੍ਰੋਧ ਵਿੱਚ ਆ ਕੇ ਪੁੱਤਰ ਵਾਸਤੇ ਫਾਂਸੀ ਦਾ ਹੁਕਮ ਦੇ ਦਿੱਤਾ ।

ਰਾਜੇ ਦਾ ਵਜ਼ੀਰ ਸਿਆਣਾ ਸੀ।ਉਸ ਨੇ ਅਸਰਾਜ ਨੂੰ ਜਾਨੋਂ ਤਾਂ ਨਾ ਮਾਰਿਆ ਪਰ ਉਸ ਦਾ ਇੱਕ ਹੱਥ ਕੱਟ ਕੇ ਉਸ ਨੂੰ ਸ਼ਹਿਰੋਂ ਬਾਹਰ ਕਿਸੇ ਉਜਾੜ ਵਿੱਚ ਇੱਕ ਖੂਹ ਤੇ ਛੱਡ ਦਿੱਤਾ।ਉੱਥੋਂ ਦੀ ਵਣਜਾਰਿਆਂ ਦਾ ਇੱਕ ਕਾਫ਼ਲਾ ਲੰਘਿਆ । ਉਹਨਾਂ ਵਿੱਚੋਂ ਇੱਕ ਵਣਜਾਰੇ ਨੇ ਅਸਰਾਜ ਨੂੰ ਆਪਣੇ ਨਾਲ ਲੈ ਲਿਆ । ਵਣਜਾਰੇ ਕਿਸੇ ਹੋਰ ਰਾਜੇ ਦੇ ਸ਼ਹਿਰ ਵਿੱਚੋਂ ਦੀ ਲੰਘੇ।ਉਥੇ ਅਸਰਾਜ ਇੱਕ ਧੋਬੀ ਦੇ ਪਾਸ ਵੇਚ ਦਿੱਤਾ ਗਿਆ ।

ਅਸਰਾਜ ਉੱਥੇ ਧੋਬੀ ਦੇ ਘਰ ਰਹਿ ਕੇ ਸੇਵਾ ਵਿੱਚ ਆਪਣੇ ਦਿਨ ਬਿਤਾਉਣ ਲੱਗ ਪਿਆ । ਸਮਾਂ ਪਾ ਕੇ ਉਸ ਸ਼ਹਿਰ ਦਾ ਰਾਜਾ ਸੰਤਾਨ-ਹੀਨ ਹੀ ਮਰ ਗਿਆ।ਵਜ਼ੀਰਾਂ ਨੇ ਆਪੋ ਵਿੱਚ ਫ਼ੈਸਲਾ ਕੀਤਾ ਕਿ ਸਵੇਰੇ ਜੋ ਮਨੁੱਖ ਸਭ ਤੋਂ ਪਹਿਲਾਂ ਸ਼ਹਿਰ ਦਾ ਦਰਵਾਜ਼ਾ ਖੜਕਾਏ, ਉਸ ਨੂੰ ਰਾਜ ਦੇ ਦਿੱਤਾ ਜਾਏ।ਅਸਰਾਜ ਦੇ ਭਾਗ ਜਾਗੇ ਧੋਬੀ ਦਾ ਬਲਦ ਖੁੱਲ੍ਹ ਗਿਆ ਬਲਦ ਦੀ ਢੂੰਡ ਭਾਲ ਵਿੱਚ ਅਸਰਾਜ ਸਵੇਰੇ ਹੀ ਉੱਠ ਤੁਰਿਆ ਤੇ ਦਰਵਾਜ਼ਾ ਜਾ ਖੜਕਾਇਆ।ਇਸ ਤਰ੍ਹਾਂ ਉਸ ਦੇਸ਼ ਦਾ ਰਾਜ ਇਸ ਨੂੰ ਮਿਲ ਗਿਆ ।

ਰਾਜੇ ਦਾ ਪੁੱਤਰ ਹੋਣ ਕਰਕੇ ਅਸਰਾਜ ਦੇ ਅੰਦਰ ਰਾਜ-ਪ੍ਰਬੰਧ ਵਾਲੇ ਸੰਸਕਾਰ ਮੌਜੂਦ ਸਨ। ਸੋ ਉਸ ਨੇ ਦੇਸ਼ ਦੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸੰਭਾਲ ਲਿਆ।ਕੁਝ ਸਮਾਂ ਪਾ ਕੇ ਗੁਆਂਢੀ ਦੇਸ਼ਾਂ ਵਿੱਚ ਕਾਲ ਪੈ ਗਿਆ, ਪਰ ਅਸਰਾਜ ਦੇ ਦੇਸ਼ ਵਿੱਚ ਚੰਗਾ ਧਨ ਅਨਾਜ ਸੀ।ਦੂਸਰੇ ਦੇਸ਼ਾਂ ਦੇ ਲੋਕ ਇਸ ਦੇ ਰਾਜ ਵਿੱਚੋਂ ਅੰਨ ਦਾਣਾ ਮੁੱਲ ਲੈਣ ਵਾਸਤੇ ਆਉਣ ਲੱਗ ਪਏ।ਇਸ ਦੇ ਪਿਤਾ ਦਾ ਵਜ਼ੀਰ ਵੀ ਆਇਆ।ਅਸਰਾਜ ਨੇ ਵਜ਼ੀਰ ਨੂੰ ਪਛਾਣ ਲਿਆ।ਆਪੋ ਵਿੱਚ ਦੋਵੇਂ ਬੜੇ ਪ੍ਰੇਮ ਨਾਲ ਮਿਲੇ।ਅਸਰਾਜ ਨੇ ਵਜ਼ੀਰ ਦੀ ਬੜੀ ਸੇਵਾ ਕੀਤੀ, ਤੇ ਕੁੱਝ ਦਿਨ ਕੋਲ ਰੱਖ ਕੇ ਆਪਣੇ ਪਿਤਾ ਦੇ ਦੇਸ਼-ਵਾਸੀਆਂ ਵਾਸਤੇ ਬਹੁਤ ਸਾਰਾ ਅੰਨ ਮੁੱਲ ਲੈਣ ਤੋਂ ਬਿਨਾਂ ਹੀ ਭੇਟ ਕੀਤਾ ।

ਵਜ਼ੀਰ ਨੇ ਵਾਪਸ ਆ ਕੇ ਇਹ ਸਾਰਾ ਬ੍ਰਿਤਾਂਤ ਰਾਜੇ ਨੂੰ ਦੱਸਿਆ ਤੇ ਪ੍ਰੇਰਿਆ ਕਿ ਆਪਣੇ ਪੁੱਤਰ ਨੂੰ ਹੀ ਆਪਣਾ ਰਾਜ ਵੀ ਦੇ ਦਿੱਤਾ। ਰਾਜੇ ਨੂੰ ਆਪਣੇ ਪੁੱਤਰ ਦੇ ਨੇਕ



Scanned by CamScanner

ਆਚਰਨ ਦਾ ਪਤਾ ਲੱਗ ਚੁੱਕਾ ਹੋਇਆ ਸੀ। ਉਸ ਨੇ ਆਪਣੇ ਵਜ਼ੀਰ ਦੀ ਇਹ ਭਲੀ ਸਲਾਹ ਮੰਨ ਲਈ ਤੇ ਆਪਣੇ ਪੁੱਤਰ ਨੂੰ ਸਦਵਾ ਕੇ ਆਪਣਾ ਰਾਜ ਵੀ ਉਸ ਦੇ ਹਵਾਲੇ ਕਰ ਦਿੱਤਾ ।

ਢਾਡੀਆਂ ਨੇ ਇਹ ਸਾਰਾ ਬ੍ਰਿਤਾਂਤ 'ਵਾਰ' ਵਿੱਚ ਜੋੜ ਕੇ ਰਾਜਾ ਦੇ ਦਰਬਾਰ ਵਿੱਚ ਗਾਇਆ ਤੇ ਇਨਾਮ ਹਾਸਿਲ ਕੀਤੇ । ਉਸ ਸਮੇਂ ਤੋਂ ਢਾਡੀ ਇਹ ਵਾਰ ਗਾਉਂਦੇ ਚਲੇ ਆ ਰਹੇ ਹਨ। ਸਤਿਗੁਰੂ ਜੀ ਨੇ 'ਆਸਾ ਦੀ ਵਾਰ' ਵੀ ਇਸੇ 'ਵਾਰ' ਦੀ ਸੁਰ ਉਤੇ ਗਾਉਣ ਦੀ ਆਗਿਆ ਕੀਤੀ ਹੈ। ਪੁਰਾਤਨ ਵਾਰ ਦਾ ਸਰੂਪ ਇਹ ਹੈ।

ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਸੁਲਤਾਨ ਖਾਨ ਬਡ ਸੂਰਮੇ ਵਿੱਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਗੇ।
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤਿਹ ਪਾਈ ਅਸਰਾਜ ਜੀ ਸ਼ਾਹੀ ਪਰ ਸੱਜੇ।

ਪਉੜੀ ॥

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥ {ਪੰਨਾ ੪੬੩}

## ਗੂਜਰੀ ਕੀ ਵਾਰ ਮਹਲਾ ੩

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ॥

{੫੦੮}

ਸਿਕੰਦਰ ਤੇ ਇਬਰਾਹੀਮ ਇੱਕੋ ਕੁੱਲ ਵਿੱਚੋਂ ਸਨ ਅਤੇ ਦੋਵੇਂ ਛੋਟੀਆਂ-ਛੋਟੀਆਂ ਰਿਆਸਤਾਂ ਦੇ ਰਾਜੇ ਸਨ। ਦੋਵੇਂ ਸ਼ਰੀਕੇ ਵਿੱਚੋਂ ਭਰਾ ਸਨ। ਇਬਰਾਹੀਮ ਮੰਦ-ਕਰਮੀ ਵਾਲਾ ਜੀਵਨ ਸੀ। ਇਸ ਨੇ ਇੱਕ ਵਾਰੀ ਇੱਕ ਨੌ-ਜਵਾਨ ਬ੍ਰਾਹਮਣ ਦੀ ਨਵੀਂ ਵਿਆਹੀ ਵਹੁਟੀ ਤੇ ਮਾੜੀ ਨਜ਼ਰ ਰੱਖਣੀ ਸ਼ੁਰੂ ਕੀਤੀ, ਬ੍ਰਾਹਮਣ ਨੇ ਸਿਕੰਦਰ ਪਾਸ ਫ਼ਰਿਆਦ ਕੀਤੀ । ਸਿਕੰਦਰ ਤੇ ਇਬਰਾਹੀਮ ਦੋਹਾਂ ਵਿੱਚ ਟਾਕਰਾ ਹੋਇਆ, ਇਬਰਾਹੀਮ ਫੜਿਆ ਗਿਆ, ਪਰ ਜਦੋਂ ਉਹ ਆਪਣੇ ਕੀਤੇ ਤੇ ਪਛਤਾਇਆ ਤਾਂ ਸਿਕੰਦਰ ਨੇ ਉਸ ਨੂੰ ਛੱਡ ਦਿੱਤਾ। ਇਹ ਸਾਕਾ ਢਾਡੀਆਂ ਨੇ 'ਵਾਰ' ਵਿੱਚ ਗਾਇਆ । ਉਸੇ ਹੀ ਸੁਰ ਤੇ ਗੁਰੂ ਅਮਰਦਾਸ ਜੀ ਦੀ ਇਹ ਵਾਰ ਗਾਉਣ



Scanned by CamScanner

ਲਈ ਆਗਿਆ ਹੈ । ਉਸ ਪੁਰਾਤਨ ਵਾਰ ਦਾ ਸਰੂਪ ਇਹ ਹੈ।

ਪਾਪੀ ਖਾਨ ਬਿਰਾਹਮ ਪਰ ਚੜਿਆ ਸੇਕੰਦਰ ।
ਭੇੜ ਦੁਹਾਂ ਦਾ ਮੱਚਿਆ ਬਡ ਰਣ ਦੇ ਅੰਦਰ ।
ਫੜਿਆ ਖਾਨ ਬਿਹਰਾਮ ਨੂੰ ਕਰ ਬਡ ਅਡਬੰਰ।
ਬੱਧਾ ਸੰਗਲ ਪਾਇਕੈ ਜਣ ਕੀਲੇ ਬੰਦਰ।
ਅਪਨਾ ਹੁਕਮ ਮਨਾਇਕੈ ਛੱਡਿਆ ਜਗ ਅੰਦਰ।
ਪਉੜੀ ॥
ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥੧॥

(ਪੰਨਾ ੫੦੯)

## ਵਡਹੰਸ ਕੀ ਵਾਰ ਮਹਲਾ ੪

### ਲਲਾਂ ਬਹਲੀਮਾ ਕੀ ਧੁਨਿ ਗਾਵਣੀ

{ਪੰਨਾ ੫੮੫}

ਲੋਕ ਰਵਾਇਤ ਅਨੁਸਾਰ ਲਲਾਂ ਤੇ ਬਹਲੀਮਾ ਦੋ ਛੋਟੇ-ਛੋਟੇ ਰਾਜਪੂਤ ਰਾਜੇ ਸਨ। ਇਹ ਰਾਜੇ ਕਾਂਗੜੇ ਦੇ ਇਲਾਕੇ ਵਿੱਚ ਰਾਜ ਕਰਿਆ ਕਰਦੇ ਸਨ। ਇੱਕ ਵਾਰੀ ਲਲਾਂ ਦੇ ਇਲਾਕੇ ਵਿੱਚ ਔੜ ਲੱਗ ਗਈ, ਉਸ ਨੇ ਆਪਣੀ ਪੈਦਾਵਾਰ ਦਾ ਛੇਵਾਂ ਹਿੱਸਾ ਦੇਣ ਦਾ ਇਕਰਾਰ ਕਰ ਕੇ ਬਹਲੀਮਾ ਦੀ ਨਹਿਰ ਤੋਂ ਪਾਣੀ ਲਿਆ। ਫ਼ਸਲ ਦਾ ਵੇਲਾ ਆਇਆ ਤਾਂ ਇਸ ਨੇ ਇਕਰਾਰ ਪੂਰਾ ਨਾ ਕੀਤਾ। ਦੋਹਾਂ ਵਿੱਚ ਲੜਾਈ ਹੋ ਪਈ ਪਰ ਬਹਲੀਮਾ ਜਿੱਤ ਗਿਆ। ਇਸ ਲੜਾਈ ਦਾ ਹਾਲ ਕਿਸੇ ਢਾਡੀ ਨੇ 'ਵਾਰ' ਵਿਚ ਗਾਂਵਿਆਂ, ਜਿਸ ਦਾ ਨਮੂਨਾ ਇਸ ਤਰ੍ਹਾਂ ਹੈ :—

ਕਾਲ ਲਲਾਂ ਦੇ ਦੇਸ਼ ਦਾ ਖੋਇਆ ਬਹਿਲੀਮਾ ॥
ਹਿੱਸਾ ਛਟਾ ਮਨਾਇ ਕੈ ਜਲੁ ਨਹਰੋਂ ਦੀਨਾ ॥
ਫਿਰਾਊਨ ਹੋਇ ਲਲਾਂ ਨੇ ਰਣ ਮੰਡਿਆ ਧੀਮਾ ॥
ਭੇੜ ਦੁਹੂ ਦਿਸ ਮੱਚਿਆ ਸੱਟ ਪਈ ਅਜੀਮਾ ॥
ਸਿਰ ਧੜ ਡਿੱਗੇ ਖੇਤ ਵਿਚ ਜਿਉ ਵਾਹਣ ਢੀਮਾ ॥
ਦੇਖਿ ਮਾਰੇ ਲਲਾਂ ਬਹਲੀਮ ਨੇ ਰਣ ਮਹਿ ਬਰਛੀਮਾ ॥



Scanned by CamScanner

ਸਤਿਗੁਰੂ ਜੀ ਨੇ ਆਗਿਆ ਕੀਤੀ ਹੈ ਕਿ ਇਸ ਵਾਰ ਦੀ ਸੁਰ ਤੇ ਗੁਰੂ ਰਾਮਦਾਸ ਜੀ ਦੀ ਇਹ ਵਡਹੰਸ ਦੀ ਵਾਰ ਗਾਉਣੀ ਹੈ ।

ਪਉੜੀ ॥
ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥
ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥
ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥
ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥
ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥
{ਪੰਨਾ ੮੮੫}

## ਰਾਮਕਲੀ ਕੀ ਵਾਰ ਮਹਲਾ ੩॥

ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥

{ਪੰਨਾ ੯੪੭}

ਇੱਕ ਰਾਜਪੂਤ ਰਾਜਾ ਸੀ ਜਿਸ ਦਾ ਨਾਂ ਪੂਰਬਾਣ ਸੀ। ਇਸ ਰਾਜੇ ਦੇ ੨ ਪੁੱਤਰ ਸਨ । ਇੱਕ ਜੋਧਾ ਤੇ ਦੂਜਾ ਵੀਰਾ ਸੀ। ਇਹ ਦੋਵੇ ਜੰਗਲ ਵਿੱਚ ਰਹਿੰਦੇ ਹੋਇਆ ਲੁੱਕ ਛੁੱਪਕੇ ਡਾਕੇ ਮਾਰਿਆ ਕਰ ਦੇ ਸਨ । ਬਾਦਸ਼ਾਹ ਅਕਬਰ ਨੇ ਇਹਨਾਂ ਦੇ ਬਹਾਦਰੀ ਦੇ ਬਹੁਤ ਕਿੱਸੇ ਸੁਣੇ ਸਨ। ਬਾਦਸ਼ਾਹ ਅਕਬਰ ਨੇ ਇਹਨਾਂ ਨੂੰ ਫੌਜ਼ ਵਿੱਚ ਨੌਕਰੀ ਲਈ ਪੇਸ਼ਕਸ ਭੇਜੀ ਪਰ ਇਹਨਾਂ ਨੇ ਠੁਕਰਾ ਦਿੱਤੀ। ਬਾਦਸ਼ਾਹ ਅਕਬਰ ਤੋਂ ਬਾਗ਼ੀ ਹੋਏ ਬੈਠੇ ਸਨ। ਬਾਦਸ਼ਾਹ ਅਕਬਰ ਗੁੱਸੇ ਵਿੱਚ ਆ ਕੇ ਇਹਨਾਂ ਤੇ ਚੜ੍ਹਾਈ ਕੀਤੀ, ਇਹ ਬੜੀ ਬੀਰਤਾ ਨਾਲ ਰਣ ਵਿੱਚ ਲੜ ਕੇ ਵੀਰ ਗਤੀ ਪ੍ਰਾਪਤ ਕਰ ਗਏ । ਢਾਡੀਆਂ ਨੇ ਇਹਨਾਂ ਦੀ ਸੂਰਮਤਾ ਦੀ ਵਾਰ ਬਣਾਈ, ਇਸ ਵਾਰ ਵਿਚੋਂ ਨਮੂਨੇ ਦੇ ਤੌਰ ਹੇਠ-ਲਿਖੀ ਪਉੜੀ ਹੈ :

ਜੋਧੇ ਵੀਰ ਪੂਰਬਾਣੀਏਂ ਦੋ ਗੱਲਾਂ ਕਰੀਨ ਕਰਾਰੀਆਂ ॥
ਫੌਜਾਂ ਚਾੜ੍ਹੀਆਂ ਬਾਦਸ਼ਾਹ ਅਕਬਰ ਨੇ ਭਾਰੀਆਂ ॥
ਸਨਮੁਖ ਹੋਏ ਰਾਜਪੂਤ ਸੁਤਰੀ ਰਣ ਕਾਰੀਅ੍ਹਾਂ ॥
ਇੰਦਰ ਸਣੇ ਅਪੱਛਰਾਂ ਮਿਲਿ ਕਰਨਿ ਜੁਹਾਰੀਆਂ ॥
ਏਹੀ ਕੀਤੀ ਜੋਧ ਵੀਰ ਪਤਸ਼ਾਹੀ ਗੱਲਾਂ ਸਾਰੀਆਂ ॥

ਪਉੜੀ ॥
ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥



Scanned by CamScanner

ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ ॥
ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ॥
ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥
ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ ॥੧॥ (ਪੰਨਾ ੯੪੭)

## ਸਾਰੰਗ ਕੀ ਵਾਰ ਮਹਲਾ ੪

### ਰਾਇ ਮਹਮੇ ਹਸਨੇ ਕੀ ਧੁਨਿ

ਮਹਿਮਾ ਤੇ ਹਸਨਾ ਦੋਵੇਂ ਭੱਟੀ ਰਾਜਪੂਤ ਸਰਦਾਰ ਸਨ। ਮਹਿਮਾ ਕਾਂਗੜੇ ਦਾ ਰਹਿਣ ਵਾਲਾ ਸੀ ਅਤੇ ਹਸਨਾ ਧੌਲੇ ਦਾ ਰਹਿਣ ਵਾਲਾ ਰਜਵਾੜਾ ਸੀ। ਹਸਨੇ ਨੇ ਚਲਾਕੀ ਨਾਲ ਮਹਿਮੇ ਨੂੰ ਅਕਬਰ ਦੇ ਕੋਲ ਕੈਦ ਕਰਾ ਦਿੱਤਾ। ਪਰ ਮਹਿਮੇ ਨੇ ਆਪਣੀ ਬਹਾਦਰੀ ਦੇ ਕਾਰਨਾਮੇ ਵਿਖਾ ਕੇ ਬਾਦਸ਼ਾਹ ਨੂੰ ਖ਼ੁਸ਼ ਕਰ ਲਿਆ ਤੇ ਸ਼ਾਹੀ ਫ਼ੌਜ ਲੈ ਕੇ ਹਸਨੇ ਤੇ ਆ ਚੜ੍ਹਿਆ। ਚੋਖਾ ਚਿਰ ਦੋਹੀਂ ਧਿਰੀਂ ਲੜਾਈ ਹੋਈਂ ਤੇ ਆਖ਼ਿਰ ਮਹਿਮੇ ਦੀ ਜਿੱਤ ਹੋਈ। ਇਸ ਨੂੰ ਕੈਦ ਕਰ ਲਿਆ ਪ੍ਰੰਤੂ ਇਸ ਨੇ ਆਪਣੀ ਗਲਤੀ ਦੀ ਮੁਆਫ਼ੀ ਮੰਗੀ ਤਾਂ ਮਹਿਮੇ ਨੇ ਇਸ ਨੂੰ ਛੱਡ ਦਿੱਤਾ। ਢਾਢੀਆਂ ਨੇ ਇਸ ਗੱਲ ਨੂੰ ਦੇਖਕੇ ਜੰਗ ਦੀ ਜਿੱਤ ਨੂੰ ਮੁੱਖ ਰੱਖ ਕੇ ਇਹ ਵਾਰ ਲਿਖੀ। ਇਸੇ ਵਾਰ ਦੀ ਸੁਰ ਤੇ ਗੁਰੂ ਰਾਮਦਾਸ ਸਾਹਿਬ ਦੀ ਰਚੀ ਹੋਈ ਸਾਰੰਗ ਰਾਗ ਵੀ ਵਾਰ ਦੇ ਗਾਉਣ ਦੀ ਹਿਦਾਇਤ ਕੀਤੀ ਗਈ ਹੈ। ਉਸ ਵਾਰ ਵਿਚੋਂ ਨਮੂਨੇ ਲਈ ਹੇਠ-ਲਿਖੀ ਪਉੜੀ ਹੈ:—

ਮਹਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ ॥
ਹਸਨੇ ਬੇ-ਈਮਾਨਗੀ ਨਾਲ ਮਹਮੇ ਥੱਟੀ ॥
ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ ।
ਮਹਮੇ ਪਾਈ ਫਤਹ ਰਣ ਗਲ ਹਸਨੇ ਘੱਟੀ ॥
ਬੰਨ੍ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ ॥

ਪਉੜੀ ॥

ਆਪੇ ਆਪਿ ਨਿਰੰਜਨਾ, ਜਿਨਿ ਆਪੁ ਉਪਾਇਆ॥
ਆਪੇ ਖੇਲੁ ਰਚਾਇਓਨੁ, ਸਭੁ ਜਗਤੁ ਸਬਾਇਆ ॥
ਤ੍ਰੈ ਗੁਣ ਆਪਿ ਸਿਰਜਿਅਨੁ, ਮਾਇਆ ਮੋਹੁ ਵਧਾਇਆ ॥
ਗੁਰ ਪਰਸਾਦੀ ਉਬਰੇ, ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ, ਸਭ ਸਚਿ ਸਮਾਇਆ ॥੧॥ (ਪੰਨਾ ੧੨੩੭)



Scanned by CamScanner

# ਵਾਰ ਮਲਾਰ ਕੀ ਮਹਲਾ ੧

ਰਾਣੈ ਕੈਲਾਸ ਤਥਾ ਮਾਲ ਦੇ ਕੀ ਧੁਨਿ ॥

(ਪੰਨਾ ੧੨੭੯)

ਕੈਲਾਸ ਦੇਉ ਤੇ ਮਾਲ ਦੇਉ ਦੋਵੇਂ ਸੱਕੇ ਭਰਾ ਸਨ। ਇਹ ਜੰਮੂ ਕਸ਼ਮੀਰ ਦੇ ਰਾਜੇ ਤੇ ਜਹਾਂਗੀਰ ਦਾ ਕੋਲ ਟੈਕਸ ਭਰਦੇ ਸਨ। ਇਹਨਾਂ ਨੂੰ ਕਮਜ਼ੋਰ ਕਰਨ ਲਈ ਜਹਾਂਗੀਰ ਨੇ ਕਿਸੇ ਭੇਤੀ ਨੂੰ ਵਿੱਚ ਪਾ ਕੇ ਇਹਨਾਂ ਨੂੰ ਆਪੋ ਵਿੱਚ ਲੜਾ ਦਿੱਤਾ। ਇਹਨਾਂ ਵਿੱਚ ਤਕੜਾ ਯੁੱਧ ਹੋਇਆ, ਮਾਲ ਦੇਉ ਜਿੱਤ ਗਿਆ, ਕੈਲਾਸ ਦੇਉ ਪਕੜਿਆ ਗਿਆ। ਉਸ ਨੇ ਅਪਨੇ ਭਰਾ ਕੋਲੋਂ ਮੁਆਫ਼ੀ ਮੰਗੀ ਮਾਲ ਦੇਉ ਨੇ ਮੁਆਫ਼ ਕਰ ਦਿੱਤਾ। ਫਿਰ ਦੋਵੇਂ ਭਰਾ ਸੁਲਹ ਕਰ ਕੇ ਪਿਆਰ ਨਾਲ ਰਲ ਬੈਠੇ, ਅੱਧਾ-ਅੱਧਾ ਰਾਜ ਵੰਡ ਲਿਆ। ਢਾਡੀਆਂ ਨੇ ਇਸ ਜੰਗ ਦੀ ਵਾਰ ਲਿਖੀ । ਇਸ 'ਵਾਰ' ਵਿਚੋਂ ਨਮੂਨੇ ਦੀ ਪਉੜੀ:—

ਧਰਤ ਘੋੜਾ, ਪਰਬਤ ਪਲਾਣ, ਸਿਰ ਟੱਟਰ ਅੰਬਰ ॥
ਨੌ ਸੌ ਨਦੀ ਨੜਿੰਨਵੇ ਰਾਣਾ ਜਲ ਕੰਬਰ ॥
ਢੁਕਾ ਰਾਇ ਅਮੀਰ ਦੇਵ ਕਰਿ ਮੇਘ ਅਡੰਬਰ ॥
ਆਣਿਤ ਖੰਡਾ ਰਾਣਿਆਂ ਕੈਲਾਸ਼ੈ ਅੰਦਰ ॥
ਬਿਜਲੀ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ ॥
ਮਾਲਦੇਉ ਕੈਲਾਸ਼ ਨੂੰ ਬੱਧਾ ਕਰਿ ਸੰਬਰ ॥
ਫਿਰ ਅੱਧਾ ਧਨ ਮਾਲਦੇਉ ਛਡਿਆ ਗੜ੍ਹ ਅੰਦਰ ॥
ਮਾਲਦੇਉ ਜਸੁ ਖਟਿਆ ਵਾਂਗ ਸ਼ਾਹ ਸਿਕੰਦਰ ॥

ਜਿਸ ਸੁਰ ਵਿਚ ਮਾਲਦੇਉ ਦੀ ਇਹ ਵਾਰ ਲੋਕ ਗਾਉਂਦੇ ਸਨ, ਉਸੇ ਸੁਰ ਵਿਚ ਗੁਰੂ ਨਾਨਕ ਦੇਵ ਜੀ ਦੀ ਇਹ ਵਾਰ ਗਾਉਣ ਦੀ ਹਿਦੈਤ ਹੈ ।

ਆਪੀਨੈ ਆਪੁ ਸਾਜਿ, ਆਪੁ ਪਛਾਣਿਆ ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ (੧੨੭੯)



Scanned by CamScanner

# ਕਾਨੜੇ ਕੀ ਵਾਰ ਮਹਲਾ ੪

## ਮੂਸੇ ਕੀ ਵਾਰ ਕੀ ਧੁਨੀ

ਗੁਰੂ ਰਾਮਦਾਸ ਜੀ ਦੀ ਇਸ ਵਾਰ ਨੂੰ ਮੂਸੇ ਦੀ ਵਾਰ ਦੀ ਧੁਨ ਉਪਰ ਗਾਉਣ ਲਈ ਆਦੇਸ਼ ਕੀਤਾ ਹੈ। ਮੂਸਾ ਇੱਕ ਸੂਰਮਾ ਸੀ, ਇਸ ਦੀ ਮੰਗੇਤ੍ਰ ਕਿਸੇ ਰਾਜੇ ਨਾਲ ਵਿਆਹੀ ਗਈ। ਮੂਸੇ ਨੇ ਉਸ ਰਾਜੇ ਤੇ ਚੜ੍ਹਾਈ ਕਰ ਕੇ ਰਾਜੇ ਨੂੰ ਤੇ ਉਸ ਆਪਣੀ ਮੰਗੇਤ੍ਰ ਨੂੰ ਪਕੜ ਲਿਆਂਦਾ। ਪਰ ਜਦੋਂ ਉਸ ਨੇ ਇਸਤ੍ਰੀ ਪਾਸੋਂ ਪੁੱਛਿਆ ਕਿ ਤੂੰ ਕਿਸ ਨਾਲ ਰਹਿਣਾ ਚਾਹੁੰਦੀ ਹੈ। ਉਸ ਨੇ ਉੱਤਰ ਦਿੱਤਾ ਕਿ ਜਿਸ ਨਾਲ ਮੈਂ ਵਿਆਹੀ ਗਈ ਹਾਂ ਉਸ ਨਾਲ ਹੀ ਰਹਿਣਾ ਹੈ। ਮੂਸੇ ਨੇ ਇਹ ਸੁਣ ਕੇ ਰਾਜੇ ਨੂੰ ਤੇ ਉਸ ਦੀ ਇਸਤ੍ਰੀ ਨੂੰ ਮਾਫ਼ ਕਰ ਕੇ ਇੱਜ਼ਤ ਨਾਲ ਮੋੜ ਦਿੱਤਾ। ਮੂਸੇ ਦੀ ਇਸ ਬਹਾਦਰੀ ਤੇ ਖੁੱਲ੍ਹ ਦਿਲੀ ਤੇ ਢਾਡੀਆਂ ਨੇ ਵਾਰ ਲਿਖਕੇ ਗਾਇਆ। ਜਿਸ ਦੀ ਨਮੂਨੇ ਦੀ ਇਕ ਪਉੜੀ ਇਉਂ ਹੈ—

ਤ੍ਰੈ ਸੈ ਸੱਠ ਮਰਾਤਬਾ ਇਕ ਗੁਰੀਏ ਡੱਗੈ ॥
ਚੜ੍ਹਿਆ ਮੂਸਾ ਪਾਤਸ਼ਾਹ ਸਭ ਜੱਗ ਪਰੱਥੈ ॥
ਚੰਦ ਚਿਟੇ ਬਡ ਹਾਥੀਆਂ ਕਹੁ ਕਿਤ ਵਰੱਗੇ ॥
ਰੁਤ ਪਛਾਤੀ ਬਗਲਿਆਂ ਘਟ ਕਾਲੀ ਅੱਗੈ ॥
ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੈ ॥

ਪਉੜੀ॥

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ ॥
ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ
ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹ
ਰਿ ਬੋਲਤ ਸਭਿ ਪਾਪ ਲਹੋਗੀਆ ॥੧॥ (ਪੰਨਾ ੧੩੧੩)



Scanned by CamScanner

# ਰਾਮਕਲੀ ਕੀ ਵਾਰ

## ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

੯੬੬

ਬਲਵੰਡ ਤੇ ਸੱਤਾ ਗੁਰੂ ਘਰ ਅੰਦਰ ਕੀਰਤਨ ਕਰਿਆ ਕਰ ਦੇ ਸਨ। ਸੱਤੇ ਦੀ ਲੜਕੀ ਦੀ ਸ਼ਾਦੀ ਆ ਗਈ ਤੇ ਖ਼ਰਚ ਲਈ ਮਾਇਆ ਲੈਣ ਲਈ ਆਏ ਪਰ ਗੁਰੂ ਘਰ ਅੰਦਰ ਮੁਸ਼ਕਿਲ ਸਮਾਂ ਸੀ। ਲੰਗਰ ਵੀ ਮਸਤਾਨਾ ਹੋਣ ਲੱਗ ਪਿਆ ਸੀ। ਉਸ ਸਮੇਂ ਬਾਬਾ ਪ੍ਰਿਥੀ ਚੰਦ ਨੇ ਗੁਰੂ ਅਰਜਨ ਸਾਹਿਬ ਜੀ ਦੇ ਰਾਹ ਵਿੱਚ ਰੋਕਾਂ ਪਾਣ ਲਈ ਤੁੱਲੇ ਹੋਏ ਸਨ। ਅੰਮ੍ਰਿਤਸਰ ਵਿੱਚ ਵੱਸਦੇ ਕਈ ਬੰਦਿਆਂ ਨੂੰ ਲਾਲਚ ਦੇ ਕੇ ਚੁੱਕਦੇ ਹੋਣਗੇ। ਸੰਗਤਾਂ ਨੂੰ ਭੁਲੇਖੇ ਵਿੱਚ ਪਾਉਣ ਲਈ ਬਾਬਾ ਪ੍ਰਿਥੀ ਚੰਦ ਨੇ ਕੁਝ ਸਾਥੀ ਵੀ ਨਾਲ ਰਲਾਏ ਹੋਏ ਸਨ। ਇਹ ਵੀ ਹੋ ਸਕਦਾ ਹੈ ਕਿ ਸੱਤੇ ਬਲਵੰਡ ਨੂੰ ਵੀ ਪ੍ਰੇਰਨਾ ਕੀਤੀ ਗਈ ਹੋਵੇ। ਪਰ ਉਹ ਨਾ ਮੰਨੇ ਹੋਣ। ਇਹ ਵੀ ਹੋ ਸਕਦਾ ਹੈ ਕਿ ਲੜਕੀ ਦੀ ਸ਼ਾਦੀ ਸਮੇਂ ਗੁਰੂ ਅਰਜਨ ਸਾਹਿਬ ਪਾਸੋਂ ਵਿਤੋਂ ਵਧੀਕ ਮਾਇਆ ਮੰਗਣ ਦੀ ਪ੍ਰੇਰਨਾ ਬਾਬਾ ਪ੍ਰਿਥੀ ਚੰਦ ਜੀ ਦੇ ਆਦਮੀਆਂ ਵੱਲੋਂ ਕਰਾਈ ਕੀਤੀ ਗਈ ਹੋਵੇ। ਜੇ ਇਹ ਚੁੱਕ ਜਾਂ ਪ੍ਰੇਰਨਾ ਨਾ ਵੀ ਹੋਵੇ ਤਾਂ ਵੀ ਇਹ ਹੋ ਸਕਦਾ ਹੈ ਕਿ ਗੁਰੂ ਅਰਜਨ ਸਾਹਿਬ ਦੇ ਦਰ ਤੋਂ ਉਸ ਵੇਲੇ ਆਪਣੀ ਲੋੜ ਪੂਰੀ ਨਾ ਹੁੰਦੀ ਵੇਖ ਕੇ ਸੱਤਾ ਤੇ ਬਲਵੰਡ ਇਹ ਆਸ ਬਣਾ ਬੈਠੇ ਹੋਣ ਕਿ ਜੇ ਬਾਬਾ ਪ੍ਰਿਥੀ ਚੰਦ ਜੀ ਦਾ ਵਧੀਕ ਜ਼ੋਰ ਪੈ ਗਿਆ ਤੇ ਗੁਰੂ ਅਰਜਨ ਸਾਹਿਬ ਵਾਲਾ ਪਾਸਾ ਢਿੱਲਾ ਹੋ ਗਿਆ ਤਾਂ ਦੂਜੇ ਪਾਸੇ ਚੱਲ ਕੀਰਤਨ ਕਰਾਂਗੇ। ਸੋ ਇਹ ਰੁੱਸ ਪਏ। ਗੁਰੂ ਅਰਜਨ ਸਾਹਿਬ ਇਹਨਾਂ ਨੂੰ ਮੰਨਾਣ ਗਏ । ਮਾਇਆ ਹੁੰਦੀ ਤਾਂ ਇਹ ਰੁੱਸਦੇ ਹੀ ਕਿਉਂ? ਗੁਰੂ ਅਰਜਨ ਸਾਹਿਬ ਦੀ ਉਮਰ ਵੀ ਅਜੇ ਅਠਾਰਾਂ ਉੱਨੀ ਸਾਲ ਦੀ ਹੀ ਸੀ, ਅਜੇ ਤੱਕ ਇਹਨਾਂ ਲੋਕਾਂ ਨੇ ਸਤਿਗੁਰੂ ਜੀ ਦੇ ਜੀਵਨ ਵਿੱਚੋਂ ਕੋਈ ਐਸੇ ਉੱਚੇ ਚੁਮਕਾਰੇ ਵੀ ਨਹੀਂ ਵੇਖੇ ਸਨ, ਜੋ ਬਾਬਾ ਲਹਿਣਾ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਗੁਰੂ ਬਣਨ ਤੋਂ ਪਹਿਲਾਂ ਵਿਖਾ ਚੁੱਕੇ ਸਨ । ਗੁਰੂ ਅਰਜਨ ਸਾਹਿਬ ਜੀ ਦਾ ਆਪ ਚੱਲ ਕੇ ਜਾਣਾ ਵੀ ਸੱਤੇ ਬਲਵੰਡ ਨੂੰ ਨਾ ਲਿਆ ਸਕੇ। ਇਹ ਸਗੋਂ ਹੋਰ ਵੀ ਖੁੰਝ ਗਏ। ਸਮਝ ਬੈਠੇ, ਪ੍ਰਿਥੀ ਚੰਦ ਜੀ ਦੀ ਵਿਰੋਧਤਾ ਦੇ ਕਾਰਨ ਗੁਰੂ ਅਰਜਨ ਸਾਹਿਬ ਦੀ ਗੁਰੂ-ਪਦਵੀ ਵੀ ਸਾਡੇ ਹੀ ਆਸਰੇ ਹੈ। ਹਉਮੈ ਵਿਚ ਆ ਗਏ ਤੇ ਗੁਰੂ ਨਾਨਕ ਸਾਹਿਬ ਦੀ ਸ਼ਾਨ ਵਿੱਚ ਵੀ ਬੋਲ ਕੁਬੋਲ ਬੋਲੇ ਨੇ ਇਹਨਾਂ ਨੇ। ਬੱਸ ਫਿਰ ਕੀ ਸੀ! ਗੁਰੂ ਘਰ ਦੇ ਨਾਲੋਂ ਇਹਨਾਂ ਦੇ ਸੰਬੰਧ ਟੁੱਟ ਗਏ। ਸਤਿਗੁਰੂ ਜੀ ਨੇ ਆ ਕੇ ਸੰਗਤਾਂ ਨੂੰ ਸੱਤੇ ਬਲਵੰਡ ਤੋਂ ਕੀਰਤਨ ਸੁਣਨ ਤੋਂ ਮਨ੍ਹਾ ਕਰ ਦਿੱਤਾ। ਰਬਾਬੀਆਂ ਨੇ ਸੰਗਤਾਂ ਨੂੰ ਮੋਹਣ ਲਈ ਆਪਣੇ ਹੁਨਰ ਦਾ ਬਥੇਰਾ ਜ਼ੋਰ ਲਾਇਆ ਹੋਵੇਗਾ। ਪਰ ਸਿੱਖ-ਭੌਰੇ ਅਸਲ ਫੁੱਲ ਨੂੰ ਪਛਾਣ ਚੁੱਕੇ ਸਨ। ਕਿਸੇ ਨੇ ਟਪਲਾ ਨਾ ਖਾਧਾ। ਗੁਰੂ ਅਰਜਨ ਦੇਵ ਜੀ ਆਪ ਕੀਰਤਨ ਕਰਨ ਲੱਗ



Scanned by CamScanner

ਪਏ ਸਨ। ਉਧਰੋਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਉੱਦਮ ਸੰਗਤ ਨੂੰ ਪ੍ਰੇਰਨਾ ਨਾਲ ਸੰਗਤ ਗੁਰੂ ਅਰਜਨ ਦੇਵ ਜੀ ਦੇ ਦਰ ਤੇ ਸੰਗਤਾਂ ਆਉਣੀਆਂ ਸੁਰੂ ਹੋ ਗਈਆਂ ਕਿਉਕਿ ਗੁਰਸਿੱਖਾਂ ਨੂੰ ਬਾਬਾ ਬੁੱਢਾ ਜੀ ਉਪਰ ਪੂਰਾ ਵਿਸ਼ਵਾਸ ਸੀ। ਜਿਸ ਨਾਲ ਗੁਰੂ ਘਰ ਦੇ ਅੰਦਰ ਭੇਟਾ ਤੇ ਲੰਗਰ ਆਉਣ ਲੱਗ ਪਿਆ। ਗੁਰੂ ਦੇ ਲੰਗਰ ਲਗਾਤਾਰ ਚੱਲਣ ਲੱਗ ਪਏ। ਸੱਤਾ ਬਲਵੰਡ ਜਦੋਂ ਇਸ ਗੱਲ ਦਾ ਪਤਾ ਲੱਗਾ ਤੇ ਇਹਨਾਂ ਨੂੰ ਜਦੋਂ ਕਿਸੇ ਨੇ ਮੂੰਹ ਵੀ ਨਾ ਲਾਇਆ ਤਾਂ ਇਹ ਕਿਸੇ ਥਾਂ ਜੋਗੇ ਵੀ ਨਾਂ ਰਹੇ। ਜਦੋਂ ਭੁੱਖ ਨਾਲ ਬਹੁਤ ਦੁੱਖੀ ਹੋ ਗਏ ਤਾਂ ਆਪ ਨੇ ਸਤਿਗੁਰੂ ਅਰਜਨ ਸਾਹਿਬ ਦੇ ਉੱਘੇ ਸਿੱਖ ਭਾਈ ਲੱਧਾ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਕੋਲੋਂ ਮੁਆਫ਼ ਕਰਵਾਇਆ। ਜਦੋਂ ਸਤਿਗੁਰਾਂ ਦੇ ਕੋਲੋਂ ਮੁਆਫ਼ੀ ਮੰਗੀ ਤਾਂ ਸਤਿਗੁਰਾਂ ਨੇ ਕਿਹਾ ਕਿ ਗੁਰੂ ਨਾਨਕ ਸਹਿਬ ਜੀ ਦੇ ਪ੍ਰਤੀ ਜੋ ਬੋਲ ਕੁਬੋਲ ਬੋਲੇ ਸਨ ਇਸੇ ਜੁਬਾਨ ਨਾਲ ਸਤਿਗੁਰਾਂ ਦੀ ਤਾਰੀਫ਼ ਕਰੋ। ਫਿਰ ਇਹਨਾਂ ਇਹ ਵਾਰ ਦੇ ਰੂਪ ਵਿੱਚ ਇਹ ਰਚਨਾ ਕੀਤੀ ਸਤਿਗੁਰਾਂ ਦੀ ਤਾਰੀਫ਼ ਦੇ ਇਹ ਬਚਨ ਹਨ। ਇਸ ਵਿੱਚ ਭਾਈ ਸੱਤੇ ਜੀ ਦੀਆਂ ੫ ਪਉੜੀਆਂ ਅਤੇ ਭਾਈ ਬਲਵੰਡ ਜੀ ਦੀਆਂ ੩ ਪਉੜੀਆਂ ਆਉਂਦੀਆਂ ਹਨ।

## ਸੁਧੁ/ਸੁਧੁ ਕੀਚੈ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੨੨ ਵਾਰਾਂ ਆਉਂਦੀਆਂ ਹਨ। ਇਹਨਾਂ ਵਿੱਚੋਂ ਹੇਠ ਲਿਖੀਆਂ ੧੬ 'ਵਾਰਾਂ' ਦੇ ਖ਼ਤਮ ਹੋਣ ਦੇ ਅਖ਼ੀਰ ਵਿੱਚ ਲਫ਼ਜ਼ ਸੁਧੁ ਲਿਖਿਆ ਮਿਲਦਾ ਹੈ:-

| | |
|---|---|
| ੧. ਸਿਰੀ ਰਾਗ ਕੀ ਵਾਰ ਮ: ੪ । | ੨. ਮਾਝ ਕੀ ਵਾਰ ਮਹਲਾ ੧ । |
| ੩. ਗਉੜੀ ਕੀ ਵਾਰ ਮ: ੪ । | ੪. ਆਸਾ ਦੀ ਵਾਰ ਮ: ੧ । |
| ੫. ਗੂਜਰੀ ਕੀ ਵਾਰ ਮ: ੩ । | ੬. ਗੂਜਰੀ ਕੀ ਵਾਰ ਮ: ੫ । |
| ੭. ਬਿਹਾਗੜੇ ਕੀ ਵਾਰ ਮ: ੪ । | ੮. ਵਡਹੰਸ ਕੀ ਵਾਰ ਮ: ੪ । |
| ੯. ਸੋਰਠਿ ਕੀ ਵਾਰ ਮ: ੪ । | ੧੦. ਬਿਲਾਵਲ ਕੀ ਵਾਰ ਮ: ੪ । |
| ੧੧. ਰਾਮਕਲੀ ਕੀ ਵਾਰ ਮ: ੩ । | ੧੨. ਰਾਮਕਲੀ ਕੀ ਵਾਰ ਮ: ੫ । |
| ੧੩. ਮਾਰੂ ਕੀ ਵਾਰ ਮ: ੩ । | ੧੪. ਸਾਰੰਗ ਕੀ ਵਾਰ ਮ: ੪ । |
| ੧੫. ਮਲਾਰ ਕੀ ਵਾਰ ਮ: ੧ । | ੧੬. ਕਾਨੜੇ ਕੀ ਵਾਰ ਮ: ੪ । |

ਹੇਠ-ਲਿਖੀ ਇੱਕ 'ਵਾਰ' ਦੇ ਅਖ਼ੀਰ ਤੇ ਲਫ਼ਜ਼ 'ਸੁਧੁ ਕੀਚੇ' ਆਉਂਦਾ ਹੈ :

੧. ਗਉੜੀ ਕੀ ਵਾਰ ਮ: ੫ ।

ਹੇਠ-ਲਿਖੀਆਂ ੫ 'ਵਾਰਾਂ' ਦੇ ਅਖ਼ੀਰ ਤੇ 'ਸੁਧੁ' ਜਾਂ 'ਸੁਧੁ ਕੀਚੇ' ਕੋਈ ਲਫ਼ਜ਼



Scanned by CamScanner

ਨਹੀਂ ਹੈ :

੧. ਜੈਤਸਰੀ ਕੀ ਵਾਰ ਮ: ੫ ।

੨. ਸੂਹੀ ਕੀ ਵਾਰ ਮ: ੩ ।

੩. ਸੱਤੇ ਬਲਵੰਡ ਦੀ ਵਾਰ (ਰਾਗ ਰਾਮਕਲੀ) ।

੪. ਮਾਰੂ ਕੀ ਵਾਰ ਮ: ੫ ।

੫. ਬਸੰਤ ਕੀ ਵਾਰ ਮਹਲੁ ੫ ।

ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿ ਜੀ ਦੀ ਬੀੜ ਕਰਤਾਰਪੁਰ ਸਾਹਿਬ ਹੈ,ਉਸ ਵਿੱਚ ਵਾਰਾਂ ਦੇ ਸੰਬੰਧੀ ਦੋ ਅਨੋਖੀਆਂ ਗੱਲਾਂ ਵੇਖਣ ਨੂ ਮਿਲਦੀਆਂ ਹਨ :—

(ੳ) ਜਿਥੇ ਵਾਰ ਖ਼ਤਮ ਹੁੰਦੀ ਹੈ।ਬਾਕੀ ਦਾ ਪੰਨਾ ਖ਼ਾਲੀ ਰਹਿਣ ਦਿੱਤਾ ਗਿਆ ਹੈ।(ਨੋਟ:—ਖ਼ਾਲੀ ਸਫ਼ੇ ਹੋਰ ਵੀ ਕਈ ਥਾਈਂ ਹਨ)। ਫਿਰ ਵੀ ਇਹ ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਸਫ਼ੇ ਦੇ ਹਾਸ਼ੀਏ ਤੋਂ ਬਾਹਰਲੇ ਪਾਸੇ ਲਿਖਿਆ ਹੈ। ਜਿਵੇਂ ਛਾਪੇ ਦੀਆਂ ਬੀੜਾਂ ਵਿੱਚ ਵਾਰ ਦੇ ਨਾਲ ਹੀ ਅਖ਼ੀਰ ਤੇ ਦਰਜ ਹੈ,ਪ੍ਰੰਤੂ ਉਥੇ ਇਹ ਕਿਉਂ ਨਹੀਂ ਆਉਂਦਾ।

(ਅ) ਪਉੜੀਆਂ ਦੇ ਨਾਲ ਜੋ ਲਫ਼ਜ਼ 'ਸਲੋਕ ਮ: ੧' ਆਦਿਕ ਵਰਤੇ ਹੋਏ ਹਨ। ਉਹ ਬਾਰੀਕ ਕਲਮ ਦੇ ਲਿਖੇ ਹੋਏ ਹਨ। ਇਉਂ ਜਾਪਦਾ ਹੈ ਜਿਵੇਂ ਸਲੋਕ ਲਿਖਣ ਵੇਲੇ 'ਸਿਰ-ਲੇਖ' ਵਾਸਤੇ ਥਾਂ ਖ਼ਾਲੀ ਰੱਖਿਆ ਤੇ ਮੁੜ ਉਹ ਬਾਰੀਕ ਕਲਮ ਨਾਲ ਪੂਰਾ ਕੀਤਾ ਗਿਆ ।

ਨੋਟ :—ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਸਿਰਫ਼ 'ਵਾਰਾਂ' ਦੇ ਅਖ਼ੀਰ ਤੇ ਹੀ ਲਿਖੇ ਹੋਏ ਹਨ (ਹਾਂ,ਟੋਡੀ ਮਹਲਾ ੫ "ਹਰਿ ਹਰਿ ਚਰਨ ਰਿਦੈ ਉਰਧਾਰੈ" ਦੇ ਅਖ਼ੀਰ ਤੇ ਵੀ ਲਫ਼ਜ਼ 'ਸੁਧੁ' ਸਾਹਮਣੇ ਪਾਸੇ ਹਾਸ਼ੀਏ ਵਿੱਚ ਹੀ ਹੈ) ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਿਸ 'ਵਾਰ' ਦੇ ਅਖ਼ੀਰ ਤੇ ਲਫ਼ਜ਼ 'ਸੁਧੁ ਕੀਚੇ' ਹੈ, ਉਹ 'ਵਾਰ' ਗੁਰੂ ਅਰਜਨ ਸਾਹਿਬ ਦੀ ਆਪਣੀ ਉਚਾਰੀ ਹੋਈ ਹੈ ਤੇ ਉਸ ਵਿੱਚ ਸਾਰੇ ਹੀ ਸਲੋਕ ਗੁਰੂ ਅਰਜਨ ਸਾਹਿਬ ਦੇ ਹੀ ਹਨ ।ਗਹੁ ਨਾਲ ਵਿਚਾਰਿਆਂ ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਬਾਰੇ ਅਸੀਂ ਹੇਠ-ਲਿਖੇ ਨਤੀਜਿਆਂ ਤੇ ਅੱਪੜਦੇ ਹਾਂ। (੧) ਹਾਸ਼ੀਏ ਤੋਂ ਬਾਹਰ ਇਹ ਲਫ਼ਜ਼ ਲਿਖੇ ਜਾਣ ਕਰਕੇ ਇਹ ਸਿਰਫ਼ ਭਾਈ ਗੁਰਦਾਸ ਜੀ ਨੂੰ ਹਿਦਾਇਤ ਕੀਤੀ ਗਈ ਸੀ। 'ਬੀੜ' ਵਿੱਚ ਦੇ ਸਿਰਲੇਖਾਂ ਅਤੇ ਗਿਣਤੀ ਦੇ ਅੰਕਾਂ ਦੀ ਗਿਣਤੀ ਦੇ ਵਾਂਗ ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਦਾ ਸੰਬੰਧ ਮੂਲ-ਬਾਣੀ ਦੇ ਨਾਲ ਨਹੀਂ ।

(੨) 'ਵਾਰਾਂ ਦੇ ਲਫ਼ਜ਼ਾਂ ਦੇ 'ਜੋੜਾਂ, ਲਗਾਂ-ਮਾਤ੍ਰਾਂ' ਨਾਲ ਵੀ ਲਫ਼ਜ਼ 'ਸੁਧੁ' ਦਾ ਕੋਈ ਸੰਬੰਧ ਨਹੀਂ ਹੈ। ਇਹ 'ਸੁਧਾਈ' ਸਿਰਫ਼ ਇਹ ਵੇਖਣ ਵਾਸਤੇ ਕੀਤੀ ਗਈ ਸੀ ਕਿ ਪਉੜੀਆਂ



Scanned by CamScanner

ਦੇ ਨਾਲ ਜੋ ਸ਼ਲੋਕ ਦਰਜ ਕੀਤੇ ਗਏ ਹਨ,ਉਹਨਾਂ ਦੇ ਕਰਤਾ-ਗੁਰੂ ਦਾ ਅੰਕ (ਮਹਲਾ ੧, ੨, ੩, ੪, ੫) ਲਿਖਣ ਵਿੱਚ ਕਿਤੇ ਉਕਾਈ ਨਾ ਹੋ ਗਈ ਹੋਵੇ ।

(੩) ਜਿਸ 'ਵਾਰ' (ਗਉੜੀ ਕੀ ਵਾਰ ਮ: ੫) ਦੇ ਅਖ਼ੀਰ ਤੇ ਹਿਦਾਇਤ ਹੈ 'ਸੁਧੁ ਕੀਚੇ', ਉਸ 'ਵਾਰ' ਵਿੱਚ ਗੁਰੂ ਅਰਜਨ ਸਾਹਿਬ ਦੇ ਆਪਣੇ ਹੀ ਸਲੋਕ ਤੇ ਪਉੜੀਆਂ ਹਨ। ਇਥੇ ਬਹੁਤੀ ਇਹਤੀਆਤ ਦੀ ਲੋੜ ਨਹੀਂ ਸੀ ।

(੪) ਖ਼ਾਲੀ 'ਵਾਰਾਂ' (ਜੈਤਸਰੀ, ਮਾਰੂ) ਦੋਵੇਂ ਹੀ ਗੁਰੂ ਅਰਜਨ ਸਾਹਿਬ ਦੀਆਂ ਹਨ, ਸਲੋਕਾਂ ਸਮੇਤ ਹੀ। ਸ਼ਲੋਕਾਂ ਦੇ ਕਰਤਾ-ਗੁਰੂ ਬਾਰੇ ਇਥੇ ਵੀ ਕਿਸੇ ਤਰ੍ਹਾਂ ਦੇ ਭੁਲੇਖੇ ਦੀ ਸੰਭਾਵਨਾ ਨਹੀਂ ਸੀ ।

(੫) 'ਵਾਰ' ਬਸੰਤ ਮਹਲੁ ੫ ਅਤੇ ਸੱਤੇ ਬਲਵੰਡ ਦੀ ਵਾਰ ਦੇ ਨਾਲ ਕੋਈ ਵੀ ਸ਼ਲੋਕ ਨਹੀਂ ਹੈ। ਇਸ ਵਾਸਤੇ ਇਥੇ ਤਾਂ ਸ਼ਲੋਕਾਂ ਦੇ ਕਰਤਾ-ਗੁਰੂ ਬਾਰੇ ਕਿਸੇ 'ਸੁਧਾਈ' ਦਾ ਸੁਆਲ ਹੀ ਨਹੀਂ ਉੱਠਦਾ। ਇਹਨਾਂ ਨਾਲ ਵੀ ਲਫ਼ਜ਼ 'ਸੁਧੁ' ਨਹੀਂ ਵਰਤਿਆ ਗਿਆ ।

(੬) ਬਾਕੀ ਰਹਿ ਗਈ 'ਸੂਹੀ ਕੀ ਵਾਰ ਮ: ੩'। 'ਵਾਰਾਂ' ਦੇ ਪਰਸਪਰ ਟਾਕਰੇ ਤੋਂ ਜਿਸ ਨਤੀਜੇ ਤੇ ਅਸੀਂ ਅੱਪੜੇ ਹਾਂ, ਉਸ ਅਨੁਸਾਰ ਇਸ 'ਵਾਰ' ਦੇ ਅਖ਼ੀਰ ਤੇ ਲਫ਼ਜ਼ 'ਸੁਧੁ' ਦੀ ਵਰਤੋਂ ਫਬ ਸਕਦੀ ਹੈ ਪਰ ਇਥੇ ਇਹ ਲਿਖਿਆ ਨਹੀਂ ਮਿਲਦਾ ।

ਅਸਲ ਵਿੱਚ ਅਸੀਂ ਇਸ ਨਿਰਣੇ ਤੇ ਪਹੁੰਚ ਦੇ ਹਾਂ ਕਿ ਇਹ ਵਾਰ ਦੇ ਅੰਤ ਵਿੱਚ ਅੰਕਾਂ ਦੀ ਗਿਣਤੀ ਦੇ ਬਾਅਦ ਵਿੱਚ ਆਉਂਦਾ ਹੈ ਇਹ ਪੜ੍ਹਨਾ ਉਚਿਤ ਨਹੀਂ ਹੈ। ਇਹ ਸਤਿਗੁਰਾਂ ਨੇ ਲਿਖਾਰੀ ਦੀ ਸੁਚੇਤਤਾ ਅਤੇ ਇਹਨਾਂ ਬਚਨਾਂ ਨੂੰ ਸੋਧਣ ਦੇ ਲਈ ਜਾਂ ਸ਼ੁੱਧ ਕਰਨ ਦੇ ਲਈ ਕਿ ਕਿਤੇ ਕੋਈ ਗਲਤੀ ਨਾ ਰਹਿ ਜਾਵੇ।

## ਪਹਰੇ

ਪੰਨਾ ੭੪

ਪਹਿਲੈ ਪਹਿਰੈ ਰੈਣਿ ਕੇ, ਵਣਜਾਰਿਆ ਮਿਤ੍ਰਾ, ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ {੭੪}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਪਹਰੇ ਸਿਰਲੇਖ ਆਇਆ ਹੈ ਜਿਸ ਤੋਂ ਭਾਵ ਹੈ ਸਮੇਂ ਦੀ ਵੰਡ ਦੇ ਨਾਲ ਹੈ। ੪ ਪਹਿਰ ਦਿਨ ਦੇ ਹੁੰਦੇ ਹਨ ਅਤੇ ੪ ਪਹਿਰ ਰਾਤ ਹੁੰਦੇ ਹਨ। ਸਤਿਗੁਰਾਂ ਨੇ ਜਿੰਦਗੀ ਦੇ ੪ ਪਹਿਰਾਂ ਵਿੱਚ ਵੰਡ ਕੇ ਇਸ ਮਨੁੱਖ ਜੀਵ ਆਤਮਾ ਨੂੰ ਸਮਝਾਉਣ ਲਈ ਇਹ ਸ਼ਬਦ ਉਚਾਰਣ ਕੀਤੇ ਹਨ। ਕੁੱਝ ਵਿਦਵਾਨ ਇਸ ਨੂੰ ਪੁਰਤਾਨ ਸਮਿਆਂ ਦੇ ਅੰਦਰ ਸ਼ੀਸ਼ੇ, ਸੁਰਮਾ, ਸਲਾਈਆਂ, ਚੂੜੀਆਂ ਆਦਿਕ ਇਸਤਰੀਆਂ ਦੇ ਸ਼ਿੰਗਾਰ ਦੀਆਂ ਨਿੱਕੀਆਂ ਨਿੱਕੀਆਂ ਚੀਜ਼ਾਂ ਲੈ ਕੇ ਪਿੰਡ-ਪਿੰਡ ਵੇਚਣ ਵਾਲੇ ਆਇਆ ਕਰਦੇ ਸਨ। ਉਹਨਾਂ



Scanned by CamScanner

ਲੋਕਾਂ ਨੂੰ ਵਣਜਾਰਾ ਕਿਹਾ ਜਾਂਦਾ ਹੈ। ਆਪਣੇ ਨਗਰ ਸ਼ਹਿਰ ਤੋਂ ਦੂਰ ਆਇਆ ਹੋਇਆ ਵਣਜਾਰਾ ਰਾਤ ਦੇ ਚਾਰ ਪਹਿਰ ਜਿਸ ਪਿੰਡ ਰਾਤ ਪਈ ਉਥੇ ਗੁਜ਼ਾਰਦੇ ਸਨ।

ਸਤਿਗੁਰਾਂ ਨੇ ਜੀਵ ਆਤਮਾ ਵੀ ਵਣਜਾਰਾ ਕਿਹਾ ਹੈ! ਪ੍ਰਭੂ ਦੇ ਦਰ ਤੋਂ ਦੂਰ ਇਥੇ ਸੰਸਾਰ ਵਿੱਚ ਪ੍ਰਮਾਤਮਾ ਦੇ ਨਾਮ ਦਾ ਵਣਜ ਵਿਹਾਜਣ ਲਈ ਆਏ ਹਾਂ। ਜਿਹੜੇ ਜੀਵ ਜ਼ਿੰਦਗੀ ਰੂਪੀ ਰਾਤ ਪ੍ਰਾਣੀ ਪ੍ਰਮਾਤਮਾ ਦੇ ਨਾਮ ਨੂੰ ਸੰਭਾਲਦੇ ਹਨ, ਉਹ ਪਰਮਾਤਮਾ ਵਿੱਚ ਜਾ ਮਿਲਦੇ ਹਨ। ਸਿਰਲੇਖ 'ਪਹਰਿਆ ਕੈ ਘਰਿ ਗਾਵਣਾ' ਭਗਤ ਬੇਣੀ ਜੀ ਨੇ ਨਹੀਂ ਲਿਖਿਆ। ਗੁਰੂ ਨਾਨਕ ਦੇਵ ਜੀ ਨੇ ਜਾਂ ਗੁਰੂ ਅਰਜਨ ਸਾਹਿਬ ਨੇ ਲਿਖਿਆ ਹੈ। ਇਹ ਸਿਰਲੇਖ ਇਹ ਗੱਲ ਪ੍ਰਗਟ ਕਰਦਾ ਹੈ ਕਿ ਭਗਤ ਬੇਣੀ ਜੀ ਦਾ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਪਾਸ ਮੌਜੂਦ ਸੀ। ਕਿਉਂਕਿ ਭਗਤਾਂ ਦੀ ਬਾਣੀ ਗੁਰੂ ਨਾਨਕ ਸਾਹਿਬ ਨੇ ਆਪ ਹੀ ਇਕੱਠੀ ਕੀਤੀ ਸੀ।

## ਵਣਜਾਰਾ

ਪੰਨਾ-੮੧

ਪੁਰਾਤਨ ਸ਼ਮੇਂ ਵਿੱਚ ਇੱਕ ਸਥਾਨ ਤੋਂ ਦੂਜੀ ਥਾਂ ਤੱਕ ਸਮਾਨ ਲਿਜਾਣ ਲਈ ਵਪਾਰੀਆਂ ਦੀ ਮਦਦ ਲਈ ਜਾਂਦੀ ਸੀ। ਇਹਨਾਂ ਲੋਕਾਂ ਨੂੰ ਵਣਜਾਰੇ ਕਿਹਾ ਜਾਂਦਾ ਸੀ। ਸਤਿਗੁਰਾਂ ਨੇ ਇਹਨਾਂ ਨੂੰ ਮੁੱਖ ਰੱਖਕੇ ਇਨਸਾਨ ਨੂੰ ਸਮਝਾਉਣ ਲਈ ਇਹ ਸਬਦ ਵਣਜ (ਵਾਪਾਰ) ਕਰਨ ਵਾਲਾ, ਵਪਾਰੀ, ਸੌਦਾਗਰ ਵਰਤਿਆ ਹੈ ਅਤੇ ਇਨਸਾਨ ਨੂੰ ਇਹ ਸਮਝਾਇਆ ਹੈ ਕਿ ਐ ਜੀਵ ਤੂੰ ਇਸ ਸੰਸਾਰ ਦੇ ਅੰਦਰ ਵਣਜਾਰਿਆਂ ਵਾਂਗ ਸੰਸਾਰ ਤੇ ਆਇਆ ਹੈ। ਇਸ ਜਗਤ ਦੇ ਅੰਦਰ ਆ ਕੇ ਨਾਮ ਦਾ ਵਾਪਾਰ ਕਰਨਾ ਹੈ। ਇਸ ਸੰਸਾਰ ਅੰਦਰ ਤੂੰ ਕਮਾਈ ਕਰਕੇ ਮਾਲਿਕ ਦੇ ਦਰ ਤੇ ਪ੍ਰਵਾਨ ਹੋ ਜਾਣਾ ਹੀ ਤੇਰਾ ਮੁੱਖ ਮਕਸਦ ਹੈ। ਇਹ ਛੋਟੀ ਹੀ ਬਾਣੀ ਹੈ। ਸਿਰਫ ੬ ਪਦਿਆਂ ਦੀ ਹੀ ਬਾਣੀ ਹੈ।

"ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ।" (੧੪੦)

## ਏਕੁ ਸੁਆਨੁ ਕੈ ਘਰਿ ਗਾਵਣਾ ॥

ਪੰਨਾ ੯੨

ਜਨਨੀ ਜਾਨਤ, ਸੁਤੁ ਬਡਾ ਹੋਤੁ ਹੈ, ਇਤਨਾ ਕੁ ਨ ਜਾਨੈ,
ਜਿ ਦਿਨ ਦਿਨ ਅਵਧ ਘਟਤੁ ਹੈ ॥ {ਪੰਨਾ ੯੨}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ"ਏਕ ਸੁਆਨ ਕੈ ਘਰਿ ਗਾਵਣਾ" ਸਿਰਲੇਖ ਆਇਆ ਹੈ। ਇਹ ਸਿਰਲੇਖ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਹ ਸ਼ਬਦ ਉਸ'ਘਰ' ਵਿੱਚ ਗਾਉਣਾ ਹੈ ਜਿਸ 'ਘਰ' ਵਿੱਚ ਉਹ ਸ਼ਬਦ ਗਾਇਆ ਹੈ ਜਿਸ ਦੀ ਪਹਿਲੀ ਤੁੱਕ ਹੈ "ਏਕ ਸੁਆਨੁ ਦੁਇ ਸੁਆਨੀ ਨਾਲਿ"। ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਹੈ ਜੋ ਕਿ



Scanned by CamScanner

ਸਿਰੀ ਰਾਗੁ ਵਿੱਚ ਦਰਜ ਹੈ। ਇਥੇ ਇਹ ਸ਼ਬਦ ਕਬੀਰ ਜੀ ਦਾ ਹੈ,ਪਰ ਇਸ ਨੂੰ ਗਾਉਣ ਲਈ ਜਿਸ ਸ਼ਬਦ ਵੱਲ ਇਸ਼ਾਰਾ ਹੈ ਉਹ ਗੁਰੂ ਨਾਨਕ ਦੇਵ ਜੀ ਦਾ ਹੈ ।

ਇਹ ਸਿਰਲੇਖ—"ਏਕੁ ਸੁਆਨੁ ਕੈ ਘਰਿ ਗਾਵਣਾ"—ਕਬੀਰ ਜੀ ਦਾ ਨਹੀਂ ਹੋ ਸਕਦਾ। ਇਸ ਸ਼ਬਦ ਦੇ ਸਿਰਲੇਖ ਨਾਲ ਲਫ਼ਜ਼ "ਏਕੁ ਸੁਆਨੁ ਕੈ ਘਰਿ ਗਾਵਣਾ" ਕਿਉਂ ਵਰਤੇ ਗਏ ਹਨ? ਇਸ ਪ੍ਰਸ਼ਨ ਦਾ ਉੱਤਰ ਲੱਭਣ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਦਾ ਉਹ ਸ਼ਬਦ ਪੜ੍ਹ ਵੇਖੀਏ, ਜਿਸ ਦੇ ਸ਼ੁਰੂ ਦੇ ਲਫ਼ਜ਼ ਹਨ "ਏਕੁ ਸੁਆਨੁ"—ਸਿਰੀ ਰਾਗੁ ਮਹਲਾ ੧ ਘਰੁ ੪ ॥

ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥
{ਪੰਨਾ ੨੪}

ਕਬੀਰ ਜੀ ਨੇ ਆਪਣੇ ਸ਼ਬਦ ਵਿੱਚ ਲਿਖਿਆ ਹੈ "ਇਤੁ ਸੰਗਤਿ ਨਿਹਚਉ ਮਰਣਾ "।ਉਹ ਕਿਹੜੀ 'ਸੰਗਤਿ' ਹੈ ਜਿਸ ਕਰਕੇ 'ਨਿਹਚਉ ਮਰਣਾ' ਹੁੰਦਾ ਹੈ? ਕਬੀਰ ਜੀ ਨੇ ਇਸ ਦੇ ਉੱਤਰ ਵਿਚ ਸਿਰਫ਼ ਲਫ਼ਜ਼ 'ਮਾਇਆ' ਜਾਂ 'ਬਿਖਿਆ ਰਸ' ਵਰਤੇ ਹਨ। 'ਮਾਇਆ' ਦਾ ਕੀ ਸਰੂਪ ਹੈ ? ਉਹ 'ਬਿਖਿਆ ਰਸ' ਕਿਹੜੇ ਹਨ? ਇਹ ਗੱਲ ਕਬੀਰ ਜੀ ਨੇ ਖੋਲ੍ਹ ਕੇ ਨਹੀਂ ਦੱਸੀ।ਗੁਰੂ ਨਾਨਕ ਦੇਵ ਜੀ ਦਾ ਇਹ ਉੱਪਰਲਾ ਸ਼ਬਦ—ਸੁਆਨ, ਸੁਆਨੀ, ਕੂੜੁ, ਮੁਰਦਾਰੁ, ਨਿੰਦਾ, ਪਰ ਘਰੁ, ਕਾਮੁ ਕ੍ਰੋਧੁ ਆਦਿਕ ਇਹ ਸਾਰੇ'ਬਿਖਿਆ' ਦੇ 'ਰਸ' ਹਨ।ਜਿਨ੍ਹਾਂ ਦੀ ਸੰਗਤਿ ਵਿੱਚ 'ਨਿਹਚਉ ਮਰਣਾ' ਹੈ, ਕਿਉਂਕਿ ਇਹਨਾਂ ਦੇ ਵੱਸ ਵਿੱਚ ਪਿਆ ਜੀਵ 'ਧਾਣਕ ਰੂਪਿ' ਰਹਿੰਦਾ ਹੈ । ਜੋ ਗੱਲ ਕਬੀਰ ਜੀ ਨੇ ਇਸ਼ਾਰੇ ਮਾਤਰ ਲਫ਼ਜ਼ 'ਬਿਖਿਆ ਰਸ' ਵਿੱਚ ਦੱਸੀ ਹੈ, ਗੁਰੂ ਨਾਨਕ ਸਾਹਿਬ ਨੇ ਵਿਸਥਾਰ ਨਾਲ ਇੱਕ ਸੁੰਦਰ ਢੰਗ ਵਿੱਚ ਇਸ ਸਾਰੇ ਸ਼ਬਦ ਦੀ ਰਾਹੀਂ ਖੋਲ੍ਹ ਕੇ ਦੱਸੀ ਹੈ।ਇਸ ਸਿਰਲੇਖ ਦੀ ਸਾਂਝ ਅਤੇ ਮਜ਼ਮੂਨ ਦੀ ਸਾਂਝ ਇਸ ਨਤੀਜੇ ਉੱਤੇ ਅਪੜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣਾ ਇਹ ਸ਼ਬਦ ਕਬੀਰ ਜੀ ਦੇ ਸ਼ਬਦ ਦੀ ਵਿਆਖਿਆ ਵਿੱਚ ਉਚਾਰਿਆ ਹੈ।ਕਬੀਰ ਜੀ ਦਾ ਇਹ ਸ਼ਬਦ ਸਤਿਗੁਰੂ ਜੀ ਪਾਸ ਮੌਜੂਦ ਸੀ ।ਇਹ ਸਿਰਲੇਖ 'ਏਕੁ ਸੁਆਨੁ ਕੈ ਘਰਿ ਗਾਵਣਾ' ਵੀ ਗੁਰੂ ਨਾਨਕ ਦੇਵ ਜੀ ਦਾ ਹੀ ਹੋ ਸਕਦਾ ਹੈ, ਜਾਂ, ਗੁਰੂ ਅਰਜਨ ਸਾਹਿਬ ਦਾ।ਕਬੀਰ ਜੀ ਦਾ ਕਿਸੇ ਹਾਲਤ ਵਿੱਚ ਨਹੀਂ ਹੋ ਸਕਦਾ।

## ਬਾਰਹਮਾਹਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ੨ ਬਾਰਹਮਾਹ ਦੇ ਸਿਰਲੇਖ ਹੇਠਾਂ ਬਾਣੀ ਦਰਜ ਹੈ। ਤੁਖਾਰੀ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਲਿਖਿਆ ਹੋਇਆ ਹੈ।ਗੁਰੂ ਅਰਜਨ ਸਾਹਿਬ ਜੀ ਦਾ ਲਿਖਿਆ ਹੋਇਆ ਬਾਰਾਮਾਹ ਰਾਗ ਮਾਝ ਵਿੱਚ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ



Scanned by CamScanner

ਤੁਖਾਰੀ ਰਾਗ ਵਿੱਚ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਦੇ ਲਿਖੇ ਹੋਏ ਬਾਰਹ ਮਾਹ ਵਿੱਚ ਜਿਹੜੇ ਦਿਲ-ਤਰੰਗ ਔਖੀ ਬੋਲੀ ਵਿੱਚ ਲਿਖੇ ਹਨ। ਉਹੀ ਦਿਲ-ਤਰੰਗ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਦੇ ਬਾਰਹਮਾਹ ਵਿੱਚ ਸੌਖੀ ਬੋਲੀ ਵਰਤ ਕੇ ਲਿਖ ਦਿੱਤੇ ਹਨ। ਦੋਹੀਂ ਪਾਸੀਂ ਪਉੜੀਆਂ ਵਿੱਚ ਕਈ ਕਈ ਲਫ਼ਜ਼ ਵੀ ਸਾਂਝੇ ਵਰਤੇ ਹੋਏ ਹਨ। ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹ ਤੋਂ ਪ੍ਰੇਰਿਤ ਹੋ ਕੇ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਵਿੱਚ ਸੌਖੀ ਬੋਲੀ ਵਰਤ ਕੇ ਆਪਣਾ ਬਾਰਹਮਾਹ ਲਿਖਿਆ । ਇਥੇ ਇੱਕ ਪ੍ਰਸ਼ਨ ਵੀ ਖੜ੍ਹਾ ਹੋ ਜਾਂਦਾ ਹੈ ਕਿ ਬਾਰਾਮਾਹਾ ਦੀ ਬਾਣੀ ਦਾ ਸੰਗ੍ਰਾਂਦ ਨਾਲ ਕੀ ਸਬੰਧ ਹੈ ?

'ਸੰਗ੍ਰਾਂਦ' ਸੰਸਕ੍ਰਿਤ ਦੇ ਲਫ਼ਜ਼ 'ਸਾਂਕ੍ਰਾਂਤਿ ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ 'ਸੂਰਜ ਦਾ ਇੱਕ ਰਾਸਿ ਤੋਂ ਦੂਜੀ ਰਾਸਿ ਵਿੱਚ ਲੰਘਣਾ'। 'ਸਾਂਕ੍ਰਾਂਤਿ' ਉਹ ਦਿਨ ਹੈ ਜਦੋਂ ਸੂਰਜ ਨਵੀਂ ਰਾਸ਼ਿ ਵਿਚ ਦਾਖ਼ਲ ਹੁੰਦਾ ਹੈ। ਬਿਕ੍ਰਮਾਜੀਤੀ ਸਾਲ ਦੇ ਇਹਨਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ । ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸੂਰਜ ਇੱਕ 'ਰਾਸਿ' ਨੂੰ ਛੱਡ ਕੇ ਦੂਜੀ 'ਰਾਸਿ' ਵਿੱਚ ਪੈਰ ਧਰਦਾ ਹੈ । ਬਾਰਾਂ ਮਹੀਨੇ ਹਨ ਤੇ ਬਾਰਾਂ ਹੀ ਰਾਸਾਂ ਹਨ। ਜੋ ਲੋਕ ਸੂਰਜ ਦੇਵਤੇ ਦੇ ਉਪਾਸਕ ਹਨ। ਉਹਨਾਂ ਲਈ ਹਰੇਕ 'ਸੰਗ੍ਰਾਂਦ'ਦਾ ਦਿਨ ਪਵਿੱਤ੍ਰ ਹੈ ਕਿਉਂਕਿ ਉਸ ਦਿਨ ਸੂਰਜ-ਦੇਵਤਾ ਇੱਕ 'ਰਾਸਿ' ਨੂੰ ਛੱਡ ਕੇ ਦੂਜੀ ਵਿੱਚ ਆਉਂਦਾ ਹੈ। ਉਸ ਦਿਨ ਖ਼ਾਸ ਉਚੇਚਾ ਪੂਜਾ-ਪਾਠ ਕੀਤਾ ਜਾਂਦਾ ਹੈ ਤਾਂ ਜੋ ਸੂਰਜ-ਦੇਵਤਾ ਉਸ ਨਵੀਂ 'ਰਾਸਿ' ਵਿੱਚ ਰਹਿ ਕੇ ਉਪਾਸਕ ਲਈ ਸਾਰਾ ਮਹੀਨਾ ਚੰਗਾ ਲੰਘਾਏ।

ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਦੇਸ ਵਿੱਚ ਇੱਕ ਨਵੀਂ ਸੋਚ,ਨਵੇਂ ਸਿਧਾਂਤ,ਨਵਾਂ ਮਾਰਗ, ਇੱਕ ਨਵਾਂ ਜੀਵਨ ਪੈਦਾ ਕਰਨਾ ਸੀ। ਵਾਰਤਕ ਨਾਲੋਂ ਕਵਿਤਾ ਵਧੀਕ ਖਿੱਚ ਪਾਂਦੀ ਹੈ। ਕਵਿਤਾ ਦੇ ਜੋ ਛੰਦ ਪੰਜਾਬ ਵਿੱਚ ਵਧੀਕ ਪ੍ਰਚਿਲੱਤ ਸਨ, ਸਤਿਗੁਰੂ ਜੀ ਨੇ ਉਹੀ ਵਰਤੇ। ਸਤਿਗੁਰੂ ਜੀ ਨੇ ਇੱਕ 'ਬਾਰਹਮਾਹ' ਵੀ ਲਿਖਿਆ ਜੋ ਤੁਖਾਰੀ ਰਾਗ ਵਿੱਚ ਦਰਜ ਹੈ। ਗੁਰੂ ਅਰਜਨ ਸਾਹਿਬ ਨੇ ਵੀ ਇੱਕ 'ਬਾਰਹਮਾਹ' ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਝ ਰਾਗ ਵਿੱਚ ਦਰਜ ਕੀਤਾ। ਪਰ ਇਹਨਾਂ ਦੋਹਾਂ 'ਬਾਰਹਮਾਹਾਂ' ਦਾ ਸੂਰਜ ਦੀ 'ਸੰਗ੍ਰਾਂਦ' ਨਾਲ ਕੋਈ ਸੰਬੰਧ ਨਹੀਂ ਹੈ। ਇਹ ਤਾਂ ਦੇਸ ਵਿਚ ਪ੍ਰਚਿਲੱਤ 'ਕਾਵਿ ਛੰਦਾਂ' ਵਿਚੋਂ ਇੱਕ ਕਿਸਮ ਸੀ। ਸਾਰੀ ਬਾਣੀ ਵਿੱਚ ਕਿਤੇ ਕੋਈ ਐਸਾ ਬਚਨ ਨਹੀਂ ਮਿਲਦਾ, ਜਿਥੇ ਸਤਿਗੁਰੂ ਜੀ ਨੇ ਸਾਧਾਰਨ ਦਿਨਾਂ ਵਿਚੋਂ ਕਿਸੇ ਇੱਕ ਖ਼ਾਸ ਦਿਨ ਦੇ ਚੰਗਾ ਜਾਂ ਮੰਦਾ ਹੋਣ ਦਾ ਵਿਤਕਰਾ ਦੱਸਿਆ ਹੋਵੇ। ਬਲਕਿ ਗੁਰੂ ਪਾਤਸ਼ਾਹ ਨੇ ਦਿਨਾਂ ਵਾਰਾਂ ਵਿੱਚੋਂ ਕੱਢਕੇ ਆਤਮਾ ਨੂੰ ਪ੍ਰਮਾਤਮਾਂ ਨਾਲ ਜੁੜਨ ਦੀ ਗੱਲ ਕੀਤੀ ਗਈ ਹੈ।

ਅਸਲ ਵਿੱਚ ਗੁਰੂ ਸਾਹਿਬ ਜੀ ਨੇ ਇਸ ਬਾਣੀ ਦੇ ਰਾਹੀਂ ਜੀਵ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਾਉਣ ਦੀ ਗੱਲ ਕੀਤੀ ਹੈ। ਵਿਛੋੜੇ ਤੋਂ ਮਿਲਾਪ ਦੀ ਦੀ ਅਵਸਥਾ ਦਰਸਾਈ ਹੈ। ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ ॥{ਪੰਨਾ ੧੩੩}



Scanned by CamScanner

ਜਿਨਿ ਜਿਨਿ ਨਾਮੁ ਧਿਆਇਆ, ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ, ਢਰਗਹਿ ਸਚਿ ਖਰੇ ॥ {ਪੰਨਾ ੧੩੬}

ਜਿਸ ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਜਪਦਾ,ਸਿਮਰਦਾ,ਧਿਆਉ ਦਾ ਹੈ।ਉਹਨਾਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਜਿਨ੍ਹਾਂ ਇਨਸਾਨ ਨੇ ਪ੍ਰਭੂ ਨੂੰ ਪੂਰੇ ਗੁਰੂ ਨੂੰ ਆਰਾਧਿਆ ਹੈ। ਉਹ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਸੁਰਖ਼ਰੂ ਹੋ ਜਾਂਦੇ ਹਨ। ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ। ਉਹਨਾਂ ਵਾਸਤੇ ਸਾਰੇ ਮਹੀਨੇ ਸਾਰੇ ਦਿਹਾੜੇ ਸਾਰੇ ਹੀ ਮੁਹੂਰਤ ਸੁਲੱਖਣੇ ਹਨ।

ਜਦੋਂ ਮਨੁੱਖ ਕਿਸੇ 'ਸੰਗ੍ਰਾਂਦ' ਆਦਿਕ ਨੂੰ ਇੱਕ ਉਚੇਚਾ ਭਾਗਾਂ ਵਾਲਾ ਸ਼ੁਭ ਦਿਹਾੜਾ ਸਮਝਦਾ ਹੈ ਤੇ ਧਰਮ-ਅਸਥਾਨ ਤੇ ਜਾਂਦਾ ਹੈ, ਉਹ ਉਸ ਦਿਨ ਇਹ ਵੀ ਤਾਂਘ ਰੱਖਦਾ ਹੈ ਕਿ 'ਵਰ੍ਹੇ ਦਿਨ ਦੇ ਦਿਨ' ਕਿਸੇ ਭਲੇ ਦੇ ਮੱਥੇ ਲੱਗਾਂ। ਉਹ ਕਿਸੇ ਖ਼ਾਸ ਮਨੁੱਖ ਦੇ ਮੂੰਹੋਂ 'ਮਹੀਨਾ' ਸੁਣਦਾ ਹੈ। ਜੇ ਉਸ ਸਾਰੇ ਮਹੀਨੇ ਵਿੱਚ ਕੋਈ ਕਸ਼ਟ-ਤਕਲੀਫ਼ ਆ ਪਏ ਤਾਂ ਸਹਿਜ-ਸੁਭਾਇ ਆਖਦਾ ਹੈ ਕਿ ਐਤਕੀ ਵਰ੍ਹੇ ਦਿਨ ਦੇ ਦਿਨ ਫਲਾਣਾ ਚੰਦਰਾ ਬੰਦਾ ਮੱਥੇ ਲੱਗਾ ਸੀ। ਜਿਸ ਵਹਿਮ-ਪ੍ਰਸਤੀ ਨੂੰ ਹਟਾਣ ਲਈ, ਜੋ ਵਿਤਕਰੇ ਦੂਰ ਕਰਨ ਲਈ, ਸਿੱਖ ਨੇ ਗੁਰਦੁਆਰੇ ਵਿੱਚ ਜਾਣਾ ਹੈ। ਇਸ ਸੰਗ੍ਰਾਂਦ ਦੇ ਮਨਾਣ ਨਾਲ ਉਹ ਵਹਿਮ-ਪ੍ਰਸਤੀ ਤੇ ਵਿਤਕਰੇ ਸਗੋਂ ਵੱਧਦੇ ਹਨ। ਇਸ ਕਰਕੇ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਿੱਚ ਨਹੀਂ ਪੈਣਾ ਚਾਹੀਦਾ।

ਅਸਲ ਗੱਲ ਤਾਂ ਇਹ ਹੈ ਕਿ ਹਰੇਕ ਮਨੁੱਖ ਵਿਚ ਰੱਬ ਦੀ ਜੋਤਿ ਹੈ ਤੇ ਹਰੇਕ ਦਿਨ ਇਕੋ ਜਿਹਾ ਹੈ। ਭਾਗਾਂ ਵਾਲਾ ਸਮਾਂ ਸਿਰਫ਼ ਉਹੀ ਹੈ ਜਦੋਂ ਮਨੁੱਖ ਨੂੰ ਪਰਮਾਤਮਾ ਚੇਤੇ ਆਉਂਦਾ ਹੈ। ਕਿਸੇ ਖ਼ਾਸ਼ ਦਿਹਾੜੇ ਨਹੀਂ। ਸਗੋਂ ਹਰ ਰੋਜ਼ ਸਵੇਰੇ ਉੱਠ ਕੇ ਇਸ ਦੀ ਅਰਦਾਸ ਇਉਂ ਹੋਣੀ ਚਾਹੀਦੀ ਹੈ,

'ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ' ।

ਅਜਿਹੇ ਭਰਮਾਂ ਨੂੰ ਹੀ ਭਾਈ ਗੁਰਦਾਸ ਜੀ ਨੇ ਮਨਮਤਿ ਦੱਸ ਕੇ ਸਿੱਖਾਂ ਨੂੰ ਇਹਨਾਂ ਵਲੋਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸੀਂ ਫਿਰ ਓਧਰੇ ਪਰਤਦੇ ਜਾਪਦੇ ਹਾਂ । ਆਪ ਲਿਖਦੇ ਹਨ :—

ਸਉਣ ਸਗਨ ਬੀਚਾਰਨੇ, ਨਉਂ ਗ੍ਰਹ 'ਬਾਰਹ ਰਾਸਿ' ਵੀਚਾਰਾ ॥
ਕਾਮਣ ਟੂਣੇ ਔਂਸੀਆਂ, ਕਣਸੋਈ ਪਾਸਾਰ ਪਸਾਰਾ ॥
ਗੱਦਹੁ ਕੁੱਤੇ ਬਿੱਲੀਆਂ, ਇੱਲ ਮਲਾਲੀ ਛਾਰਾ ॥
ਨਾਰਿ ਪੁਰਖ ਪਾਣੀ ਅਗਨਿ, ਛਿੱਕ ਪੱਦ ਹਿਡਕੀ ਵਰਤਾਰਾ ॥
ਥਿਤਿ 'ਵਾਰ' ਭੱਦ੍ਰਾ ਭਰਮ, ਦਿਸ਼ਾ ਸੂਲ ਸਹਸਾ ਸੰਸਾਰਾ ॥
ਵਲ-ਛਲ ਕਰਿ ਵਿਸ਼ਵਾਸ ਲੱਖ, ਬਹੁ ਚੁੱਖੀਂ ਕਿਉਂ ਰਵੈ ਭਤਾਰਾ ॥



Scanned by CamScanner

ਗੁਰਮੁਖਿ ਸੁਖ ਫਲੁ ਪਾਰ-ਉਤਾਰਾ ॥੮॥੫॥

## ਦਿਨ ਰੈਣਿ

ਪੰਨਾ-੧੩੬

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ ਪੰਨਾ-੧੩੬

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਿਰਲੇਖ ਹੇਠਾਂ ੪ ਬੰਦਾਂ ਅੰਦਰ ਬਾਣੀ ਉਚਾਰਨ ਕੀਤੀ ਗਈ। ਗੁਰੂ ਸਾਹਿਬ ਜੀ ਨੇ ਜਿਵੇਂ ਬਾਰਾਮਾਹਾ, ਸਤਵਾਰ, ਥਿਤੀ ਆਉਂਦੀਆਂ ਹਨ। ਉਸੇ ਤਰ੍ਹਾਂ ਹੀ ਦਿਨ ਅਤੇ ਰਾਤ ਨੂੰ ਪ੍ਰਮਾਤਮਾ ਨੂੰ ਕਿਵੇਂ ਯਾਦ ਕਰਨਾ ਹੈ। ਉਸ ਨੂੰ ਸਮਝਾਉਣ ਲਈ ਇਹ ਬਾਣੀ ਉਚਾਰਨ ਕੀਤੀ ਗਈ ਹੈ। ਕਿ ਐ ਗੁਰਸਿਖਾ ਤੂੰ ਆਪਣੀ ਜ਼ਿੰਦਗੀ ਦੇ ਸਾਰੇ ਦਿਨ ਤੇ ਸਾਰੀਆਂ ਰਾਤਾਂ ਪਰਮਾਤਮਾ ਦਾ ਸਿਮਰਨ ਕਰਦਾ ਰਿਹਾ ਕਰਿਆ ਕਰ।

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ੧੫੦
ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥ ੪੯੮
ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥ ੮੪੩
ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥ ੧੩੭
ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੩੮੮
ਦਿਨੁ ਰੈਣਿ ਨਾਨਕੁ ਨਾਮੁ ਧਿਆਏ ॥ ੮੬੪
ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ ੯੪੮
ਰਾਤਿ ਦਿਨੰਤੁ ਕੀਏ ਭਉ ਭਾਉ ॥ ੮੩੯
ਰਾਤਿ ਦਿਵਸ ਕੈ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੧੩੭੬

## ਕਰਹਲੇ

ਪੰਨਾ-੨੩੪

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥
ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥

{ਪੰਨਾ ੨੩੪}

ਪੁਰਾਤਨ ਸਮੇਂ ਵਿੱਚ ਇੱਕ ਸਥਾਨ ਤੋਂ ਦੂਜੀ ਥਾਂ ਤੱਕ ਸਮਾਨ ਲੈ ਕੇ ਜਾਂ ਲਈ ਵਪਾਰੀਆਂ ਦੀ ਮਦਦ ਲਈ ਜਾਂਦੀ ਸੀ। ਇਹ ਲੋਕ ਸਮਾਨ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਸਮਾਨ ਕੈ ਕੇ ਜਾਣ ਦੇ ਲਈ ਊਠਾਂ ਦੀ ਵਰਤੋਂ ਕਰਿਆ ਕਰ ਦੇ ਸਨ। ਊਂਠਣੀਆਂ ਦੇ ਬੱਚਿਆਂ ਵਪਾਰੀ ਲੋਕ ਘਰੇ ਛੱਡ ਕੇ ਊਂਠ ਤੇ ਊਂਠਣੀਆਂ ਨੂੰ ਨਾਲ ਲੈ ਕੇ ਪ੍ਰਦੇਸ਼ੀ ਚਲੇ ਜਾਇਆ ਕਰਦੇ ਸਨ। ਜਿਵੇਂ ਬੱਚੇ ਯਾਦ ਕਰਦੇ ਨੇ ਆਪਣੇ ਮਾਂ ਪਿਉ ਨੂੰ (ਊਂਠ ਤੇ ਊਂਠਣੀਆਂ) ਉਹਨਾਂ ਦੀ



Scanned by CamScanner

ਪ੍ਰੀਤ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ ਇਸ ਸਿਰਲੇਖ ਹੇਠਾਂ ਬਾਣੀ ਉਚਾਰਨ ਕੀਤੀ ਕਿ ਤੂੰ ਊਂਠ ਦੇ ਬੱਚੇ ਵਾਂਗ ਆਪਣੇ ਮਨਾਂ ਦੇ ਅੰਦਰ ਪਰਮਾਤਮਾ ਦੇ ਰੂਪ ਗੁਰੂ ਨੂੰ ਚੇਤੇ ਰੱਖਿਆ ਕਰ। ਇਥੇ ਪਰਦੇਸ ਵਿੱਚ ਰਹਿਣ ਵਾਲੇ ਮਨ!ਤੂੰ ਸਦਾ ਇਸ ਵਤਨ ਵਿੱਚ ਨਹੀਂ ਟਿਕੇ ਰਹਿਣਾ। ਕਦੇ ਸੋਚ ਕਿ ਉਸ ਪਰਮਾਤਮਾ ਨੂੰ ਕਿਵੇਂ ਸੰਸਾਰ ਵਿੱਚ ਪੈਦਾ ਕੀਤਾ?ਕਿਸ ਕਾਰਜ ਲਈ ਇਸ ਸੰਸਾਰ ਵਿੱਚ ਤੂੰ ਆਇਆ ਹੈ?ਜਿਹੜਾ ਪ੍ਰਮਾਤਮਾ ਤੈਨੂੰ ਮਾਂ ਵਾਂਗ ਸਾਨੂੰ ਪਾਲਦਾ ਹੈ। ਉਸ ਪਿਆਰਾ ਪਰਮਾਤਮਾ ਨਾਲ ਪ੍ਰੀਤ ਪਾ ਲੈ ਉਸ ਦੇ ਦਰ ਤੇ ਪ੍ਰਵਾਨ ਹੋ ਜਾਵੇਗਾ।

## ਬਾਵਨ ਅਖਰੀ

ਬਵੰਜਾ ਅੱਖਰਾਂ ਵਾਲੀ ਰਚਨਾ ਭਾਵ ਗੁਰਮੁੱਖੀ ਲਿਪੀ ਜਿਸ ਦੀ ਵਰਣਮਾਲਾ ਦੇ ਸਾਰੇ ਅੱਖਰ ਬਵੰਜਾ ਹਨ। ਜਗਤ ਦਾ ਸਾਰਾ ਵਰਤਾਰਾ ਇਹਨਾਂ ਲਿਪੀਆਂ ਦੇ ਅੱਖਰਾਂ ਦੀ ਰਾਹੀਂ ਚੱਲ ਰਿਹਾ ਹੈ ।ਪਰ ਇਹ ਅੱਖਰ ਨਾਸ਼ ਹੋ ਜਾਣਗੇ ਭਾਵ, ਜਿਵੇਂ ਜਗਤ ਨਾਸਵੰਤ ਹੈ। ਜਿਵੇਂ ਕਈ ਐਸੀਆਂ ਭਾਸ਼ਾਵਾਂ ਜਾਂ ਬੋਲੀਆਂ ਅਲੋਪ ਹੋ ਗਈਆਂ ਉਹਨਾਂ ਦੀ ਥਾਂ ਤੇ ਦੂਜੀਆਂ ਬੋਲੀਆਂ ਨੇ ਲੈ ਲਈ। ਜਗਤ ਵਿੱਚ ਵਰਤੀ ਜਾਣ ਵਾਲੀ ਹਰੇਕ ਚੀਜ਼ ਵੀ ਨਾਸਵੰਤ ਹੈ, ਬੋਲੀਆਂ ਵੀ ਨਾਸਵੰਤ ਹਨ ਤੇ ਬੋਲੀਆਂ ਵਿੱਚ ਵਰਤੇ ਜਾਣ ਵਾਲੇ ਅੱਖਰ ਵੀ ਨਾਸਵੰਤ ਹਨ। ਅਕਾਲ ਪੁਰਖ ਨਾਲ ਮਿਲਾਪ ਜਿਸ ਸ਼ਕਲ ਵਿੱਚ ਅਨੁਭਵ ਹੁੰਦਾ ਹੈ। ਉਸ ਪ੍ਰਮਾਤਮਾ ਨੂੰ ਬਿਆਨ ਕਰਨ ਲਈ ਕੋਈ ਅੱਖਰ ਅਜਿਹਾ ਨਹੀਂ ਹੈ ਜੋ ਬਿਆਨ ਕਰ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੨ ਥਾਵਾਂ ਦੇ ਅੰਦਰ ਇਹ ਸਿਰਲੇਖ ਬਾਵਨ ਅੱਖਰੀ ਆਉਂਦਾ ਹੈ। ਇੱਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੁਆਰਾ ਅਤੇ ਇੱਕ ਭਗਤ ਕਬੀਰ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਬਾਣੀ ਦੇ ਸਿਰਲੇਖ ਅੰਦਰ ਜੋ ੫੨ ਅੱਖਰ ਵਰਤੇ ਗਏ ਉਹਨਾਂ ਦੀ ਤਰਤੀਬ ਜੋ ਹੁਣ ਗੁਰਮੁਖੀ ਲਿਪੀ ਦੇ ਵਿੱਚ ਹੁਣ ਹੈ ਉਹ ਨਹੀਂ ਹੈ ਬਲਕਿ ਜੋ ਉਸ ਸਮੇਂ ਪਾਂਧੇ ਪੜਾਉਦੇ ਸਨ ਉਸ ਸਮੇਂ ਦੇ ਅਨੁਸਾਰ ਤਰਤੀਬ ਹੈ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

{ਪੰਨਾ ੨੫੦}

ਬਾਵਨ ਅਛਰ ਲੋਕ ਤ੍ਰੈ, ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ, ਓਇ ਅਖਰ ਇਨ ਮਹਿ ਨਾਹਿ ॥੧॥

{ਪੰਨਾ ੩੪੦}

(੧) ਬਵੰਜਾ, ਗਿਣਤੀ ਦੀ ਇਕ ਇਕਾਈ "ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।" (੩੪੦)



Scanned by CamScanner

(੨) ਬਉਣਾ "ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।" (੧੦੮੨)

(੩) ਚਿੱਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ। ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।" (੧੩੫੧)

"ਨਹ ਸੀਤਲੰ ਚੰਦ੍ ਦੇਵਹ ਨਹ ਸੀਤਲੰ ਬਾਵਨ ਚੰਦਨਹ।" (੧੩੫੭)

## ਸੁਖਮਨੀ

ਪੰਨਾ-੨੬੨

ਇਸ ਸਿਰਲੇਖ'ਸੁਖਮਨੀ'ਹੇਠਾਂ ਆਈ ਹੋਈ ਬਾਣੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ।ਸਤਿਗੁਰਾਂ ਇਸ ਬਾਣੀ ਨੂੰ ਗਾਉੜੀ ਰਾਗ ਵਿੱਚ ਉਚਾਰਨ ਕੀਤਾ ਹੈ।ਇਸ ਦੀਆਂ ੨੪ ਅਸਟਪਦੀਆਂ ਹਨ,ਹਰੇਕ ਅਸ਼ਟਪਦੀ ਦੇ ਨਾਲ ੧ ਸਲੋਕ ਵੀ ਆਉਂਦਾ ਹੈ।ਪਰ ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਤੋਂ ਪਿਛੋਂ ਆਈ 'ਰਹਾਉ' ਦੀ ਤੁੱਕ ਦੱਸਦੀ ਹੈ ਕਿ ਇਸ ਸਾਰੀ ਬਾਣੀ ਦਾ ਦੋ-ਹਰਫ਼ਾ ਮੁੱਖ ਭਾਵ ਰਹਾਉ ਵਿੱਚ ਹੈ ਅਤੇ ਸਾਰੀਆਂ ੨੪ ਅਸਟਪਦੀਆਂ ਇਸ ਮੁੱਖ ਭਾਵ ਦੀ ਵਿਆਖਿਆ ਹਨ ।'ਸੁਖਮਨੀ' ਦਾ 'ਮੁੱਖ ਭਾਵ' ਹੇਠ-ਲਿਖੀਆਂ ਤੁੱਕਾਂ ਹਨ :—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥

ਪ੍ਰਭੂ ਦਾ ਨਾਮ ਹੀ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ (ਸਭ) ਸੁਖਾਂ ਦੀ ਮਣੀ ਹੈ।ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿੱਚ ਹੈ।

## ਥਿਤੀ / ਥਿੰਤੀ

ਸਾਡੇ ਦੇਸ ਵਿੱਚ ਸੂਰਜ ਅਤੇ ਚੰਦ ਦੋਹਾਂ ਦੇ ਅਨੁਸਾਰ ਸਾਲ ਦੇ ਮਹੀਨਿਆਂ ਤੇ ਦਿਨਾਂ ਦੀ ਗਿਣਤੀ ਕੀਤੀ ਜਾਂਦੀ ਹੈ ।ਸੂਰਜ ੧੨ 'ਰਾਸਾਂ' ਵਿੱਚੋਂ ਦੀ ਲੰਘਦਾ ਹੈ।ਜਦੋਂ ਨਵੀਂ 'ਰਾਸ' ਵਿੱਚ ਅੱਪੜਦਾ ਹੈ, ਨਵਾਂ ਮਹੀਨਾ ਚੜ੍ਹਦਾ ਹੈ ।ਚੰਦ ਦੇ ਵੱਧਣ ਘੱਟਣ ਦੇ ਹਿਸਾਬ ਅਨੁਸਾਰ ਦਿਨਾਂ ਨੂੰ 'ਥਿੱਤ' ਆਖਿਆ ਜਾਂਦਾ ਹੈ, ਸੰਸਕ੍ਰਿਤ ਲਫ਼ਜ਼ 'ਤਿਥਿ' ਹੈ । ਚੰਦ ਦੇ ਹਿਸਾਬ ਹਰੇਕ ਮਹੀਨੇ ਦੇ ਦੋ ਹਿੱਸੇ, ਦੋ ਪੱਖ, ਹੁੰਦੇ ਹਨ: ਹਨੇਰਾ ਪੱਖ ਅਤੇ ਚਾਣਨਾ ਪੱਖ।ਮੱਸਿਆ ਜਿਸ ਰਾਤ ਮੁਕੰਮਲ ਹਨੇਰਾ ਹੁੰਦਾ ਹੈ ਤੇ ਚੰਦ ਬਿਲਕੁਲ ਨਹੀਂ ਦਿੱਸਦਾ ਤੋਂ ਅਗਾਂਹ ਚਾਨਣਾ ਪੱਖ ਸ਼ੁਰੂ ਹੁੰਦਾ ਹੈ, ਕਿਉਂਕਿ ਚੰਦ੍ਰਮਾ ਹਰ ਰੋਜ਼ ਵੱਧਦਾ ਜਾਂਦਾ ਹੈ । ਪੂਰਨਮਾਸ਼ੀ ਤੱਕ ਚਾਨਣਾ ਪੱਖ ਹੁੰਦਾ ਹੈ।ਪੂਰਨਮਾਸ਼ੀ ਦੀ ਰਾਤ ਨੂੰ ਚੰਦ੍ਰਮਾ ਮੁਕੰਮਲ ਹੁੰਦਾ ਹੈ । ਇਸ ਤੋਂ ਪਿਛੋਂ ਚੰਦ ਘੱਟਣ ਲੱਗ ਪੈਂਦਾ ਹੈ, ਇਸ ਨੂੰ ਹਨੇਰਾ ਪੱਖ ਆਖੀਦਾ ਹੈ।ਘੱਟਦਾ ਘੱਟਦਾ ਚੰਦ ਮੱਸਿਆ ਨੂੰ



Scanned by CamScanner

ਬਿਲਕੁਲ ਲੁੱਕ ਜਾਂਦਾ ਹੈ। ਮੱਸਿਆ ਤੋਂ ਅਗਾਂਹ ਹੇਠ-ਲਿਖੇ ਅਨੁਸਾਰ ਦਿਨਾਂ (ਥਿੱਤਾਂ) ਦੇ ਨਾਮ ਆਉਂਦੇ ਹਨ—ਏਕਮ, ਦੂਜ, ਤੀਜ, ਚੌਥ, ਪੰਚਮੀ, ਛਟ, ਸਤਮੀ, ਅਸ਼ਟਮੀ, ਨੌਮੀ, ਦਸਮੀ, ਇਕਾਦਸ਼ੀ, ਦੁਆਦਸੀ, ਤ੍ਰਿਓਂਦਸੀ, ਚੌਦਸ, ਪੂਰਨਮਾਸ਼ੀ । ਇਸੇ ਤਰ੍ਹਾਂ ਪੂਰਨਮਾਸ਼ੀ ਤੋਂ ਅਗਾਂਹ ਫਿਰ ਏਕਮ ਤੋਂ ਲੈ ਕੇ ਮੱਸਿਆ ਤਕ ਇਹੀ "ਥਿੱਤਾਂ" ਹਨ । ਹਨੇਰੇ ਪੱਖ ਦੀਆਂ ਥਿੱਤਾਂ ਨੂੰ 'ਵਦੀ' ਅਤੇ ਚਾਨਣੇ ਪੱਖ ਦੀਆਂ ਥਿੱਤਾਂ ਨੂੰ 'ਸੁਦੀ' ਆਖਦੇ ਹਨ; ਜਿਵੇਂ, 'ਜੇਠ ਸੁਦੀ ਚੌਥ' ਦਾ ਭਾਵ ਹੈ 'ਜੇਠ ਦੇ ਮਹੀਨੇ ਦੀ ਮੱਸਿਆ ਤੋਂ ਅਗਾਂਹ ਚੌਥਾ ਦਿਨ' । ਵਦੀ ਸੁਦੀ ਵਾਲੇ ਮਹੀਨੇ 'ਵਦੀ' ਪੱਖ ਤੋਂ ਸ਼ੁਰੂ ਹੁੰਦੇ ਹਨ, ਪੂਰਨਮਾਸ਼ੀ ਤੋਂ ਅਗਲੇ ਦਿਨ ।

ਹਿੰਦੂ ਲੋਕ ਇਹਨਾਂ ਥਿੱਤਾਂ ਤੇ ਵਰਤ ਰੱਖਦੇ ਹਨ ਅਤੇ ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡ ਅਨੁਸਾਰ ਹੋਰ ਕਈ ਕਿਸਮ ਦੇ ਕਰਮ ਧਰਮ ਕਰਦੇ ਹਨ, ਜਿਵੇਂ ਏਕਾਦਸ਼ੀ ਆਦਿਕ ਥਿੱਤਾਂ ਤੇ ਵੀ ਵਰਤ ਰੱਖੇ ਜਾਂਦੇ ਹਨ ਤਿਵੇਂ ਇਹਨਾਂ ਸੱਤਾਂ ਵਾਰਾਂ ਦੇ ਨਾਲ ਭੀ ਕਈ ਕਰਮਾਂ ਧਰਮਾਂ ਦਾ ਸੰਬੰਧ ਥਾਪਿਆ ਗਿਆ ਹੈ। ਲੇਕਿਨ ਸਿੱਖ ਧਰਮ ਦੇ ਅੰਦਰ ਇਸ ਤਰ੍ਹਾਂ ਦੇ ਕਿਸੇ ਵੀ ਕਰਮ ਕਾਂਡ ਦੀ ਮਾਨਤਾ ਨਹੀਂ ਹੈ। ਇਸ ਬਾਣੀ ਦੇ ਅੰਦਰ ਇਹਨਾਂ ਵਹਿਮ ਭਰਮਾਂ ਤੋਂ ਕੱਢਣ ਦੇ ਲਈ ਬਾਣੀ ਉਚਾਰਨ ਕੀਤੀ ਹੈ।

## ਸਾਤ ਵਾਰ

ਹਿੰਦੂ ਲੋਕ ਇਹਨਾਂ ਥਿੱਤਾਂ ਤੇ ਵਰਤ ਰੱਖਦੇ ਹਨ, ਅਤੇ ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡ ਅਨੁਸਾਰ ਹੋਰ ਕਈ ਕਿਸਮ ਦੇ ਕਰਮ ਧਰਮ ਕਰਦੇ ਹਨ। ਜਿਵੇਂ ਏਕਾਦਸ਼ੀ ਆਦਿਕ ਥਿੱਤਾਂ ਤੇ ਵਰਤ ਰੱਖੇ ਜਾਂਦੇ ਹਨ ਤਿਵੇਂ ਇਹਨਾਂ ਸੱਤਾਂ ਵਾਰਾਂ ਦੇ ਨਾਲ ਵੀ ਕਈ ਕਰਮਾਂ ਧਰਮਾਂ ਦਾ ਸੰਬੰਧ ਥਾਪਿਆ ਗਿਆ ਹੈ । ਇਹ 'ਵਾਰ' ਦੇਵੀ ਦੇਵਤਿਆਂ ਜਾਂ ਤਾਰਿਆਂ ਦੇ ਨਾਵਾਂ ਨਾਲ ਸੰਬੰਧ ਰੱਖਦੇ ਹਨ। ਮੰਗਲਵਾਰ ਦੇਵੀ ਦਾ ਵਾਰ ਸਮਝਿਆ ਜਾਂਦਾ ਹੈ। ਛਨਿੱਛਰਵਾਰ ਛਨਿੱਛਰ ਦੇਵਤੇ ਦਾ ਦਿਨ ਹੈ ।

ਕਦੇ ਕਿਸੇ ਕਰਮ-ਕਾਂਡੀ ਹਿੰਦੂ ਸੱਜਣ ਦੇ ਪਾਸ ਚਾਰ ਦਿਨ ਰਹਿ ਕੇ ਵੇਖੋ, ਤਾਂ ਉਸ ਦੇ ਰੋਜ਼ਾਨਾ ਕਰਤੱਵ ਤੋਂ ਪਤਾ ਮਿਲੇਗਾ ਕਿ ਇਹਨਾਂ 'ਥਿੱਤਾਂ' ਤੇ 'ਵਾਰਾਂ' ਦੀ ਰਾਹੀਂ ਕਰਮ-ਕਾਂਡ ਦਾ ਚੰਗਾ ਜਾਲ ਵਿਛਿਆ ਹੈ, ਤਕੜੇ ਭਰਮ-ਵਹਿਮ ਬਣੇ ਹੋਏ ਹਨ।

ਗੁਰੂ ਪਾਤਸ਼ਾਹ ਜੀ ਨੇ ਇਹਨਾਂ ਭਰਮ-ਵਹਿਮ ਵਿੱਚੋਂ ਕੱਢਣ ਦੇ ਲਈ ਬਾਣੀ ਉਚਾਰਨ ਕੀਤੀ ਤਾਂ ਕਿ ਵਾਰਾਂ ਦਾ ਅਸਲ ਮੰਤਵ ਸਾਡਾ ਪ੍ਰਮਾਤਮਾ ਨੂੰ ਮਿਲਣਾ ਹੋ ਸਕੇ।

ਪੰਦ੍ਰਹ ਥਿਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥
ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥੧॥

{ਪੰਨਾ ੩੪੩}



Scanned by CamScanner

## ਬਿਰਹੜੇ ਛੰਤਾਂ ਕੀ ਜਤਿ

ਪੰਨਾ-੪੩੧

ਬਿਰਹੜੇ—ਬ਼ਿਰਹੁ ਦੇ ਵਿੱਚ ਭਰੇ ਹੋਏ। ਵਿਦਵਾਨਾਂ ਨੇ ਬਿਰਹੜੇ ਦੀਆਂ ੪ ਅਵਸਥਾਂ ਮੰਨੀਆਂ ਜਾਂਦੀਆਂ ਨੇ ਜਿੰਨ੍ਹਾਂ ਵਿੱਚ ਲੰਘ ਕੇ ਜੀਵ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਸਕਦਾ ਹੈ।

੧. ਪਛੁਤਾਵਾ।

੨. ਦਰਸ਼ਨਾਂ ਦੀ ਤਾਂਘ।

੩. ਵਿਆਕੁਲਤਾ।

੪. ਰਜ਼ਾ ਵਿੱਚ ਲਿਵਲੀਨਤਾ ।

ਇਹ 'ਬਿਰਹੜੇ' ਗਿਣਤੀ ਵਿੱਚ ੩ ਹਨ। ਇਹਨਾਂ ਨੂੰ ਅਸਟਪਦੀਆਂ ਵਿੱਚ ਗਿਣਿਆ ਜਾਂਦਾ ਹੈ। ਇਸ ਨੂੰ ੪ ਘਰ ਵਿੱਚ ਗਾਇਆ ਜਾਂਦਾ ਹੈ। ਜਤਿ ਸੰਗੀਤ ਅਨੁਸਾਰ ਗਾਉਣ ਦੀ ਇੱਕ ਧਾਰਨਾ ਹੈ। ਜਿਸ ਜਗ੍ਹਾ ਵਿੱਚ ਵਿਸਰਾਮ ਆਉਂਦਾ ਹੈ ਉਸ ਨੂੰ ਜਤਿ ਕਿਹਾ ਜਾਂਦਾ ਹੈ। ਡਾ:ਚਰਨ ਸਿੰਘ ਜੀ ਨੇ ਆਪਣੀ ਕਿਤਾਬ "ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ"ਵਿੱਚ ਲਿਖਦੇ ਹਨ ਕਿ ਜਤਿ,ਗਤਿ,ਸਾਥਿ। ਇਹ ਤਿੰਨ ਜੋੜੀ ਦੇ ਕਰਤੱਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰ ਭਾਵ ਗਤਿ ਵਕਰ ਉਂਗਲੀਆਂ ਵਿੱਚੋਂ ਜੋੜੀ ਦੇ ਕਿਨਾਰੇ ਤੇ ਵਿਚਕਾਰ ਕੰਮ ਕਰੇ। ਖੱਬੇ ਹੱਥ ਨਾਲ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਆਖਦੇ ਹਨ। ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਉਸ ਨੂੰ ਪਾਟਾਛਰ ਆਖਦੇ ਹਨ। ਜਦੋਂ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਅਵਾਜ਼ ਵੀ ਖੁੱਲੀ ਨਿਕਲੇ ਉਸ ਨੂੰ ਸਾਥਿ ਕਿਹਾ ਜਾਂਦਾ ਹੈ। ਇਹਨਾਂ ਦੀ ਚਾਲ ਛੰਤਾਂ ਵਾਲੀ ਹੈ । ਇਸ ਬਾਣੀ ਅੰਦਰ ਵਿਛੜੇ ਤੋਂ ਮਿਲਾਪ ਦੀ ਗੱਲ ਕੀਤੀ ਹੈ ਕਿ ਪ੍ਰਮਾਤਮਾ ਮੈਂ ਤੇਰੀ ਸਰਨ ਆਇਆ ਹਾਂ ਮੈਨੂੰ (ਮਾਇਆ ਦੇ ਮੋਹ-ਭਰੇ ਹੋਏ) ਸੰਸਾਰ-ਖੂਹ ਵਿਚੋਂ ਕੱਢ ਲੈ ।

## ਪਟੀ ਲਿਖੀ/ ਪਟੀ

ਇਹ ਸਿਰਲੇਖ ੨ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਆਉਦਾ ਹੈ। ਇੱਕ ਪੱਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਆਰਾ ਲਿਖੀ ਗਈ ਹੈ ਦੂਜੀ ਸ੍ਰੀ ਗੁਰੂ ਅਮਰ ਦਾਸ ਜੀ ਦੇ ਦੁਆਰਾ ਲਿਖੀ ਗਈ ਹੈ। ਪਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਬਹੁਤ ਸੁੰਦਰ ਨਮੂਨਾ ਹੈ ਜੋ ਕਿ ਸਤਿਗੁਰਾਂ ਨੇ ਲੋਕ-ਪ੍ਰਿਅ ਕਾਵਿ ਰੂਪਾਂ ਦੇ ਅਧਾਰ ਤੇ ਰਚੀ ਹੈ। ਇਸ ਬਾਣੀ ਦਾ ਸਿਰਲੇਖ ਪੁਰਾਤਨ ਸਮੇਂ ਤੋਂ ਪਾਠਸਾਲਾ, ਮਦਰਸੇ, ਪਾਂਧਿਆਂ ਜਾਂ ਸਕੂਲ ਦੀ ਸੁਰੂਅਤ ਵਿੱਚ ਬੱਚੇ ਪੜ੍ਹਨ ਤੇ ਲਿਖਾਣ ਲਈ ਲੱਕੜੀ ਦੀ ਫੱਟੀ ਜਾਂ ਤਖਤੀ ਵਰਤਿਆ ਕਰਦੇ ਸਨ। ਜਿਸ ਉਪਰ ਗਾਚੀ ਫੇਰ ਕੇ ਉਸ ਉਪਰ ਪੂਰਨੇ ਪਾ ਕੇ ਕਲਮ ਤੇ ਸਿਆਹੀ ਨਾਲ ਲਿਖਿਆ ਜਾਂਦਾ



Scanned by CamScanner

ਸੀ। ਜੋ ਕੰਮ(ਪਾਠ) ਫੱਟੀ ਦੇ ਉਪਰ ਲਿਖਿਆ ਹੁੰਦਾ ਉਸਨੂੰ ਪੱਟੀ ਲਿਖਣਾ ਕਿਹਾ ਵੀ ਜਾਂਦਾ ਹੈ।

ਸਚੀ ਪਟੀ ਸਚੁ ਮਨਿ, ਪੜੀਐ ਸਬਦੁ ਸੁ ਸਾਰੁ ॥ {ਪੰਨਾ ੯੩੮}

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ {ਪੰਨਾ ੧੧੩੩}

ਸਸੈ ਸੋਇ ਸ੍ਰਿਸਟਿ ਪੰਨਾ-੪੩੨

ਅਯੋ ਅੰਕੈ ਸਭੁ ਜਗੁ ਪੰਨਾ-੪੩

## ਘੋੜੀਆਂ

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥

ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥ {ਪੰਨਾ ੫੭੫}

ਅਸਲ ਵਿੱਚ ਪੁਰਾਤਨ ਸਮੇਂ ਤੋਂ ਸੱਭਿਆਚਾਰ ਵਿੱਚ ਚਲੀ ਆ ਰਹੀ ਰੀਤ ਦੇ ਅਨੁਸਾਰ ਕਾਵਿ ਰੂਪ ਵਿੱਚ ਘੋੜੀਆਂ ਸ਼ਾਮਿਲ ਹਨ। ਜਦੋਂ ਵਿਆਹ ਵੇਲੇ ਲੜਕੇ ਨੂੰ ਵਿਆਹੁਣ ਲਈ ਘਰੋਂ ਤੁਰਨ ਸਮੇਂ ਘੋੜੀ ਤੇ ਚੜ੍ਹਿਆ ਜਾਂਦਾ ਹੈ। ਉਸ ਸਮੇਂ ਲੜਕੇ ਦੀਆਂ ਭੈਣਾਂ ਘੋੜੀ ਦੀ ਵਾਗ ਫੜ ਕੇ ਗੀਤ ਗਾਉਂਦੀਆਂ ਹਨ। ਉਹਨਾਂ ਗੀਤ 'ਘੋੜੀਆਂ' ਆਖਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਇਹ ਦੋ 'ਛੰਤ' ਉਹਨਾਂ ਗੀਤਾਂ 'ਘੋੜੀਆਂ' ਦੀ ਚਾਲ ਤੇ ਲਿਖੇ ਹਨ ਤੇ ਇਹਨਾਂ ਛੰਤਾਂ ਦਾ ਸਿਰਲੇਖ ਵੀ "ਘੋੜੀਆ" ਹੀ ਲਿਖਿਆ ਹੈ। ਗੁਰੂ ਪਾਤਸ਼ਾਹ ਜੀ ਦਾ ਇਹ ਅਸਲ ਰੂਪ ਵਿੱਚ ਕਹਿਣ ਦਾ ਮਤਬਲ ਸੀ ਕਿ ਖੁਸ਼ੀਂ ਵੇਲੇ ਜੋ ਪੁਰਾਤਨ ਤੌਰ ਤੋਂ ਚਲੀ ਆਉਂਦੀ ਰੀਤ ਦੇ ਅਨੁਸਾਰ ਤੁਸੀਂ ਬਾਣੀ ਰੂਪ ਵਿੱਚ ਘੋੜੀਆਂ ਪੜ੍ਹੀਆਂ ਜਾਣ ਤਾਂ ਕਿ ਤੈਨੂੰ ਖੁਸ਼ੀ ਦੇ ਸਮੇਂ ਵਿੱਚ ਵੀ ਪ੍ਰਮਾਤਮਾ ਯਾਦ ਆਵੇ।

## ਅਲਾਹਣੀਆ

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥

{ਪੰਨਾ ੫੭੮-੫੭੯}

ਪੁਰਾਤਨ ਸਮੇਂ ਤੋਂ ਹੀ ਜਦੋਂ ਕੋਈ ਇਨਸਾਨ ਮਰ ਜਾਵੇ ਤੇ ਉਸ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ ਅਲਾਹਣੀਆਂ ਆਖਿਆ ਜਾਂਦਾ ਸੀ। ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਭਾਈਚਾਰੇ



Scanned by CamScanner

ਦੀਆਂ ਜ਼ਨਾਨੀਆਂ ਮਿਲ ਕੇ ਰੋਂਦੀਆਂ ਹਨ। ਮਿਰਾਸਣ ਉਸ ਮਰੇ ਪ੍ਰਾਣੀ ਦੀ ਸਿਫ਼ਤਿ ਵਿੱਚ ਕਵਿਤਾ ਜਿਹੀ ਵਾਂਗ ਕੋਈ ਤੁਕ ਸੁਰ ਵਿੱਚ ਪੜ੍ਹਦੀ ਹੈ, ਉਸ ਦੇ ਪਿੱਛੇ ਪਿੱਛੇ ਉਹੀ ਤੁੱਕ ਸਾਰੀਆਂ ਜ਼ਨਾਨੀਆਂ ਰਲ ਕੇ ਸੁਰ ਵਿੱਚ ਹੀ ਪੜ੍ਹਦੀਆਂ ਹਨ ਤੇ ਨਾਲ ਨਾਲ ਥੋੜਾ ਪਿੱਟਦੀਆਂ ਰੋਦੀਆਂ ਅਤੇ ਵਿਰਲਾਪ ਕਰਦੀਆਂ ਹਨ। ਉਹ ਪਿੱਟਣਾ ਭੀ ਤਾਲ-ਸਿਰ ਹੁੰਦਾ ਹੈ। ਮਿਰਾਸਣ ਦੇ ਉਸ ਗੀਤ ਨੂੰ 'ਅਲਾਹਣੀਆਂ' ਕਿਹਾ ਜਾਂਦਾ ਹੈ । ਸਤਿਗੁਰੂ ਜੀ ਇਸ ਰੋਣ ਪਿੱਟਣ ਵੱਲੋਂ ਵਰਜ ਕੇ ਪਰਮਾਤਮਾ ਦੀ ਰਜ਼ਾ ਵਿੱਚ ਤੁਰਨ ਤੇ ਉਸ ਦੀ ਸਿਫ਼ਤਿ-ਸਾਲਾਹ ਕਰਨ ਦਾ ਉਪਦੇਸ਼ ਦੇਂਦੇ ਹਨ। ਸਤਿਗੁਰਾਂ ਨੇ ਸਾਨੂੰ ਸਾਰਿਆਂ ਨੂੰ ਰੋਣ ਧੋਣ ਤੋਂ ਵਰਜਦਿਆਂ ਹੋਇਆਂ ਇਸ ਬਾਣੀ ਨੂੰ ਉਸ ਸਮੇਂ ਪੜ੍ਹੇ ਜਾਣ ਦੇ ਲਈ ਪ੍ਰੇਰਨਾ ਕੀਤੀ ਹੈ। ਤਾਂ ਕਿ ਤੇਰੇ ਜੀਵਨ ਨੂੰ ਸਹੀ ਸੇਧ ਮਿਲ ਜਾਵੇ ਸੱਚਾਈ ਉਪਰ ਤੂੰ ਚੱਲ ਸਕਦਾ ਹੈ।

ਇਸ ਬਾਣੀ ਦੇ ਅੰਦਰ ੯ ਸਬਦ ਆਉਂਦੇ ਹਨ। ਇਸ ਦੇ ਅੰਦਰ ੫ ਸਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਗਏ ਹਨ ਅਤੇ ਇਸ ਦੇ ਅੰਦਰ ੪ ਸਬਦ ਸ੍ਰੀ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਗਏ ਹਨ। ਸਤਿਗੁਰਾਂ ਨੇ ਸਮਝਾਇਆ ਹੈ ਕਿ ਜਿਸ ਜੀਵ ਦੇ ਇਥੋਂ ਚਲਾਣੇ ਦਾ ਸੱਦਾ ਆ ਜਾਂਦਾ ਹੈ। ਉਸ ਸੱਦੇ ਨੂੰ ਰੋ-ਰੋ ਕੇ ਟਾਲਿਆ ਨਹੀਂ ਸਕੀਦਾ। ਇਹ ਉਸ ਅਕਾਲ ਪੁਰਖ ਦਾ ਅਟੱਲ ਨਿਯਮ ਹੈ। ਪਰ ਫਿਰ ਵੀ ਜੇ ਕਿਸੇ ਨੇ ਇਸ ਸੱਦੇ ਨੂੰ ਟਾਲਣ ਲਈ ਰੋਣਾ ਹੀ ਹੈ ਤਾਂ ਰੋ ਕੇ ਵੇਖ ਲਵੋ। ਪਿਆਰਾ ਸੰਬੰਧੀ ਜਮ ਬੰਨ੍ਹ ਕੇ ਅੱਗੇ ਤੋਰ ਲੈ ਜਾਂਦੇ ਹਨ। ਉਸ ਦੇ ਇਥੋਂ ਕੂਚ ਵਾਸਤੇ ਪ੍ਰਮਾਤਮਾ ਦੀ ਦਰਗਾਹ ਦਾ ਲਿਖਿਆ ਹੁਕਮ ਮਿਟਾ ਨਹੀਂ ਸਕੀਦਾ, ਪ੍ਰਭੂ ਦੇ ਦਰ ਤੋਂ ਸੱਦਾ ਆ ਜਾਂਦਾ ਹੈ ਉਹ ਸੱਦਾ ਜੋ ਬਿਲਕੁਲ ਅਟੱਲ ਹੈ।

ਜਦੋਂ ਪ੍ਰਮਾਤਮਾ ਨੂੰ ਆਪਣੀ ਰਜ਼ਾ ਵਿੱਚ ਚੰਗਾ ਲੱਗਦਾ ਹੈ, ਤਾਂ ਜੀਵ ਵਾਸਤੇ ਜਾਣ ਦਾ ਸੱਦਾ ਆ ਜਾਂਦਾ ਹੈ,ਰੋਣ ਵਾਲੇ ਸੰਬੰਧੀ ਰੋਂਦੇ ਹਨ। ਪੁੱਤਰ, ਭਰਾ, ਭਤੀਜੇ, ਬੜੇ ਪਿਆਰੇ ਸੰਬੰਧੀ ਸਭੇ ਹੀ ਰੋਂਦੇ ਹਨ। ਜੀਵ ਦੇ ਇਸ ਸੰਸਾਰ ਦੇ ਅੰਦਰੋਂ ਜਾਣ ਵਾਲੇ ਆਪਣੇ ਸੰਬੰਧੀ ਦੇ ਪਿੱਛੇ ਦੁਨੀਆਂ ਵਿੱਚ ਵਾਪਰਨ ਵਾਲੇ ਦੁੱਖਾਂ ਦੇ ਸਹਿਮ ਵਿੱਚ ਰੋਂਦਾ ਹੈ ਤੇ ਉਸ ਦੇ ਗੁਣਾਂ ਸੁੱਖਾਂ ਨੂੰ ਮੁੜ ਮੁੜ ਚੇਤੇ ਕਰਦਾ ਹੈ, ਪਰ ਕਦੇ ਵੀ ਕੋਈ ਜੀਵ ਮੁਏ ਪ੍ਰਾਣੀਆਂ ਦੇ ਨਾਲ ਮਰਦਾ ਨਹੀਂ ਹੈ। ਕਿਉਕਿ ਜੀਊਣਾ ਹਰੇਕ ਨੂੰ ਪਿਆਰਾ ਲੱਗਦਾ ਹੈ। ਆਈ ਤੋਂ ਬਿਨ੍ਹਾਂ ਕੋਈ ਮਰ ਵੀ ਨਹੀਂ ਸਕਦਾ।

ਸਤਿਗੁਰਾਂ ਨੇ ਆਪਣੇ ਗੁਰਸਿੱਖਾਂ ਨੂੰ ਸਮਝਾਉਦੇ ਨੇ ਇਹ ਮਰਨ ਤੇ ਜੰਮਣ ਦਾ ਸਿਲਸਿਲਾ ਤਾਂ ਜਾਰੀ ਹੀ ਰਹਿਣਾ ਹੈ। ਉਹ ਬੰਦੇ ਸਦਾ ਹੀ ਮਹਾ ਸਿਆਣੇ ਹਨ ਜੋ ਸਦਾ-ਥਿਰ-ਪ੍ਰਭੂ ਦੇ ਗੁਣ ਹਿਰਦੇ ਵਿੱਚ ਵਸਾ ਕੇ ਮਾਇਆ ਦੇ ਮੋਹ ਵੱਲੋਂ ਉਪਰਾਮ ਹੁੰਦੇ ਹਨ ।



Scanned by CamScanner

# ਆਰਤੀ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
{ਪੰਨਾ ੬੬੩}

ਦੇਵਤੇ ਦੀ ਮੂਰਤੀ ਜਾਂ ਖਾਸ਼ ਸਖਸ਼ੀਅਤ ਅੱਗੇ ਦੀਵੇ ਘੁਮਾ ਕੇ ਪੂਜਨ ਕਰਨ ਨੂੰ ਆਰਤੀ ਕਿਹਾ ਜਾਂਦਾ ਹੈ। ਹਿੰਦੂ ਮੱਤ ਅਨੁਸਾਰ ਇੱਕ ਥਾਲ ਵਿੱਚ ਦੀਵੇ ਜਗ੍ਹਾ ਕੇ ਸੁਗੰਧੀਆਂ ਰੱਖ ਕੇ ਦੇਵਤਿਆਂ ਦੀ ਮੂਰਤੀ ਅੱਗੇ ਚਾਰ ਵਾਰੀ ਚਰਨਾਂ ਅੱਗੇ,ਦੋ ਵਾਰੀ ਨਾਭੀ ਤੇ,ਇੱਕ ਵਾਰੀ ਮੂੰਹ ਉਤੇ ਅਤੇ ਸੱਤ ਵਾਰੀ ਸਾਰੇ ਸਰੀਰ ਉਤੇ ਦੀਵੇ ਘੁਮਾਣੇ ਚਾਹੀਦੇ ਹਨ। ਦੀਵੇ ਇੱਕ ਤੋਂ ਲੈ ਕੇ ਸੌ ਤੱਕ ਹੁੰਦੇ ਹਨ।

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਆਰਤੀ ਦਾ ਖੰਡਨ ਕਰਕੇ ਸਾਰੇ ਸੰਸਾਰ ਨੂੰ ਸਮਝਾਇਆ ਕਿ ਕਰਤਾਰ ਦੀ ਆਰਤੀ ਕੁਦਰਤੀ ਆਪਣੇ ਆਪ ਹੀ ਕਰ ਰਹੀ ਹੈ। ਸਾਰਾ ਆਕਾਸ਼ (ਮਾਨੋ) ਥਾਲ ਰੂਪ ਹੈ, ਸੂਰਜ ਤੇ ਚੰਦ ਇਸ ਥਾਲ ਵਿੱਚ ਦੋਵੇਂ ਦੀਵੇ ਬਣੇ ਹੋਏ ਹਨ,ਤਾਰਿਆਂ ਦੇ ਸਮੂੰਹ ਇਸ ਥਾਲ ਵਿੱਚ ਮੋਤੀ ਰੱਖੇ ਹੋਏ ਹਨ। ਹਿਮਾਲਿਆ ਦੇ ਪਰਬਤਾਂ ਵਿੱਚ ਉੱਗੀ ਹੋਈ ਬਨਸਪਤੀ ਵਿੱਚੋਂ ਵੱਲੋਂ ਆਉਣ ਵਾਲੀ ਹਵਾ ਵਿੱਚ ਸੁਗੰਧੀਆਂ ਮਾਨੋਂ ਧੂਫ ਧੁੱਖ ਰਿਹਾ ਹੈ। ਹਵਾ ਲਗਾਤਾਰ ਪ੍ਰਮਾਤਮਾ ਦਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਜੋਤਿ-ਰੂਪ ਪ੍ਰਭੂ ਦੀ ਆਰਤੀ ਲਈ ਫੁੱਲ ਦੇ ਰਹੀ ਹੈ। ਪ੍ਰਭੂ ਪ੍ਰਮਾਤਮਾ ਦੀ ਕੁਦਰਤ ਵਿੱਚ ਕਿੰਨੀ ਸੁੰਦਰ ਆਰਤੀ ਹੋ ਰਹੀ ਹੈ। ਸਭ ਜੀਵਾਂ ਵਿੱਚ ਇੱਕ-ਰਸ ਹੋ ਕੇ ਜੀਵਨ-ਰੌ ਰਹੀ ਹੈ। ਪ੍ਰਭੂ ਜੀ ਦੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ।

ਸਾਰੇ ਜੀਵਾਂ ਵਿੱਚ ਇੱਕੋ ਉਹੀ ਪਰਮਾਤਮਾ ਦੀ ਜੋਤਿ ਵਰਤ ਰਹੀ ਹੈ। ਉਸ ਜੋਤਿ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿੱਚ ਚਾਨਣ ਸੂਝ-ਬੂਝ ਆ ਰਹੀ ਹੈ। ਉਸ ਸਰਬ-ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿੱਚ ਹੋ ਰਿਹਾ ਹੈ ਉਹ ਜੀਵ ਨੂੰ ਚੰਗਾ ਲੱਗੇ ਪ੍ਰਭੂ ਦੀ ਰਜ਼ਾ ਵਿੱਚ ਤੁਰਨਾ ਪ੍ਰਭੂ ਦੀ ਸੱਚੀ ਆਰਤੀ ਕਰਨੀ ਹੈ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ (ਰਵਿਦਾਸ, ੬੯੪)

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ ॥ (੬੬੩-੬)



Scanned by CamScanner

ਜੋ ਤਿਸੁ ਭਾਵੈ ਸੁ ਆਰਤੀ ਹੋਇ ॥ (੬੬੩-੧੦)

ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥

(ਕਬੀਰ, ੧੩੫੦-੧੪)

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥

(ਰਵਿਦਾਸ, ੬੯੪-੧੮)

ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥

(ਤ੍ਰਿਲੋਚਨ, ੬੯੫-੧੦)

## ਕੁਚਜੀ

ਇਸ ਸਿਰਲੇਖ ਹੇਠਾਂ ਗੁਰੂ ਨਾਨਕ ਦੇਵ ਜੀ ਨੇ ਸਬਦ ਉਚਾਰਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹ ਸਿਰਲੇਖ ਸਿਰਫ਼ ਇੱਕ ਵਾਰ ਆਇਆ ਹੈ। ਕੁਚਜੀ—ਕੁ-ਚੱਜੀ, ਕੋਝੇ ਕਰਮਾਂ ਵਾਲੀ, ਜਿਸ ਨੂੰ ਜੀਵਨ ਦੀ ਜਾਂਚ ਨਾ ਹੋਵੇ। ਜਿਨਾਂ ਦੇ ਜੀਵਨ ਵਿੱਚ ਚੱਜ ਨਾ ਸਿੱਖਿਆ ਹੋਵੇ। ਉਹ ਕੁਚੱਜੀ ਕਿਵੇਂ ਪਤੀ ਪ੍ਰਭੂ ਨੂੰ ਪ੍ਰਸੰਨ ਕਰ ਸਕੇਗੀ ? ਲੇਕਿਨ ਜਿਨ੍ਹਾਂ ਸਹੇਲੀਆਂ ਨੇ ਪ੍ਰਭੂ-ਪਤੀ ਨੂੰ ਪ੍ਰਸੰਨ ਕਰ ਲਿਆ ਹੈ ਉਹ ਮਾਨੋ ਚੁਮਾਸੇ ਵਿੱਚ ਅੰਬਾਂ ਦੀਆਂ ਠੰਢੀਆਂ ਛਾਵਾਂ ਵਿੱਚ ਬੈਠੀਆਂ ਹੋਈਆਂ ਹਨ । ਕੁਚੱਜੀ ਦੇ ਅੰਦਰ ਤਾਂ ਉਹ ਗੁਣ ਹੈ ਹੀ ਨਹੀਂ ਹਨ। ਜਿਨ੍ਹਾਂ ਕਰਕੇ ਉਸ ਉਪਰ ਪ੍ਰਭੂ-ਪਤੀ ਨੂੰ ਖੁਸ਼ ਕਰ ਸਕੇ। ਜੀਵ ਰੂਪੀ ਇਸਤਰੀ ਆਪਣੇ ਇਸ ਅਭਾਗਤਾ ਦਾ ਦੋਸ ਹੋਰ ਕਿਸ ਨੂੰ ਦੇ ਨਹੀਂ ਸਕਦੀ ਹਾਂ? ਕਿਉਕਿ ਅਵਗੁਣ ਉਸ ਵਿੱਚ ਨੇ ਸਤਿਗੁਰਾਂ ਨੇ ਇਸ ਸਬਦ ਦੇ ਰਾਹੀਂ ਕੁਚੱਜੀ ਤੋਂ ਸੁਚੱਜੀ ਬਣਨ ਦੇ ਲਈ ਪ੍ਰੇਰਿਆ ਹੈ।

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥

{ਪੰਨਾ ੭੬੨}

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥

(੩, ੭੮੬-੧੧)

ਮਨਮੁਕ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥

(੩, ੮੯-੧੮)



Scanned by CamScanner

## ਸੁਚਜੀ

ਸੁ-ਚੱਜੀ, ਜਿਸ ਨੇ ਜੀਵਨ ਦੀ ਚੰਗੀ ਜਾਂਚ ਸਿੱਖੀ ਹੋਈ ਹੈ। ਇਸ ਸਿਰਲੇਖ ਹੇਠਾਂ ਗੁਰੂ ਨਾਨਕ ਦੇਵ ਜੀ ਨੇ ਸਬਦ ਉਚਾਰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹ ਸਿਰਲੇਖ ਸਿਰਫ਼ ਇੱਕ ਵਾਰ ਆਇਆ ਹੈ। ਸੁਚੱਜੀ ਇਹ ਜਾਣਦੀ ਹੈ ਕਿ ਮੇਰਾ ਪ੍ਰਭੂ ਹੀ ਮੇਰਾ ਮਾਲਿਕ ਹੈ। ਉਹ ਮੇਰਾ ਵਿੱਚ ਹੀ ਸਰਮਾਇਆ ਹੋਇਆ ਹੈ। ਸੁਚੱਜੀ ਨੂੰ ਪਤਾ ਹੈ ਕਿ ਜਦੋਂ ਉਸ ਮਾਲਿਕ ਨੂੰ ਆਪਣੇ ਹਿਰਦੇ ਵਿੱਚ ਵਸਾ ਲੈਵਾਂਗੀ। ਤਾਂ ਹੀ ਮੈਂ ਸੁੱਖੀ ਵੱਸ ਸਕਦੀ ਹਾਂ। ਜਦੋਂ ਪ੍ਰਮਾਤਮਾ ਮੇਰੇ ਹਿਰਦੇ ਵਿੱਚ ਪ੍ਰਗਟ ਹੋ ਜਾਵੇਂਗਾ ਉਸ ਸਮੇਂ ਜੀ ਮਾਲਿਕ ਦੇ ਦਰ ਤੇ ਪ੍ਰਵਾਨ ਹੋਇਆ ਜਾ ਸਕਣਾ ਹੈ।

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ {ਪੰਨਾ ੭੬੨}

ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ ॥ (੧੪੧੬)

ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ ॥ (੭੭੨)

ਸਹ ਕੀ ਸਾਰ ਸੁਹਾਗਨਿ ਜਾਨੈ ॥ (ਕਬੀਰ,੭੯੩)

ਸਾਈ ਸੁਹਾਗਣਿ ਜੋ ਪ੍ਰਭ ਭਾਈ ॥ (੩੯੧)

## ਗੁਣਵੰਤੀ

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥

(ਪੰਨਾ ੭੬੩)

ਜੋ ਜੀਵ ਰੂਪੀ ਇਸਤਰੀ {ਗੁਰਸਿਖ} ਗੁਣਾਂ ਵਿੱਚ ਏਨਾ ਕੁ ਭਰ ਜਾਂਦਾ ਹੈ। ਜਿਹੜਾ ਵੀ ਕੋਈ ਗੁਰੂ ਦਾ ਪਿਆਰਾ ਸਿੱਖ ਮਿਲ ਪੈਂਦਾ ਹੈ। ਉਸ ਨੂੰ ਪ੍ਰੇਮਾ ਭਾਵ ਦੇ ਨਾਲ ਨੀਉਂ ਨੀਉਂ ਕੇ ਪਿਆਰ ਨਾਲ ਮਿਲਦਾ ਹੈ। ਨਿਮ੍ਰਤਾ ਤੇ ਅਧੀਨਗੀ ਨਾਲ ਉਸ ਦੀ ਪੈਰੀਂ ਲੱਗਦਾ ਹਾਂ ਤੇ ਉਸ ਨੂੰ ਆਪਣੇ ਦਿਲ ਦੀ ਵੇਦਨਾ, ਮਿਲਣ ਦੀ ਤਾਂਘ ਦੱਸਦਾ ਹੈ। ਤੇ ਗੁਰੂ ਅੱਗੇ ਹੋ ਅਰਦਾਸ ਬੇਨਤੀ ਕਰਦਾ ਹੈ ਕਿ ਮੈਨੂੰ ਵੀ ਐਸੇ ਸੱਜਣ-ਗੁਰੂ ਮਿਲਾ ਦੇ ਜਿਸ ਕੋਲੋਂ ਨਾਮ ਦੀ ਪ੍ਰਾਪਤੀ ਹੋਵੇਂ ਤੇ ਮਾਲਿਕ ਨੂੰ ਮਿਲਿਆ ਜਾ ਸਕੇ। ਮੈਨੂੰ ਕੋਈ ਅਜਿਹਾ ਸੋਹਣਾ ਉਪਦੇਸ਼ ਦੱਸਦੇ ਜਿਸ ਦੀ ਬਰਕਤਿ ਨਾਲ ਮੇਰਾ ਮਨ ਕਿਸੇ ਹੋਰ ਪਾਸੇ ਵੱਲ ਨਾ ਜਾਏ। ਮੈਂ ਆਪਣਾ ਇਹ ਮਨ ਪ੍ਰਭੂ ਦੇ ਹਵਾਲੇ ਕਰ ਦੇਵਾਂ। ਮੈਨੂੰ ਰਸਤਾ ਦੱਸ ਜਿਸ ਰਾਹੇ ਪੈ ਕੇ ਪ੍ਰਭੂ ਦਾ ਦਰਸਨ ਕਰ ਸਕਾਂ। ਜੋ ਇਸ



Scanned by CamScanner

ਰਸਤੇ ਉੱਤੇ ਜਿਹੜੇ ਗੁਰ-ਭਾਈ ਤੁਰਦੇ ਹਨ । ਉਹ ਗੁਣਾਂ ਦੀ ਸਾਂਝ ਕਰਦੇ ਨੇ ਤਾਂ ਗੁਣਵੰਤੀ ਬਣਿਆ ਜਾ ਸਕਣਾ।

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (੭੬੬)

ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ (੯੫੪)

ਗੁਣ ਮਹਿ ਗਿਆਨੁ ਪਰਾਪਤਿ ਹੋਇ ॥ (੧੯੩੧)

ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥ (੭੬੫)

## ਯਾਨੜੀਏ ਕੈ ਘਰਿ ਗਾਵਣਾ

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥
ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ਰਹਾਉ ॥
{ਪੰਨਾ ੮੦੨}

ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਯਾਨੜੀਏ ਕੈ ਘਰਿ ਆਇਆ ਹੈ। ਜਿਸ ਤੋਂ ਭਾਵ ਹੈ ਕਿ ਇਹ ਸ਼ਬਦ ਉਸ ਸ਼ਬਦ ਦੇ 'ਘਰ' ਵਿੱਚ ਗਾਇਆ ਜਾਵੇਗਾ ਜਿਸ ਸ਼ਬਦ ਦੀ ਪਹਿਲੀ ਤੁੱਕ ਵਿੱਚ ਇਹ ਆਉਂਦਾ ਹੈ 'ਇਆਨੜੀਏ ਮਾਨੜਾ ਕਾਇ ਕਰੇਹਿ'। ਅਗਲਾ ਲਫ਼ਜ਼ ਆਉਂਦਾ ਹੈ ਕੈ.....ਘਰਿ ਗਾਵਣਾ ਇਸ ਤੋਂ ਭਾਵ ਦੇ ਘਰ ਵਿੱਚ ਇਹ ਸ਼ਬਦ ਤਿਲੰਗ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਹੈ। ਪਰ ਉਸ ਦਾ 'ਘਰੁ' ੩ ਹੈ। ਇਹ ਚਉਪਦਾ ਘਰ ੨ ਦਾ ਪਹਿਲਾ ਸ਼ਬਦ ਹੈ। ਇਸ ਸਿਰਲੇਖ ਦੇ ਹੇਠਾਂ ੨ ਸਬਦ ਆਉਂਦੇ ਹਨ।

## ਅਨੰਦ

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
{ਪੰਨਾ ੯੧੭}

ਇਹ ਬਾਣੀ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਦੇ ਪਾਵਨ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ ਹੈ। ਇਸ ਬਾਣੀ ਦੀਆਂ ੪੦ ਪਉੜੀਆਂ ਹਨ। ਇਹ ਲੰਮੇਰੀਆਂ ਬਾਣੀਆਂ ਵਿੱਚੋਂ ਇੱਕ ਹੈ। ਇਹ ਬਾਣੀ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ੫ ਬਾਣੀਆਂ ਵਿੱਚ ਆਖਰੀ ਬਾਣੀ ਹੈ। ਜਦੋਂ ਇਸ ਸੰਸਾਰ ਦੇ ਅੰਦਰ ਜੀਵ ਨੂੰ ਜੰਮਦੇ ਨੂੰ ਹੀ ਮਾਂ ਪਿਉ ਆਦਿਕ ਦੇ ਪਿਆਰ ਦੀ ਰਾਹੀਂ ਮਾਇਆ ਆ ਘੇਰਦੀ ਹੈ। ਫਿਰ ਸਾਰੀ ਉਮਰ ਮਾਇਆ ਦੇ



Scanned by CamScanner

ਹੱਥਾਂ ਵਿੱਚ ਜੀਵ ਮਾਇਆ ਦੇ ਇਸ਼ਾਰਿਆਂ ਉਪਰ ਹੀ ਨੱਚਦਾ ਰਹਿੰਦਾ ਹੈ ਤੇ ਦੁੱਖਾਂ ਵਿੱਚ ਦੁਖੀ ਰਹਿੰਦਾ ਹੈ। ਜਿਸ ਮਨੁੱਖ ਉਤੇ ਪ੍ਰਮਾਤਮਾ ਮਿਹਰ ਕਰਦਾ ਹੈ ਉਸ ਨੂੰ ਗੁਰੂ ਪ੍ਰਮਾਤਮਾ ਦੇ ਨਾਲ ਮਿਲਾ ਲੈਂਦਾ ਹੈ। ਗੁਰੂ ਦੀ ਬਾਣੀ ਦੀ ਬਖਸ਼ਿਸ਼ ਦੇ ਨਾਲ ਮਨੁੱਖ ਦੀ ਮਾਇਕ ਭਟਕਣਾ ਦੂਰ ਹੋ ਜਾਂਦੀ ਹੈ, ਕੋਈ ਦੁੱਖ ਵਿਕਾਰ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ਹਰ ਵੇਲੇ ਉਸ ਦਾ ਮਨ ਖਿੜਿਆ ਰਹਿੰਦਾ ਹੈ। ਜੀਵ ਦੇ ਅੰਦਰ ਹਰ ਵੇਲੇ ਉਸ ਦੇ ਅੰਦਰ ਆਨੰਦ ਬਣਿਆ ਰਹਿੰਦਾ ਹੈ।

## ਸਦੁ

ਜਗਿ ਦਾਤਾ ਸੋਇ ਪੰਨਾ-੯੨੩

ਇਸ ਬਾਣੀ ਦੇ ਵਿੱਚ ੬ ਬੰਦ ਆਉਂਦੇ ਹਨ। ਸਦੁ—ਲਫ਼ਜ਼ 'ਸਦੁ' ਪੰਜਾਬੀ ਬੋਲੀ ਵਿੱਚ ਆਮ ਵਰਤਿਆ ਜਾਂਦਾ ਹੈ। ਇਸ ਦਾ ਅਰਥ ਹੈ ਵਾਜ, ਬੁਲਾਵਾ । ਇਹ ਲਫ਼ਜ਼ ਸੰਸਕ੍ਰਿਤ ਦੇ ਲਫ਼ਜ਼ 'ਸਬਦ' ਦਾ ਪ੍ਰਾਕ੍ਰਿਤ ਰੂਪ ਹੈ 'ਸੱਦ' ਜੋ ਪੰਜਾਬੀ ਵਿੱਚ ਵੀ 'ਸੱਦੁ' ਹੈ। ਸੰਸਕ੍ਰਿਤ ਦੇ ਤਾਲਵੀ 'ਸ਼'(ਸ਼) ਦੇ ਥਾਂ ਪ੍ਰਾਕ੍ਰਿਤ ਵਿਚ ਦੰਤਵੀ'ਸ'ਰਹਿ ਗਿਆ ਅਤੇ ਦੋ ਅੱਖਰਾਂ ਦੇ ਥਾਂ ਇੱਕ ਅੱਖਰ'ਦ'ਦੀ ਹੀ ਦੋਹਰੀ ਆਵਾਜ਼ ਰਹਿ ਗਈ। ਰਾਮਕਲੀ ਰਾਗ ਵਿੱਚ ਲਿਖੀ ਹੋਈ ਇਸ ਬਾਣੀ ਦਾ ਨਾਮ 'ਸਦੁ' ਹੈ, ਇਥੇ ਇਸ ਦਾ ਭਾਵ ਹੈ'ਰੱਬ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ {ਬੁਲਾਵਾ}। ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੀ ਵਸੀਅਤ ਰੂਪ ਵਿੱਚ ਲਿਖਵਾਈ ਸੀ ਜੋ ਸਤਿਗੁਰਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਜੀ ਨੇ ਲਿਖੀ ਸੀ।

## ਰੁਤੀ ਸਲੋਕੁ

ਇਹ ਬਾਣੀ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੁਆਰਾ ਉਚਾਰਨ ਕੀਤੀ ਹੈ। ਇਸ ਦੇ ਅੰਦਰ ਗਏ ਹਨ। ਅੰਕ ੧ ਦੱਸਦਾ ਹੈ ਕਿ ਇਹ ਅੱਠ 'ਬੰਦਾਂ' ਵਾਲਾ ਇੱਕੋ ਹੀ ਸਾਬਤ ਛੰਤ ਹੈ। ਇਸ ਦੇ ੮ ਬੰਦ ਹਨ। ਇਸ ਬਾਣੀ ਦੇ ਅੰਦਰ ਹਰੇਕ ਛੰਤ ਦੇ ਨਾਲ ਸਲੋਕ ਅੰਕਿਤ ਵੀ ਕੀਤਾ ਗਿਆ ਹੈ। ਇਹਨਾਂ ਵਿੱਚ ੬ ਰੁੱਤਾਂ ਦਾ ਜਿਕਰ ਕੀਤਾ ਗਿਆ ਹੈ। ਜਿਵੇਂ ਬਾਰਾਮਾਹ ਦੀ ਬਾਣੀ ਅੰਦਰ ੧੨ ਮਹੀਨਿਆਂ ਦੇ ਬਾਰੇ ਜਿਕਰ ਕੀਤਾ ਹੈ ਉਸ ਤਰ੍ਹਾਂ ਜੀਵ ਨੇ ਬਾਹਰੀ ਰੁੱਤਾਂ ਦੇ ਨਾਲ ਆਪਣਾ ਆਤਮਿਕ ਜੀਵਨ ਕਿਵੇਂ ਜੀਉਣਾ ਹੈ ਪੂਰੀ ਤਰ੍ਹਾਂ ਸਮਝਾਇਆ ਗਿਆ ਹੈ।

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥

{ਪੰਨਾ ੯੨੭-੯੨੮}

ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥ {ਪੰਨਾ ੯੨੮}



Scanned by CamScanner

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥ {ਪੰਨਾ ੯੨੮}
ਰੁਤਿ ਸ਼ਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥ {ਪੰਨਾ ੯੨੮}
ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥
{ਪੰਨਾ ੯੨੮-੯੨੯}
ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥{ਪੰਨਾ ੯੨੯}

## ਰਾਮਕਲੀ ਮਹਲਾ ੧ ਦਖਣੀ ਓਅੰਕਾਰ

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥੧॥ {ਪੰਨਾ ੯੨੯-੯੩੦

ਇਸ ਬਾਣੀ ਦਾ ਨਾਮ 'ਓਅੰਕਾਰੁ' ਹੈ, 'ਦੱਖਣੀ ਓਅੰਕਾਰੁ' ਨਹੀਂ ਹੈ। ਇਹ ਲਫ਼ਜ਼ 'ਦਖਣੀ' ਦਾ ਸੰਬੰਧ ਲਫ਼ਜ਼ 'ਰਾਮ਼ਕਲੀ' ਰਾਗ਼ ਦੇ ਨਾਲ ਹੈ । 'ਰਾਮਕਲੀ ਦਖਣੀ' ਰਾਗਣੀ 'ਰਾਮਕਲੀ' ਦੀ ਇੱਕ ਕਿਸਮ ਹੈ । ਇਸ ਖ਼ਿਆਲ ਦੀ ਪ੍ਰੋੜ੍ਹਤਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਹੋਰ ਪ੍ਰਮਾਣ ਮਿਲਦੇ ਹਨ; ਜਿਵੇਂ :

੧. (ਪੰਨਾ ੧੦੩੩) ਮਾਰੂ ਮਹਲਾ ੧ ਦਖਣੀ, ਭਾਵ, ਮਾਰੂ ਦਖਣੀ ਮ: ੧ ।

੨. (ਪੰਨਾ ੮੪੩) ਬਿਲਾਵਲੁ ਮਹਲਾ ੧ ਛੰਤ ਦਖਣੀ; ਭਾਵ ਬਿਲਾਵਲੁ ਦਖਣੀ ਮ: ੧ ਛੰਤ।

੩. (ਪੰਨਾ ੧੫੨) ਗਉੜੀ ਮਹਲਾ ੧ ਦਖਣੀ, ਭਾਵ, ਗਉੜੀ ਦਖਣੀ ਮ: ੧ ।

੪. (ਪੰਨਾ ੫੮੦) ਵਡਹੰਸੁ ਮਹਲਾ ੧ ਦਖਣੀ; ਭਾਵ, ਵਡਹੰਸ ਦਖਣੀ ਮ: ੧ ।

੫. (ਪੰਨਾ ੧੩੪੩) ਪ੍ਰਭਾਤੀ ਮ: ੧ ਦਖਣੀ; ਭਾਵ, ਪ੍ਰਭਾਤੀ ਦਖਣੀ ਮ: ੧ ।

ਓਅੰਕਾਰਿ—ਓਅੰਕਾਰ ਤੋਂ ।ਕਾਰ' ਸੰਸਕ੍ਰਿਤ ਦਾ ਇਕ'ਪਿਛੇਤਰ'ਹੈ। ਇਸ ਦਾ ਅਰਥ ਹੈ ਇੱਕ-ਰਸ, ਲਗਾਤਾਰ,ਵਿਆਪਕ। ਓਅੰ+ਕਾਰ, ਇੱਕ-ਰਸ ਓਅੰ, ਸਰਬ-ਵਿਆਪਕ ਓਅੰ, ਸਰਬ ਵਿਆਪਕ ਪਰਮਾਤਮਾ ।ਪਾਠਸ਼ਾਲਾਂ ਵਿੱਚ ਪਾਂਧੇ ਲੋਕ ਬੱਚਿਆਂ ਨੂੰ ਪੜ੍ਹਾਉਣ ਵੇਲੇ ਉਹਨਾਂ ਦੀ ਪੱਟੀ ਤੇ ਲਫ਼ਜ਼ ਓਅੰ ਨਮਹ ਲਿਖ ਦੇਂਦੇ ਸਨ, ਜਿਸ ਦਾ ਅਰਥ ਹੈ 'ਓਅੰ ਨੂੰ ਨਮਸਕਾਰ ਹੈ, ਪਰਮਾਤਮਾ ਨੂੰ ਨਮਸਕਾਰ ਹੈ। ਪਹਿਲੀ ਉਦਾਸੀ ਵਿਚ ਗੁਰੂ ਨਾਨਕ ਦੇਵ ਜੀ



Scanned by CamScanner

ਜਦੋਂ ਸੰਗਲਾਦੀਪ ਤੋਂ ਮੁੜ ਕੇ ਸੋਮਨਾਥ ਦੁਆਰਕਾ ਹੁੰਦੇ ਹੋਏ ਦਰਿਆ ਨਰਬਦਾ ਦੇ ਕੰਢੇ ਕੰਢੇ ਉਸ ਥਾਂ ਅੱਪੜੇ ਜਿਥੇ ਓਅੰਕਾਰ ਦਾ ਮੰਦਰ ਹੈ। ਉਹਨਾਂ ਵੇਖਿਆ ਕਿ ਲੋਕ ਮੰਦਰ ਵਿੱਚ ਥਾਪੀ ਹੋਈ ਸ਼ਿਵ-ਮੂਰਤੀ ਨੂੰ 'ਓਅੰਕਾਰ' ਮਿੱਥ ਕੇ ਪੂਜਾ ਕਰਦੇ ਹਨ। ਮੰਦਰ ਦੀ ਪਾਠ-ਸ਼ਾਲਾ ਦੇ ਚਾਟੜੇ ਪੱਟੀਆਂ ਉਤੇ 'ਓਅੰ ਨਮਹ ਲਿਖਦੇ ਲਿਖਾਂਦੇ ਹਨ। ਪਰ ਉਹ ਵੀ ਉਸ ਸ਼ਿਵ-ਮੂਰਤੀ ਨੂੰ ਹੀ 'ਓਅੰ' ਸਮਝ ਰਹੇ ਸਨ। ਇਸ ਪਹਿਲੀ ਪਉੜੀ ਵਿੱਚ ਇਹ ਦੋਵੇਂ ਭੁਲੇਖੇ ਸਮਝਾਏ ਗਏ ਹਨ। ਓਅੰ ਨਮਹ, ਓਅੰ ਨੂੰ ਨਮਸਕਾਰ। ਓਨਮ ਅਖਰ—ਉਹ ਹਸਤੀ ਜਿਸ ਦੇ ਵਾਸਤੇ ਲਫ਼ਜ਼ 'ਓਨਮ' ਵਰਤਿਆ ਗਿਆ ਹੈ। ਓਨਮ ਅਖਰ ਬੀਚਾਰੁ—ਉਸ ਹਸਤੀ ਦਾ ਵਿਚਾਰ ਜਿਸ ਦੇ ਵਾਸਤੇ ਲਫ਼ਜ਼ ਓਨਮ ਵਰਤ ਰਹੇ ਹੋ। ਇਸ ਬਾਣੀ 'ਓਅੰਕਾਰ' ਦੀਆਂ ੫੪ ਪਉੜੀਆਂ ਹਨ। ਇਸ ਬਾਣੀ ੧ ਰਹਾਉ ਦਾ ਬੰਦ ਆਉਦਾ ਹੈ।

ਓਅੰਕਾਰਿ ਬ੍ਰਹਮਾ ਉਤਪਤਿ ਪੰਨਾ-੯੨੯

## ਸਿਧ ਗੋਸਟਿ ਪੰਨਾ ੯੩੮

ਸੰਨ ੧੫੨੧ ਵਿੱਚ ਤੀਜੀ 'ਉਦਾਸੀ' ਤੋਂ ਵਾਪਸ ਆ ਕੇ ਗੁਰੂ ਨਾਨਕ ਦੇਵ ਜੀ ਪੱਕੇ ਤੌਰ ਤੇ ਕਰਤਾਰਪੁਰ ਵਿੱਚ ਰਹਿਣ ਲੱਗ ਗਏ ਸਨ । ਕਰਤਾਰਪੁਰ ਸੰਨ ੧੫੧੫ ਦੇ ਅਖੀਰ ਵਿੱਚ ਵਸਾਇਆ ਗਿਆ ਸੀ। ਜਦੋਂ ਸਤਿਗੁਰੂ ਜੀ ਪਹਿਲੀ 'ਉਦਾਸੀ' ਤੋਂ ਵਾਪਸ ਮੁੜ ਕੇ ਤਲਵੰਡੀ ਮਾਪਿਆਂ ਨੂੰ ਮਿਲਣ ਪਿਛੋਂ ਪੱਖੋਕੇ ਰੰਧਾਵੇ ਆਪਣੀ ਇਸਤ੍ਰੀ ਤੇ ਬੱਚਿਆਂ ਨੂੰ ਮਿਲਣ ਆਏ ਸਨ। ਸਤਿਗੁਰੂ ਜੀ ਨੇ ਸਿਰਫ ਤਿੰਨ 'ਉਦਾਸੀਆਂ' ਕੀਤੀਆਂ ਸਨ ।

ਕਰਤਾਰਪੁਰ (ਅੱਜ ਕੱਲ ਪਾਕਿਸਤਾਨ ਵਿੱਚ ਹੈ।) ਰਾਵੀ ਦੇ ਉੱਤਰੀ ਕੰਢੇ ਤੇ ਹੈ। ਇਥੋਂ ਬਟਾਲਾ ਨਗਰ ਤਕਰੀਬਨ ੨੧ ਮੀਲਾਂ ਦੀ ਵਿੱਥ ਤੇ ਦੱਖਣ ਪਾਸੇ ਹੈ। ਡੇਹਰਾ ਬਾਬਾ ਨਾਨਕ ਤੋਂ ਬਟਾਲੇ ਨੂੰ ਸਿੱਧੀ ਸੜਕ ਜਾਂਦੀ ਹੈ । ਡੇਰਾ ਬਾਬਾ ਨਾਨਕ ਰਾਵੀ ਦੇ ਦੱਖਣੀ ਕੰਢੇ ਤੇ ਹੈ। ਬਟਾਲੇ ਤੋਂ ਦੱਖਣ ਨੂੰ ਇੱਕ ਸੜਕ{ਜਿਸ ਨੂੰ ਅੱਜ ਕੱਲ ਜਲੰਧਰ ਰੋਡ ਤੇ} ਜਾਂਦੀ ਹੈ। ਇਸ ਸੜਕ ਉਤੇ ਬਟਾਲੇ ਤੋਂ ਤਿੰਨ ਮੀਲਾਂ ਦੀ ਵਿੱਥ ਤੇ ਇੱਕ ਮੰਦਰ ਹੈ ਜਿਸ ਦਾ ਨਾਮ 'ਅੱਚਲ' ਹੈ। ਇਹ ਮੰਦਰ ਜੋਗੀਆਂ ਦਾ ਹੈ। ਇਥੇ ਹਰ ਸਾਲ ਫੱਗਣ ਦੇ ਮਹੀਨੇ ਇਥੇ ਮੇਲਾ ਲੱਗਦਾ ਸੀ। ਇਸ ਵਿੱਚ ਜੋਗੀ ਲੋਕ ਦੂਰੋਂ ਦੂਰੋਂ ਇਥੇ ਆ ਕੇ ਇਕੱਠੇ ਹੁੰਦੇ ਸਨ। ਚੁਗਿਰਦੇ ਪਿੰਡਾਂ ਦੇ ਲੋਕ ਇਹਨਾਂ ਜੋਗੀਆਂ ਦੀ ਬੜੀ ਮਾਨਤਾ-ਪੂਜਾ ਕਰਦੇ ਸਨ ।

ਸੰਨ ੧੫੩੯ ਵਿੱਚ ਇਸ ਮੇਲੇ ਤੇ ਗੁਰੂ ਨਾਨਕ ਦੇਵ ਜੀ ਵੀ ਕਰਤਾਰਪੁਰੋਂ ਚੱਲ ਕੇ ਅੱਚਲ ਗਏ । ਜੋਗੀ ਪਿੰਡਾਂ ਦੇ ਭੋਲੇ ਲੋਕਾਂ ਉਤੇ ਆਪਣੀਆਂ ਰਿੱਧੀਆਂ ਸਿੱਧੀਆਂ ਦਾ ਪ੍ਰਭਾਵ



Scanned by CamScanner

ਪਾ ਰਹੇ ਸਨ। ਇਹਨਾਂ ਲੋਕਾਂ ਦੀ ਰਾਸਿ-ਪੂੰਜੀ ਨੂੰ ਆਪਣੀਆਂ ਕਰਾਮਾਤਾਂ ਦੇਖਾਕੇ ਲੁੱਟਦੇ ਸਨ। ਕਿਸੇ ਨੂੰ ਵਰ ਦਾ ਲਾਲਚ ਦੇਣਾ ਤੇ ਕਿਸੇ ਨੂੰ ਸਰਾਪ ਤੋਂ ਡਰਾਕੇ ਇਹਨਾਂ ਲੋਕਾਂ ਕੋਲੋਂ ਲੈ ਲੈਂਦੇ ਸਨ। ਇਹਨਾਂ ਕੋਲ ਇਹੀ ਹਥਿਆਰ ਸੀ, ਜਿਸ ਦੇ ਅਸਰ ਹੇਠ ਗ੍ਰਿਹਸਤੀ ਲੋਕ ਇਹਨਾਂ ਦੀ ਮਾਨਤਾ ਕਰਦੇ ਸਨ। ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਦਾ ਅਸਰ ਵੱਧ ਰਿਹਾ ਸੀ। ਲੋਕਾਂ ਦੇ ਦਿਲਾਂ ਵਿਚੋਂ ਜੋਗੀਆਂ ਦੀ ਕਦਰ ਘੱਟ ਰਹੀ ਸੀ । ਜੋਗੀਆਂ ਨੂੰ ਵੀ ਗੁਰੂ ਨਾਨਕ ਦੇਵ ਜੀ ਕੰਡੇ ਚੁੱਭ ਰਿਹੇ ਸਨ।

ਜਦੋਂ ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਅੱਚਲ ਦੇ ਮੇਲੇ ਤੇ ਆਇਆ ਹੋਇਆ ਵੇਖਿਆ, ਤਾਂ ਉਹਨਾਂ ਆਪਸ ਵਿੱਚ ਮਤਾ ਪਕਾਇਆ ਕਿ ਹੁਣ ਮੌਕਾ ਹੈ ਜਾਂਦਾ ਰਸੂਖ਼ ਮੁੜ ਬਣਾਉਣ ਦਾ ਲੋਕ੍ਰਾਂ ਨੂੰ ਕਰਾਮਾਤਾਂ ਵਿਖਾ ਕੇ ਆਪਣੀ ਬਜ਼ੁਰਗੀ ਦਾ ਸਿੱਕਾ ਬਿਠਾਈਏ। ਜਦੋਂ ਗੁਰੂ ਨਾਨਕ ਦੇਵ ਜੀ ਕੋਈ ਕਰਾਮਾਤ ਨਹੀਂ ਵਿਖਾਵੇਗਾ ਤਾਂ ਸਾਡੀਆਂ ਕਰਾਮਾਤਾਂ ਦੇ ਨਾਲ ਲੋਕਾਂ ਵਿੱਚ ਸਾਡੀ ਪਹਿਚਾਨ ਬਣ ਜਾਵੇਗੀ।

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥ (੧-੩੯)

ਜੋਗੀਆਂ ਨੇ ਲੋਕਾਂ ਨੂੰ ਕਈ ਚਮਤਕਾਰੇ ਵਿਖਾਏ । ਫਿਰ ਗੁਰੂ ਨਾਨਕ ਦੇਵ ਜੀ ਨੂੰ ਵੰਗਾਰਿਆ। ਪਰ ਸਤਿਗੁਰੂ ਜੀ ਨੇ ਸਿਰਫ਼ ਇਹ ਸਾਦਾ ਜਿਹਾ ਉੱਤਰ ਦਿੱਤਾ ਕਿ ਸਾਡੇ ਪਾਸ ਤਾਂ ਕੇਵਲ ਪ੍ਰਭੂ ਦੀ ਯਾਦ ਹੀ ਯਾਦ ਹੈ। ਜਿਸ ਦੀ ਬਰਕਤਿ ਨਾਲ ਸਾਨੂੰ ਉਹ ਸਭ ਜੀਵਾਂ ਵਿੱਚ ਦਿੱਸਦਾ ਹੈ। ਲੋਕਾਂ ਨੂੰ ਡਰਾਣ ਦੇ ਥਾਂ ਉਹਨਾਂ ਨਾਲ ਪਿਆਰ ਕਰਨਾ ਹੀ ਪ੍ਰਭੂ ਸਿਖਾਉਂਦਾ ਹੈ। ਸਾਨੂੰ ਸਭ ਤੋਂ ਵੱਡੀ ਕਰਾਮਾਤ ਇਹੀ ਦਿੱਸਦੀ ਹੈ ਤੇ ਇਹ ਕਰਮਾਤ ਮਿਲਦੀ ਹੈ ਸਾਧ-ਸੰਗਤਿ ਵਿਚੋਂ ਪ੍ਰਾਪਤ ਹੁੰਦੀ ਹੈ।

ਸੁਣਨ ਅਤੇ ਵੇਖਣ ਵਾਲੇ ਲੋਕਾਂ ਨੂੰ ਜੋਗੀਆਂ ਦੇ ਤਮਾਸ਼ਿਆਂ ਨਾਲੋਂ ਗੁਰੂ ਨਾਨਕ ਦੇਵ ਜੀ ਦਾ ਉੱਤਰ ਵੱਧ ਚੰਗਾ ਲੱਗਾ। ਉਹਨਾਂ ਦੇ ਰਸੂਖ਼ ਉਤੇ ਸਗੋਂ ਇਕ ਹੋਰ ਚੋਟ ਵੱਜੀ। ਹੁਣ ਉਹਨਾਂ ਨੇ ਨਵਾਂ ਪੈਂਤੜਾ ਬਦਲਿਆ। ਸਾਰੇ ਜੋਗੀ ਸਤਿਗੁਰੂ ਜੀ ਦੇ ਦੁਆਲੇ ਬਹਿਸ ਕਰਨ ਲਈ ਇਕੱਠੇ ਹੋ ਗਏ। ਜੋ ਵਿਚਾਰ ਚਰਚਾ ਜੋਗੀਆਂ ਅਤੇ ਗੁਰੂ ਨਾਨਕ ਦੇਵ ਜੀ ਨਾਲ ਹੋਈ ਸੀ। ਉਹ ਸਾਰੇ ਸਵਾਲ ਜੁਆਬ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਨਾਲ ਸਿੱਧਾਂ ਨਾਲ ਹੋਏ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਨੇ "ਸਿਧ ਗੋਸਟਿ" ਨਾਮ ਦੇ ਸਿਰਲੇਖ ਹੇਠਾਂ ਬਾਣੀ ਦਰਜ ਕਰ ਦਿੱਤੀ। ਇਸ "ਸਿਧ ਗੋਸਟਿ" ਦੀ ਬਾਣੀ ਵਿੱਚ ਸਤਿਗੁਰੂ ਜੀ ਨੇ ਸਿਰਫ਼ ਦੋ ਸਿੱਧਾਂ ਦਾ ਨਾਮ ਲਿਖਿਆ ਹੈ— ਚਰਪਟ ਅਤੇ ਲੋਹਾਰੀਪਾ। ਵਿਚਾਰ ਚਰਚਾ ਛੇੜਨ ਵਾਲੇ ਇਹੀ ਦੋਵੇਂ ਪ੍ਰਮੁੱਖ ਸਿੱਧ ਸਨ। ਪਰ ਉਸ ਸਮੇਂ ਹੋਰ ਵੀ ਜੋਗੀਆਂ ਨੇ ਵੀ ਕਈ ਪ੍ਰਸ਼ਨ ਪੁੱਛਦੇ ਰਹੇ ਹੋਣਗੇ। ਗੁਰੂ ਨਾਨਕ ਦੇਵ ਜੀ ਨੇ



Scanned by CamScanner

ਉਹ ਸਾਰੇ ਪ੍ਰਸ਼ਨ ਤੇ ਆਪਣੇ ਵੱਲੋਂ ਦਿੱਤੇ ਹੋਏ ਉੱਤਰ ਤਾਂ "ਸਿਧ ਗੋਸਟਿ" ਵਿੱਚ ਦਰਜ ਕਰ ਦਿੱਤੇ ਹਨ। ਇਸ ਸਾਰੀ ਬਾਣੀ ਵਿੱਚ ਉਸ 'ਚਰਚਾ' ਦਾ ਜ਼ਿਕਰ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਹੋਈ। ਉਸ 'ਚਰਚਾ' ਦਾ ਮਜ਼ਮੂਨ "ਸਿਧ ਗੋਸਟਿ", ਭਾਵ, "ਪਰਮਾਤਮਾ ਨਾਲ ਮਿਲਾਪ"ਹੈ। ਇਸ ਬਾਣੀ ਦੀਆਂ ੭੩ ਪਉੜੀਆਂ ਹਨ ਅਤੇ ਇਸ ਬਾਣੀ ੧ ਰਹਾਉ ਦਾ ਬੰਦ ਆਉਂਦਾ ਹੈ। ਇਹ ਗੋਸ਼ਟਿ ਬਟਾਲੇ (ਜ਼ਿਲਾ ਗੁਰਦਾਸਪੁਰ) ਦੇ ਲਾਗੇ 'ਅੱਚਲ' ਤੇ ਹੋਈ ਸੀ । ਸਤਿਗੁਰੂ ਜੀ 'ਸ਼ਿਵਰਾਤਿ' ਦਾ ਮੇਲਾ ਸੁਣ ਕੇ ਕਰਤਾਰਪੁਰੋਂ ਆਏ ਸਨ ਤੇ ਇਸ ਵੇਲੇ ਗ੍ਰਿਹਸਤੀ ਲਿਬਾਸ ਵਿੱਚ ਸਨ, ਤਾਹੀਏਂ ਭੰਗਰਨਾਥ ਨੇ ਪੁੱਛਿਆ ਸੀ—

"ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ ॥"

ਦੂਜੀ 'ਉਦਾਸੀ' ਵਿੱਚ ਇਹਨਾਂ ਸਿੱਧਾਂ ਨੂੰ ਸੁਮੇਰ ਪਰਬਤ ਤੇ ਮਿਲੇ ਸਨ। ਉਸ ਸਮੇਂ ਗੁਰੂ ਨਾਨਕ ਦੇਵ ਜੀ ਉਦਾਸੀ ਬਾਣੇ ਵਿੱਚ ਸਨ। ਗੁਰੂ ਨਾਨਕ ਦੇਵ ਜੀ ਨੂੰ ਕੁੱਝ ਖਾਸ ਸਵਾਲ ਪੁੱਛੇ ਜੋ ਕਿ ਰਹਿੱਸਵਾਦ, ਅਧਿਆਤਮਕ, ਪ੍ਰਮਾਤਮਾ ਦੇ ਮਿਲਾਪ ਦੀ ਗੱਲ ਨੂੰ ਨਾਲ ਲੈ ਕੇ ਸਨ ਜਿਵੇਂ ਕਿ:-

੧. ਤੁਹਾਡਾ ਮੱਤ ਕੀ ਹੈ?ਅਤੇ ਉਸ ਦਾ ਮਨੋਰਥ ਕੀਹ ਹੈ ?

੨. ਤੁਹਾਡੇ ਮੱਤ ਅਨੁਸਾਰ ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਲੰਘੀਦਾ ਹੈ ?

੩. ਗੁਰੂ ਦੀ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ, ਇਹ ਕਿਵੇਂ ਪਤਾ ਲੱਗੇ ਕਿ ਗੁਰੂ ਮਿਲ ਪਿਆ ਹੈ ?

੪. ਉਹ ਕੌਣ ਹੈ ਜਿਸ ਨੂੰ ਤੁਸੀ "ਭਰਪੁਰਿ ਰਹਿਆ" ਆਖਦੇ ਹੋ ?

੫. ਉਸ ਵਿੱਚ ਮਨੋਂ ਤਨੋਂ ਕਿਵੇਂ ਲੀਨ ਹੋ ਕੇ ਮੁਕਤਿ ਹੋ ਸਕੀਦਾ ਹੈ ?

੬. ਇਹ ਜੀਵ ਕਿਵੇਂ ਐਸਾ ਬੱਝਾ ਪਿਆ ਹੈ ਕਿ ਸੱਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ?ਇਹ ਅੱਗੋਂ ਆਪਣੇ ਬਚਾਉ ਲਈ ਭੱਜ ਵੀ ਨਹੀਂ ਸਕਦਾ ?

੭. ਤੁਸੀਂ ਵੀ ਉਦਾਸੀ ਭੇਖ ਧਾਰਿਆ ਹੋਇਆ ਹੈ? ਜੇ "ਹਾਟੀ ਬਾਟੀ" ਨੂੰ ਤਿਆਗਣਾ ਨਹੀਂ, ਤਾਂ ਤੁਸਾਂ ਕਿਉਂ ਘਰ ਛੱਡਿਆ ਸੀ ?ਤੁਸੀਂ ਆਪਣੇ ਸਿੱਖਾਂ ਨੂੰ ਕਿਹੜਾ ਰਸਤਾ ਦੱਸਦੇ ਹੋ ?

੮. ਦੁਨੀਆਂ ਵਿੱਚ ਰਹਿ ਕੇ ਮਾਇਆ ਦੇ ਪ੍ਰਭਾਵ ਤੋਂ ਬਚਣਾ ਇਉਂ ਹੀ ਬੜਾ ਔਖਾ ਹੈ। ਜਿਵੇਂ ਕੋਈ ਮਨੁੱਖ ਦੰਦਾਂ ਤੋਂ ਬਿਨ੍ਹਾਂ ਲੋਹਾ ਚੱਬਣ ਦੀ ਕੋਸ਼ਿਸ਼ ਕਰੇ। ਹੇ ਨਾਨਕ ! ਤੂੰ ਆਪਣੀ ਜ਼ਿੰਦਗੀ ਕਿਵੇਂ ਪਲਟ ਲਈ ? ਮਨ ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ



Scanned by CamScanner

ਮੁੱਕਾ ਲਏ ? ਰੱਬੀ ਪ੍ਰਕਾਸ਼ ਤੈਨੂੰ ਕਿਵੇਂ ਮਿਲ ਪਿਆ ?

੯. ਸ੍ਰਿਸ਼ਟੀ ਦੀ ਉਤਪਤੀ ਬਾਰੇ ਤੁਹਾਡਾ ਕੀ ਖ਼ਿਆਲ ਹੈ?ਜਦੋਂ ਜਗਤ ਨਹੀਂ ਹੁੰਦਾ,ਉਸ ਸਮੇਂ ਨਿਰਗੁਣ-ਰੂਪ ਪ੍ਰਭੂ ਕਿੱਥੇ ਟਿਕਿਆ ਰਹਿੰਦਾ ਹੈ ? ਇਹ ਜੀਵ ਕਿਥੋਂ ਆਉਂਦਾ ਹੈ ? ਕਿਥੇ ਚਲਾ ਜਾਂਦਾ ਹੈ ?

੧੦. ਗਿਆਨ ਪ੍ਰਾਪਤ ਕਰਨ ਦਾ ਕੀ ਸਾਧਨ ਹੈ ?ਮੌਤ ਦਾ ਡਰ ਕਿਵੇਂ ਦੂਰ ਕੀਤਾ ਜਾ ਸਕੀਦਾ ਹੈ ?ਕਾਮਾਦਿਕ ਵੈਰੀਆਂ ਨੂੰ ਕਿਵੇਂ ਜਿੱਤੀਦਾ ਹੈ ?

੧੧. ਮਨੁੱਖ ਕਿਸ ਆਸਰੇ ਜੀਊਂਦਾ ਰਹਿ ਸਕਦਾ ਹੈ ? ਕਿਸ ਦੀ ਸਿੱਖਿਆ ਉਤੇ ਤੁਰ ਕੇ ਮਨੁੱਖ ਦੁਨੀਆ ਵਿੱਚ ਰਹਿੰਦਾ ਹੋਇਆ ਵੀ ਮਾਇਆ ਦੇ ਮੋਹ ਤੋਂ ਬਚਿਆ ਰਹਿ ਸਕਦਾ ਹੈ ?

੧੨. ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਚੱਬਿਆ ਜਾਏ ? ਬਰਫ਼ ਦੇ ਘਰ ਦੇ ਦੁਆਲੇ ਜੇ ਅੱਗ ਦਾ ਗੋਲਾ ਪਾਇਆ ਹੋਵੇ, ਤਾਂ ਕਿਹੜੀ ਗੁਫ਼ਾ ਵਰਤੀਏ ਜਿਥੇ ਉਹ ਬਰਫ਼ ਪੱਘਰ ਨਾਂਹ ਜਾਏ ?

੧੩. ਉਹ ਕਿਹੜਾ ਵਸੀਲਾ ਹੈ ਜਿਸ ਨਾਲ ਬਰਫ਼ ਦਾ ਘਰ-ਚੰਦ੍ਰਮਾ ਆਪਣਾ ਪ੍ਰਭਾਵ ਪਾਈ ਰੱਖੇ ? ਕਿਸ ਤਰ੍ਹਾਂ ਸੂਰਜ ਸਦਾ ਤਪਿਆ ਰਹੇ ? ਮੌਤ ਦਾ ਸਹਿਮ ਕਿਵੇਂ ਦੂਰ ਹੋਵੇ ?

੧੪. ਭੈੜੀ ਮੱਤੇ ਲੱਗ ਕੇ ਮਨੁੱਖ ਇੱਜ਼ਤ-ਇਤਬਾਰ ਗਵਾ ਲੈਂਦਾ ਹੈ?ਹਰ ਵੇਲੇ ਸਹਿਮਿਆ ਵੀ ਰਹਿੰਦਾ ਹੈ । ਇਸ ਭੈੜੀ ਮੱਤ ਤੋਂ ਖ਼ਲਾਸੀ ਕਿਵੇਂ ਮਿਲੇ ?

੧੫. ਜਿਸ ਸ਼ਬਦ ਦੀ ਬਾਬਤ ਤੁਸੀਂ ਆਖਦੇ ਹੋ ਕਿ ਉਸ ਦੀ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ? ਉਸ ਸ਼ਬਦ ਦਾ ਨਿਵਾਸ ਕਿੱਥੇ ਹੈ? ਇਹ ਦਸ-ਉਂਗਲ-ਪ੍ਰਮਾਣ ਪ੍ਰਾਣ ਕਿਸ ਦੇ ਆਸਰੇ ਹਨ ?

੧੬. ਪ੍ਰਾਣਾਂ ਦਾ ਆਸਰਾ ਕੀ ਹੈ ? ਗਿਆਨ ਦੀ ਪ੍ਰਾਪਤੀ ਦਾ ਕਿਹੜਾ ਸਾਧਨ ਹੈ ? ਮਨ ਕਿਵੇਂ ਸਦਾ ਟਿਕਿਆ ਰਹਿ ਸਕਦਾ ਹੈ ?

੧੭. ਜਿਸ ਸ਼ਬਦ ਦੀ ਰਾਹੀਂ ਤੁਹਾਡੇ ਮੱਤ-ਅਨੁਸਾਰ ਮਨ ਦੀ ਭਟਕਣਾ ਮੁੱਕਦੀ ਹੈ ਉਹ ਸ਼ਬਦ ਕਿਥੇ ਵੱਸਦਾ ਹੈ ?

੧੮. ਜਦੋਂ ਨਾ ਇਹ ਹਿਰਦਾ ਸੀ, ਨਾ ਇਹ ਸਰੀਰ ਸੀ ਤਦੋਂ ਚੇਤਨ-ਸੱਤਾ ਦਾ ਟਿਕਾਣਾ ਕਿੱਥੇ ਸੀ?ਜਦੋਂ ਨਾਭੀ ਦਾ ਚੱਕਰ ਹੀ ਨਹੀਂ ਸੀ, ਤਦੋਂ ਸੁਆਸ ਕਿੱਥੇ ਟਿਕਦੇ ਸਨ ?



Scanned by CamScanner

ਜਦੋਂ ਕੋਈ ਰੂਪ ਰੇਖ ਨਹੀਂ ਸੀ, ਤਦੋਂ ਸ਼ਬਦ ਦਾ ਟਿਕਾਣਾ ਕਿੱਥੇ ਸੀ ? ਜਦੋਂ ਇਹ ਸਰੀਰ ਨਹੀਂ ਸੀ, ਤਦੋਂ ਮਨ ਪ੍ਰਭੂ ਵਿੱਚ ਕਿਵੇਂ ਜੁੜਦਾ ਸੀ ?

੧੯. ਜਗਤ ਕਿਉਂ ਪੈਦਾ ਹੁੰਦਾ ਹੈ ? ਤੇ, ਜਗਤ ਦੁਖੀ ਕਿਉਂ ਹੁੰਦਾ ਹੈ ?

ਜਿਵੇਂ ਇਹ ਸੁਆਲ ਪਹਿਲਾ ਹੀ ਰਹਾਉ ਦੇ ਬੰਦ ਵਿੱਚ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਪੁਛਿਆ:-

ਕਿਆ ਭਵੀਐ ? ਸਚਿ ਸੂਚਾ ਹੋਇ ॥
ਸਾਚ ਸਬਦ ਬਿਨੁ ਮੁਕਤਿ ਨ ਕੋਇ ॥

"ਸਿਧ ਗੋਸਟਿ" ਦਾ ਕੇਂਦਰੀ ਖ਼ਿਆਲ ਹੈ—ਗ੍ਰਿਹਸਤ ਛੱਡਣ ਦਾ ਕੋਈ ਲਾਭ ਨਹੀਂ। ਗ੍ਰਿਹਸਤ ਛੱਡਿਆਂ ਸੁੱਚਾ ਨਹੀਂ ਹੋ ਸਕੀਦਾ,ਮਾਇਆ ਦੇ ਬੰਧਨਾਂ ਤੋਂ ਆਜ਼ਾਦੀ ਨਹੀਂ ਮਿਲਦੀ। ਪਰਮਾਤਮਾ ਦੀ ਯਾਦ ਵਿੱਚ ਜੁੜਿਆਂ ਹੀ ਮਨ ਪਵਿੱਤ੍ਰ ਹੁੰਦਾ ਹੈ । ਜਦੋਂ ਤੱਕ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਵਿਚ ਮਨ ਨਾ ਜੁੜੇ, ਮਇਆ ਦੀ ਖਿੱਚ ਤੋਂ ਖ਼ਲਾਸੀ ਨਹੀਂ ਹੁੰਦੀ। ਇਹਨਾਂ ਸਾਰਿਆਂ ਸਵਾਲਾਂ ਦੇ ਜਵਾਬ ਇਸ ਸਿੱਧ ਗੋਸਟਿ ਬਾਣੀ ਅੰਦਰ ਅੰਕਿਤ ਹੈ।

## ਕਾਫੀ

ਪੰਨਾ-੧੦੧੪

ਇਹ ਇੱਕ ਰਾਗਣੀ ਹੈ। ਜੋ ਕਿ ਕਾਫੀ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਵਿੱਚ ਗਾਂਧਾਰ ਸ਼ੁੱਧ ਅਤੇ ਕੋਮਲ ਦੋਵੇਂ ਅਤੇ ਨਿਸ਼ਾਦ ਕੋਮਲ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਪੰਚਮ ਵਾਦੀ ਸੁਰ ਅਤੇ ਸ਼ੜਜ ਸੰਵਾਦੀ ਸੁਰ ਲੱਗਦੇ ਹਨ। ਇਸ ਰਾਗਣੀ ਨੂੰ ਗਾਵਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਕਈ ਵਿਦਵਾਨ ਇਸ ਨੂੰ ਧਮਾਰ ਦਾ ਨਾਂ ਵੀ ਦੇਂਦਾ ਹੈ। ਕਈ ਰਾਗਣੀ ਦਾ ਨਾਂ ਹੈ ਅਤੇ ਇਸਨੂੰ ਤਿਲੰਗ ਰਾਗ ਨਾਲ ਗਾਇਆ ਜਾਂਦਾ ਹੈ ਪ੍ਰੰਤੂ ਸਤਿਗੁਰਾਂ ਨੇ ਦੂਜਿਆਂ ਕਈ ਰਾਗਾਂ ਨਾਲ ਮਿਲਾ ਕੇ ਵੀ ਗਾਇਆ ਹੈ ਜਿਵੇਂ ਕਿ:-

(੧) ਰਾਗ ਆਸਾ ਘਰੁ ੮ ਕੇ ਕਾਫੀ ਮਹਲਾ ੪

{ਆਸਾ ਘਰੁ ੮ ਕੇ ਕਾਫੀ—ਲਫ਼ਜ਼ 'ਕੇ' ਪੁਲਿੰਗ ਹੈ। ਜੇ ਲਫ਼ਜ਼'ਕਾਫੀ''ਕਾਫ਼ੀਆਂ' ਵਾਸਤੇ ਹੁੰਦਾ ਤਾਂ 'ਕੇ' ਦੇ ਥਾਂ 'ਕੀਆਂ' ਹੁੰਦਾ। ਕਾਫੀ ਰਾਗ ਦਾ ਨਾਮ ਹੈ । ਆਸਾ ਘਰ ਅਠਵੇਂ ਦੇ ਦੋ ਸ਼ਬਦ ਰਾਗ ਕਾਫੀ ਨਾਲ ਮਿਲਾ ਕੇ ਗਾਏ ਜਾਣ ਵਾਲੇ।}

(੨) ਆਸਾ ਘਰੁ ੮ ਕਾਫੀ ਮਹਲਾ ੫

ਇਸ ਸਿਰਲੇਖ ਦੇ ਹੇਠ ੧੮ ਸ਼ਬਦ ਦਰਜ ਹਨ (ਪੰਨਾ ੩੯੬ ਤੋਂ ੪੦੧)। ਜੇ ਲਫ਼ਜ਼



Scanned by CamScanner

‘ਕਾਫੀ’ ਕਿਸੇ ਛੰਦ ਦਾ ਨਾਮ ਹੁੰਦਾ, ਤਾਂ ‘ਕਾਫੀ’ ਤੋਂ ਬਹੁ-ਵਚਨ ‘ਕਾਫੀਆਂ’ ਹੁੰਦਾ, ਜਿਵੇਂ‘ਅਸ਼ਟਪਦੀ’ਤੋਂ‘ਅਸ਼ਟਪਦੀਆਂ’ ਹੈ। ਸੋ, ਇਸ ਸਿਰਲੇਖ ਦਾ ਭਾਵ ਇਵੇਂ ਹੈ- ਆਸਾ ਕਾਫੀ ਮਹਲਾ ੫ ਘਰੁ ੮ ।

(੩) ‘ਆਸਾ ਕਾਫੀ ਮਹਲਾ ੧ ਘਰੁ ੮ ਅਸ਼ਟਪਦੀਆਂ’। ਇਥੇ ਤਾਂ ਕਿਸੇ ਸ਼ੱਕ ਦੀ ਲੋੜ ਹੀ ਨਹੀਂ ਹੈ। ‘ਆਸਾ-ਕਾਫੀ’ ਮਿਲਵਾਂ ਰਾਗ ਹੈ।

(੪) ‘ਤਿਲੰਗ ਮਹਲਾ ੯ ਕਾਫੀ’ ਦੇ ਥਾਂ ‘ਕਾਫੀਆਂ’ ਹੁੰਦਾ। ਇਹ ਤਿਲੰਗ-ਕਾਫੀ ਮਹਲਾ ੯ ਦਾ ਹੀ ਸਿਰਲੇਖ ਹੈ।

(੫) ‘ਸੂਹੀ ਮਹਲਾ ੯ ਕਾਫੀ ਘਰੁ ੧੦’। ਇਸ ਸਿਰ-ਲੇਖ ਹੇਠ ੩ ‘ਅਸਟਪਦੀਆਂ’ ਹਨ । ਅੰਕ ਨੰ: ੩ ਵਾਂਗ ਇਸ ਦਾ ਭਾਵ ਹੈ ‘ਸੂਹੀ-ਕਾਫੀ ਮਹਲਾ ੧ ਘਰੁ ੧੦’।

(੬) ‘ਰਾਗੁ ਸੂਹੀ ਮਹਲਾ ੫ ਅਸ਼ਟਪਦੀਆਂ ਘਰੁ ੧੦ ਕਾਫੀ’ ਇਥੇ ਦੋ ਅਸਟਪਦੀਆਂ ਹਨ, ਪਰ ਲਫ਼ਜ਼ ‘ਕਾਫੀ’ ਇੱਕ-ਵਚਨ ਹੈ। ਸੋ ਇਹ ਵੀ ‘ਸੂਹੀ-ਕਾਫੀ’ ਮਿਲਵਾਂ ਰਾਗ ਹੀ ਹੈ।

(੭) ‘ਮਾਰੂ ਕਾਫੀ ਮਹਲਾ ੧ ਘਰ ੨ (ਪੰਨਾ ੧੦੧੪) ।ਇਸ ਦੇ ਹੇਠਾਂ ੩ ਅਸਟਪਦੀਆਂ ਆਉਂਦੀਆਂ ਹਨ।ਲਫ਼ਜ਼‘ਕਾਫੀ’ਇੱਕ-ਵਚਨ ਹੈ। ਪੰਨਾ ੧੦੧੯ ਉੱਤੇ ਸਿਰ-ਲੇਖ ਹੈ ‘ਮਾਰੂ ਮਹਲਾ ੫ ਘਰੁ ੮ ਅੰਜੁਲੀਆ’। ‘ਅੰਜੁਲੀ’ ਇੱਕ-ਵਚਨ ਹੈ। ‘ਅੰਜੁਲੀਆ’ ਬਹੁ-ਵਚਨ । ਤਿਵੇਂ ਹੀ ਪੰਨਾ ੧੦੧੪ ਉਤੇ ਲਫ਼ਜ਼ ‘ਕਾਫੀ’ ਤੋਂ ਬਹੁ ਵਚਨ ‘ਕਾਫੀਆਂ’ ਹੁੰਦਾ ਹੈ।ਸੋ, ਗੁਰੂ ਗ੍ਰੰਥ ਸਾਹਿਬ ਵਿਚ ਲਫ਼ਜ਼ ‘ਕਾਫੀ’ ਰਾਗ ਕਾਫੀ ਵਾਸਤੇ ਹੈ, ਛੰਤ ਵਾਸਤੇ ਨਹੀਂ ਹੈ।ਇਹ ਰਾਗਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖਰੇ ਤੌਰ ਤੇ ਨਹੀਂ ਲਿਖੀ ਬਲਕਿ ਇਹ ਸਿਰਲੇਖ ਹੇਠਾਂ ਬਾਣੀ ਆਸਾ,ਤਿਲੰਗ,ਸੂਹੀ ਅਤੇ ਮਾਰੂ ਰਾਗਾਂ ਦੇ ਅੰਦਰ ਅੰਕਿਤ ਕੀਤੀ ਹੈ।

## ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ

ਕੁਝ ਸ਼ਬਦਾਂ ਦੇ ਸਿਰਲੇਖਾਂ ਦੇ ਨਾਲ ਇਕਤੁਕੇ,ਦੁਤੁਕੇ,ਤਿਤੁਕੇ,ਚੌਤੁਕੇ ਆਉਂਦਾ ਹੈ।ਜਿਸ ਦਾ ਭਾਵ ਹੈ ਸ਼ਬਦ ਦੇ ਅੰਦਰ ਆਈਆਂ ਪੰਕਤੀਆਂ ਦੇ ਨਾਲ ਹੈ।ਇੱਕ ਬੰਦ ਵਿੱਚ ਕਿੰਨੀਆਂ ਪੰਕਤੀਆਂ ਆਉਂਦੀਆਂ ਹਨ। ਇੱਕ, ਦੋ, ਤਿੰਨ,ਚਾਰ ਉਸ ਨੂੰ ਸਿਰਲੇਖ ਦੇ ਰੂਪ ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ ਲਿਖਿਆ ਹੈ ਪਰ ਕਈਆਂ ਸਬਦਾਂ ਵਿੱਚ ਇਕਤੁਕੇ, ਦੁਤੁਕੇ ਦੋਵੇਂ ਹੀ ਆਉਂਦੇ ਹਨ।

ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧ ॥

{ਪੰਨਾ ੪੮੧}

Scanned by CamScanner

ਜਿਵੇਂ ਇਸ ਸਿਰਲੇਖ ਵਿੱਚ-੮ ਸਬਦ ੩-੩ ਪਦੇਆਂ ਵਾਲੇ ਸਬਦ ਹਨ, ੭ ਸਬਦ ੨-੨ ਪੰਕਤੀਆਂ ਵਾਲੇ ਸਬਦ ਹਨ,੧ ਸਬਦ ੧-੧ ਪੰਕਤੀਆਂ ਵਾਲਾ ਸਬਦ ਹੈ।

ਸੋਰਠਿ ਮਹਲਾ ੫ ਘਰੁ ੧ ਤਿਤੁਕੇ {ਪੰਨਾ ੬੦੮}

ਇਹਨਾਂ ਸਬਦਾਂ ਦੇ ਅੰਦਰ ਤਿ-ਤੁਕੇ, ਤਿੰਨ ਤਿੰਨ ਤੁਕਾਂ ਵਾਲੇ ਬੰਦ। ਇਸ ਸ਼ਬਦ ਦੇ ਹਰੇਕ 'ਬੰਦ' ਵਿੱਚ ਤਿੰਨ ਤਿੰਨ ਤੁੱਕਾਂ ਆਉਂਦੀਆਂ ਹਨ ।

ਆਸਾ ਮਹਲਾ ੧ ਤਿਤੁਕਾ॥

ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥
ਕਿਸ ਹੀ ਮਾਨੁ ਕਿਸੈ ਅਪਮਾਨੁ ॥ ਢਾਹਿ ਉਸਾਰੇ ਧਰੇ ਧਿਆਨੁ ॥
ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥

{ਪੰਨਾ ੩੫੪}

ਇਸ ਸ਼ਬਦ ਦਾ ਸਿਰਲੇਖ ਧਿਆਨ ਨਾਲ ਵੇਖੋ। ਲਫ਼ਜ਼ ਆਇਆ ਹੈ'ਤਿਤੁਕਾ'ਇਹ ਦੱਸਦਾ ਹੈ ਕਿ ਸ਼ਬਦ ਦੇ ਹਰੇਕ ਬੰਦ ਦੀਆਂ ਤਿੰਨ ਤਿੰਨ ਤੁੱਕਾਂ ਹਨ। ਸਾਰੀਆਂ ਤੁੱਕਾਂ ਛੋਟੀਆਂ ਹਨ, ਚੌਪਈ ਦੇ ਮੇਲ ਦੀਆਂ। ਦੋ ਦੋ ਨੂੰ ਰਲਾ ਕੇ ਇੱਕ ਤੁੱਕ ਦੀ ਹੀ ਗਿਣਤੀ ਹੈ।

ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥ {ਪੰਨਾ ੬੦੮}

ਚੌ-ਤੁਕੇ—ਚਾਰ ਚਾਰ ਤੁਕਾਂ ਵਾਲੇ 'ਬੰਦ' ।
ਇਸ ਸ਼ਬਦ ਦੇ ਹਰੇਕ 'ਬੰਦ' ਵਿੱਚ ੪-੪ ਤੁੱਕਾਂ ਆਉਂਦੀਆਂ ਹਨ।

## ਇਕਪਦੇ/ਇੱਕਪਦਾ,ਦੁਪਦੇ/ਦੁਪਦਾ, ਤਿਪਦੇ/ਤਿਪਦਾ,ਚਉਪਦਾ,ਪੰਚਪਦਾ

ਕੁਝ ਸ਼ਬਦਾਂ ਦੇ ਸਿਰਲੇਖਾਂ ਦੇ ਨਾਲ ਇਕਪਦੇ/ਇੱਕਪਦਾ,ਦੁਪਦੇ/ਦੁਪਦਾ,ਤਿਪਦੇ/ਤਿਪਦਾ,ਚਉਪਦਾ,ਪੰਚਪਦਾ ਆਉਂਦਾ ਹੈ। ਜਿਸ ਦਾ ਭਾਵ ਹੈ ਸਬਦ ਵਿੱਚ ਆਏ ਹੋਏ ਬੰਦਾਂ ਦੇ ਨਾਲ ਹੈ। ਇਸ ਤਰ੍ਹਾਂ ਇਸ ਸਬਦ ਵਿੱਚ ਕਿੰਨੇ ਬੰਦ ਆਉਂਦੇ ਹਨ। ਇਹਨਾਂ ਬੰਦਾਂ ਵਿੱਚ ਰਹਾਉ ਦੇ ਬੰਦ ਦੀ ਗਿਣਤੀ ਨਹੀਂ ਪੈਂਦੀ। ਇਸ ਤੋਂ ਵੱਧ ਪਉੜੀਆਂ ਵਾਲੀ ਬਾਣੀ ਦੀ ਗਿਣਤੀ ਨੂੰ ਅਸਟਪਦੀਆਂ ਕਿਹਾ ਜਾਂਦਾ ਹੈ।

ਸੂਹੀ ਮਹਲਾ ੧ ॥

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥



Scanned by CamScanner

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥ {ਪੰਨਾ ੭੩੦}

ਇਸ ਸ਼ਬਦ ਵਿੱਚ ਵੱਖ ਵੱਖ ਬੰਦ ਨਹੀਂ ਹਨ ਬਲਕਿ ਇਹ ਇਹ ਸ਼ਬਦ ਇੱਕ ਪਦਾ ਅਖਵਾਉਂਦੇ ਹਨ। ਸਾਰਾ ਸ਼ਬਦ ਸਮੁੱਚੇ ਤੌਰ ਤੇ ਇੱਕ ਬੰਦ ਗਿਣਿਆ ਗਿਆ ਹੈ। 'ਘਰੁ ੬' ਦਾ ਇਹ ਚੌਥਾ ਸ਼ਬਦ ਹੈ । ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ {ਪੰਨਾ ੧੫੧}

## ਸੁਗੰਧ

ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ {ਪੰਨਾ ੩੬੯}

ਰਾਗ ਆਸਾਵਰੀ ਦੇ ਵਿੱਚ ਘਰੁ ੧੬ ਕੇ ੨ਸਬਦ ਆਉਂਦੇ ਹਨ।ਅੱਗੇ ਲਫ਼ਜ ਆਇਆ ਹੈ ਸੁਧੰਗ ਇਸ ਤੋਂ ਭਾਵ ਹੈ ਕਿ ਇਸ ਸਬਦ ਦੇ ਅੰਦਰ ਅੰਕਾਂ ਦੀ ਗਿਣਤੀ ਨੂੰ ਪੂਰਿਆਂ ਕਰਕੇ ਲਿਖਿਆ ਹੈ।ਇਹ ਲਿਖਤ ਸ਼ੁੱਧ ਹੈ।ਅੰਕ ਪੂਰਨ ਹਨ।ਇਹ ਸਬਦ ਸਾਰੰਗ,ਟੋਡੀ,ਬਿਭਾਸ ਰਾਗਾਂ ਵਿੱਚ ਅੰਕਿਤ ਹੈ।ਇਸ ਨੂੰ ਗਾਉਣ ਲੱਗਿਆਂ ੧੬ ਤਾਰਾਂ ਵਿੱਚ ਆਸਾਵਰੀ ਸ਼ੁੱਧ ਵਿੱਚ ਗਾਇਆ ਜਾਂਦਾ ਹੈ।ਗੁਰਬਾਣੀ ਦੇ ਅੰਦਰ ਹੋਰ ਥਾਂਵੇਂ ਵੀ ਵੱਖ-ਵੱਖ ਅਰਥਾਂ ਵਿੱਚ ਵੀ ਆਉਦਾ ਹੈ।

(੧) ਖੁਸ਼ਬੋ, ਹਰਿ ਹਰਿ ਬਾਸੁ ਸੁਗੰਧ ਬਸਾਈ।" (੩੨੬)

(੨) ਸੁਭਾਵ, ਗੁਣ ਨੇਮ "ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ।"
(੧੩੬੮)

## ਮੰਗਲ

ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥
{ਪੰਨਾ ੮੪੭-੮੪੮}



Scanned by CamScanner

ਇਸ ਸਿਰਲੇਖ ਹੇਠਾਂ ਬਿਲਾਵਲ ਰਾਗ ਦੇ ਅੰਦਰ ਬਾਣੀ ਛੰਤਾਂ ਦੇ ਰੂਪ ਵਿੱਚ ਅੰਕਿਤ ਹਨ। ਇਹ ਵੀ ਛੰਤ ਦਾ ਹੀ ਇੱਕ ਰੂਪ ਹੈ। ਇਸ ਸਿਰਲੇਖ ਹੇਠਾਂ ੯ ਸਬਦ ਆਉਂਦੇ ਹਨ।

ਮਹਲਾ ੧ — ੨, ਮਹਲਾ ੪ — ੨, ਮਹਲਾ ੫ — ੫

ਕੁੱਲ ਜੋੜ = ੯

ਇਸ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖ-ਵੱਖ ਰੂਪਾਂ ਵਿੱਚ ਅਰਥ ਆਉਂਦੇ ਹਨ।

(੧) ਖੁਸ਼ੀ ਦੇ ਗੀਤ "ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ।" (੮੦)

(੨) ਖੁਸ਼ੀ "ਅਨਦ ਮੰਗਲ ਕਲਿ ਆਣ ਨਿਧਾਨਾ।" (੧੦੪)

(੩) ਅਨੰਦ "ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ।" (੯੭੮)

## ਡਖਣੇ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਇਹ 'ਵਾਰ' ਮਾਰੂ ਰਾਗ ਵਿੱਚ ਦਰਜ 'ਮਾਰੂ ਕੀ ਵਾਰ' ਹੈ'ਡੱਖਣੇ ਕੀ ਵਾਰ'ਨਹੀਂ ਹੈ। 'ਡਖਣੇ'ਤਾਂ ਸਿਰਫ਼ ਸ਼ਲੋਕ ਹਨ'ਲਹਿੰਦੀ' ਬੋਲੀ ਵਿੱਚ ਸ਼ਲੋਕ ਹਨ। ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੋਂ ਦੱਖਣ ਵੱਲ ਦੀ ਭਾਸ਼ਾ ਭਾਵ ਮੁਲਤਾਨ,ਸਾਹੀਵਾਲ ਦੇ ਇਲਾਕਿਆਂ ਵਿੱਚ ਦੀ ਬੋਲੀ ਜੋ ਰਚਨਾ ਰਚੀ ਗਈ ਉਸ ਬਾਣੀ ਦਾ ਨਾਂ ਡਖਣੇ ਆਉਂਦਾ ਹੈ। ਇਸ ਬਾਣੀ ਅੰਦਰ ਇੱਕ ਖਿਆਲ ਰੱਖਣਾ ਪੈਂਦਾ ਹੈ ਕਿ "ਦ" ਸ਼ਬਦ ਦੀ ਥਾਂ "ਡ"ਆਵੇਗਾ।

ਮਾਰੂ ਵਾਰ ਮਹਲਾ ੫ ਡਖਣੇ ਮਃ ੫

ਤੂ ਚਉ ਸਜਣ ਮੈਡਿਆ,ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ,
ਕਦਿ ਪਸੀ ਦੀਦਾਰੁ ॥੧॥ {ਪੰਨਾ ੧੦੯੪}

## ਅੰਜੁਲੀਆ/ਅੰਜੁਲੀ

ਅੰਜੁਲੀ ਤੋਂ ਭਾਵ ਦੋਵੇਂ ਹੱਥਾਂ ਨੂੰ ਜੋੜ ਕੇ ਬੁੱਕ ਬਣਾ ਕੇ ਪ੍ਰਮਾਤਮਾ ਦੇ ਅੱਗੇ ਅਰਜ਼ ਬੇਨਤੀ ਕਰਨੀ,ਆਪਣੇ ਇਸ਼ਟ ਪਾਸੋਂ ਖ਼ੈਰ ਮੰਗਣ ਲਈ ਅੱਡਿਆ ਹੋਇਆ ਬੁੱਕ,ਦੋਵੇਂ ਹੱਥ ਜੋੜ ਕੇ ਕੀਤੀ ਹੋਈ ਅਰਜ਼ੋਈ ਕਰਨੀ। ਦੋਵੇਂ ਹੱਥ ਹੱਥ ਜੋੜ ਕੇ ਅਰਦਾਸ ਕਰਨੀ। ਇਹ ਦੋਨੋਂ ਲਫ਼ਜ ਸ੍ਰੀ ਗੁਰੂ ਗ੍ਰੰਥ



Scanned by CamScanner

ਸਾਹਿਬ ਜੀ ਦੇ ਅੰਦਰ ਸਿਰਫ਼ ੪ ਵਾਰ ਆਉਂਦੇ ਹਨ। ਇਹਨਾਂ ਵਿੱਚੋਂ ਅੰਜੁਲੀਆ ਸਿਰਫ਼ ੧ ਵਾਰ ਹੀ ਆਉਂਦਾ ਹੈ। ਇਸ ਸਿਰਲੇਖ ਦੇ ਹੇਠਾਂ ੨ ਸਬਦ ਆਉਂਦੇ ਹਨ। ਅਤੇ ਅੰਜੁਲੀ ਲਫ਼ਜ ੩ ਵਾਰ ਆਉਂਦਾ ਹੈ ਪਰ ਇੱਕ ਵਾਰ ਹੀ ਸਿਰਲੇਖ ਵਿੱਚ ਵਰਤਿਆ ਗਿਆ ਹੈ।

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥
ਪੰਚ ਧਾਤੁ ਕਰਿ ਪੁਤਲਾ ਕੀਆ ॥ {ਪੰਨਾ ੧੦੦੭}
ਜਿਸੁ ਗ੍ਰਿਹਿ ਬਹੁਤੁ ਤਿਸੈ ਪੰਨਾ-੧੦੧੯

## ਸੋਲਹੇ

੧੦੨੦

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸੋਲਹੇ ਸਿਰਲੇਖ ਅਸਟਪਦੀਆਂ ਵਿੱਚ ਆਉਂਦੇ ਹਨ। ਇਸ ਵਿੱਚ ੧੬ ਬੰਦਾਂ ਵਾਲੇ ਸ਼ਬਦ ਆਉਂਦੇ ਹਨ। ਆਮ ਤੌਰ ਤੇ ਤਾਂ ਹਰੇਕ ਵਿੱਚ ੧੬ ਬੰਦ (ਪਦ) ਹਨ, ਪਰ ਘੱਟ ਵੱਧ ਵੀ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸੋਲਹੇ ਅਸ਼ਟਪਦੀਆਂ ਦੇ ਮੁੱਕਣ ਤੇ ਦਰਜ ਹਨ। ਇਹਨਾਂ ਨੂੰ ਅਸ਼ਟਪਦੀਆਂ ਹੀ ਸਮਝਣਾ ਚਾਹੀਦਾ ਹੈ। ਇਹ ਸੋਲਹੇ ਸਿਰਲੇਖ ਸਿਰਫ਼ ਮਾਰੂ ਰਾਗ ਵਿੱਚ ਹੀ ਆਉਂਦੇ ਹਨ। ਇਹਨਾਂ ਵਿੱਚ 'ਰਹਾਉ' ਦੀ ਤੁੱਕ ਦੀ ਗਿਣਤੀ ਨਹੀਂ ਕੀਤੀ ਜਾਂਦੀ।

## ਪੜਤਾਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਿਰਲੇਖਾਂ ਵਿੱਚ ਪੜਤਾਲ ਸਬਦ ਆਉਂਦਾ ਹੈ। ਜਿਸ ਦਾ ਭਾਵ ਹੈ ਇੱਕ ਤਾਲ ਨੂੰ ਮੁੜ ਮੁੜ ਪਰਤਾਣਾ ਤੇ ਪੜ੍ਹਨਾ ਹੈ। ਕਿਸੇ ਸ਼ਬਦ-ਬੰਦਸ ਨੂੰ ਵੱਖ-ਵੱਖ ਤਾਲਾਂ ਵਿੱਚ ਗਾਇਨ ਕਰਨਾ ਨੂੰ ਹੀ ਪੜਤਾਲ ਕਿਹਾ ਜਾਂਦਾ ਹੈ। ਪੜਤਾਲ ਵਿੱਚ ਆਮ ਤੌਰ ਤੇ ਅੰਤਰੇ ਵੱਖ-ਵੱਖ ਤਾਲਾਂ ਵਿੱਚ ਗਾਏ ਜਾਂਦੇ ਹਨ। ਅਸਥਾਈ ਇੱਕੋ ਹੀ ਤਾਲ ਵਿੱਚ ਗਾਈ ਜਾਂਦੀ ਹੈ। ਕਈ ਵਿਦਵਾਨ ਦੇ ਅਨੁਸਾਰ ਪੜਤਾਲ ਅਸਲ ਵਿੱਚ ੪ ਤਾਲਾਂ ਦਾ ਭੇਦ ਹੈ। ਪੁਰਾਣੀਆਂ ਬੰਦਸ਼ਾਂ ੪ ਤਾਲ ਤੋਂ ਹੀ ਸੁਰੂ ਹੁੰਦੀਆਂ ਸਨ। ਇਹਨਾਂ ਭੇਦਾਂ ਵਿੱਚ ਜਾਣ ਨਾਲ ਜਾਂ ਗਾਉਣ ਨਾਲ ਪੜਤਾਲ ਵਿੱਚ ਜਾਣਾ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਰਾਮਦਾਸ ਜੀ ਦੀਆਂ ੧੯ ਅਤੇ ਗੁਰੂ ਅਰਜਨ ਦੇਵ ਜੀ ਦੀਆਂ ੩੬ ਪੜਤਾਲਾਂ ਆਉਦੀਆਂ ਹਨ।

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ (ਪੰਨਾ ੧੨੫੩)



Scanned by CamScanner

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਸ ਵੀ ਭਗਤ ਦੀ ਬਾਣੀ ਦਰਜ ਹੋਈ ਹੈ। ਆਮ ਤੌਰ ਤੇ ਉਸ ਦਾ ਨਾਮ ਉਸ ਦੀ ਬਾਣੀ ਲਿਖਣ ਤੋਂ ਪਹਿਲਾਂ ਲਿਖ ਦਿੱਤਾ ਗਿਆ ਹੈ। ਪਰ ਇਹ ਕਿਸੇ ਸ਼ਬਦ ਦੀ ਇੱਕੋ ਹੀ ਪੰਗਤੀ ਹੈ, ਇਸ ਦੇ ਸ਼ੁਰੂ ਵਿੱਚ ਇਸ ਦੇ ਉੱਚਾਰਨ ਵਾਲੇ ਭਗਤ ਦਾ ਨਾਮ ਵੀ ਨਹੀਂ ਦਿੱਤਾ ਗਿਆ ਅਤੇ ਨਾ ਹੀ ਸਾਰਾ ਸ਼ਬਦ ਹੈ ਜਿਥੋਂ ਉਸ ਦਾ ਨਾਮ ਪਤਾ ਲੱਗ ਸਕੇ। ਜੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੋਂ ਹੋਰ ਕੋਈ ਗਵਾਹੀ ਨਾ ਲਈ ਜਾਏ ਤਾਂ ਇਹ ਕਿਸ ਦੀ ਉਚਾਰੀ ਹੋਈ ਤੁੱਕ ਸਮਝੀ ਜਾਏ?

ਇਸ ਦਾ ਉੱਤਰ ਅਗਲੇ ਸ਼ਬਦ ਦੇ ਸ਼ੁਰੂ ਵਿੱਚ ਲਿਖੇ ਸਿਰਲੇਖ ਤੋਂ ਮਿਲਦਾ ਹੈ। ਭਾਵ ਇਹ ਇੱਕ ਪੰਗਤੀ ਸੂਰਦਾਸ ਜੀ ਦੀ ਹੈ। ਪਰ ਇਹ ਅਗਲਾ ਸਿਰਲੇਖ ਵੀ ਜਰਾ ਧਿਆਨ ਦੇ ਨਾਲ ਵੇਖਣ ਵਾਲਾ ਹੈ।

'ਸਾਰੰਗ ਮਹਲਾ ੫ ਸੂਰਦਾਸ'

ਜੇ ਇਹ ਸ਼ਬਦ ਭਗਤ ਸੂਰਦਾਸ ਜੀ ਦਾ ਹੁੰਦਾ ਤਾਂ ਲਫ਼ਜ਼'ਮਹਲਾ ੫' ਇਸ ਸਿਰਲੇਖ ਦੇ ਨਾਲ ਨਾ ਹੁੰਦਾ। ਇਹ ਲਫ਼ਜ਼ 'ਮਹਲਾ ੫' ਦੱਸਦੇ ਹਨ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਿਆ ਹੋਇਆ ਹੈ।

ਸਾਰੰਗ ਮਹਲਾ ੫ ਸੂਰਦਾਸ ॥
ਹਰਿ ਕੇ ਸੰਗ ਬਸੇ ਹਰਿ ਲੋਕ ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ,
ਅਨਦ ਸਹਜ ਧੁਨਿ ਝੋਕ ॥੧॥ (੧੨੫੩)

ਲਫ਼ਜ਼ 'ਮਹਲਾ ੫' ਤੋਂ ਪਤਾ ਲੱਗਦਾ ਹੈ ਕਿ ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਲਫ਼ਜ਼ ਸੂਰਦਾਸ ਦੱਸਦਾ ਹੈ ਕਿ ਸਤਿਗੁਰੂ ਜੀ ਨੇ ਸੂਰਦਾਸ ਜੀ ਦੀ ਉਚਾਰੀ ਪਿਛਲੀ ਪੰਗਤੀ ਦੇ ਸੰਬੰਧ ਵਿੱਚ ਇਹ ਸ਼ਬਦ ਉਚਾਰਿਆ ਹੈ। ਭਗਤ ਸੂਰਦਾਸ ਜੀ ਦੀ ਇੱਕੋ ਹੀ ਪੰਗਤੀ ਦਰਜ ਕੀਤੀ ਹੈ, ਪਰ ਗਿਣਤੀ ਵਿੱਚ ਉਸ ਨੂੰ ਸਾਰੇ ਸ਼ਬਦ ਵਾਂਗ ਗਿਣਿਆ ਹੈ ਇਸ ਕਰਕੇ ਹੁਣ ਤੁੱਕ ਦੀ ਗਿਣਤੀ ੮ ਬਣਦੀ ਹੈ । ਜੇ ਸਤਿਗੁਰੂ ਜੀ ਨੇ ਆਪ ਹੀ ਸੂਰਦਾਸ ਜੀ ਦਾ ਸਾਰਾ ਸ਼ਬਦ ਦਰਜ ਕਰਾਇਆ ਹੁੰਦਾ ਤਾਂ ਇਸ ਸ਼ਬਦ ਦੇ ਸਿਰਲੇਖ ਵਾਸਤੇ ਲਫ਼ਜ਼ ਸਿਰਫ਼ 'ਮਹਲਾ ੫' ਹੁੰਦਾ। ਇਸ ਨਾਲ ਲਫ਼ਜ਼ 'ਸੂਰਦਾਸ' ਦੀ ਲੋੜ ਨਹੀਂ ਸੀ। ਇਹ ਸ਼ਬਦ ਸਤਿਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਨ ਕੀਤਾ ਹੋਇਆ ਹੈ।



Scanned by CamScanner

## ਪਉੜੀ ਨਵੀ ਮਃ ਪ ॥

ਸਭੋ ਵਰਤੈ ਚਲਤੁ, ਚਲਤੁ ਵਖਾਣਿਆ ॥
ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥
ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥
ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥
ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥
ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥
ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥
ਨਾਨਕ ਲਏ ਮਿਲਾਇ ਖਸਮੈ ਭਾਣਿਆ ॥੨੭॥ (ਪੰਨਾ ੧੨੯੧)

ਇਹ ਪਉੜੀ ਮਲਾਰ ਕੀ ਵਾਰ ਮਹਲਾ ੧ ਵਿੱਚ ਆਉਂਦੀ ਹੈ। ਕਈ ਵਿਦਵਾਨ ਇਹ ਮੰਨਦੇ ਹਨ ਕਿ ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ 'ਵਾਰ' ਉਚਾਰੀ ਅਤੇ ਨਾਲ ਨਾਲ ਹੀ "ਪਉੜੀਆਂ" ਦੇ ਨਾਲ ਦੇ ਸ਼ਲੋਕ ਵੀ ਉਚਾਰੇ ਹਨ। ਇਹ ਖ਼ਿਆਲ ਠੀਕ ਨਹੀਂ ਹੈ ਕਿਉਂਕਿ 'ਆਸਾ ਕੀ ਵਾਰ' ਅਤੇ 'ਮਾਝ ਕੀ ਵਾਰ' ਵਿਚ ਇਸ ਬਾਰੇ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਪਹਿਲਾਂ ਕੇਵਲ ਵਾਰਾਂ ਦੀਆਂ ਪਉੜੀਆਂ ਹੀ ਉਚਾਰਨ ਕੀਤੀਆਂ ਸਨ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਪਉੜੀਆਂ ਦੇ ਨਾਲ ਸਲੋਕ ਅੰਕਿਤ ਕੀਤੇ ਸਨ। ਇਹ ਪਉੜੀ ਨੰ: ੨੭ ਇੱਕ ਹੋਰ ਸਬੂਤ ਹੈ । ਗੁਰੂ ਨਾਨਕ ਦੇਵ ਜੀ ਦੀਆਂ ਕੁੱਲ ਪਉੜੀਆਂ ੨੭ ਹਨ, ਪਰ ਇਹ ਪਉੜੀ ਗੁਰੂ ਅਰਜਨ ਸਾਹਿਬ ਨੇ "ਨਵੀ" ਰਲਾਈ, ਇਸ ਦੇ ਨਾਲ ਦੇ ਸ਼ਲੋਕ ਗੁਰੂ ਨਾਨਕ ਸਾਹਿਬ ਦੇ ਹੀ ਹਨ। ਕੀ ਇਹ ਸ਼ਲੋਕ ਉਹਨਾਂ ਨੇ 'ਪਉੜੀ' ਤੋਂ ਬਿਨ੍ਹਾਂ ਹੀ ਲਿਖ ਦਿੱਤੇ ? 'ਕਾਵਜ-ਰਚਨਾ' ਦੇ ਨਿਯਮ ਨਾਲ ਇਹ ਗੱਲ ਮੇਲ ਨਹੀਂ ਖਾ ਸਕਦੀ ਕਿ 'ਮੂਲ' ਤਾਂ ਹੋਵੇ ਹੀ ਨਾ,ਤੇ ਉਸ ਨਾਲ ਸੰਬੰਧ ਰੱਖਣ ਵਾਲੀ 'ਸ਼ਾਖ' ਬਣਾ ਦਿੱਤੀ ਜਾਏ। ਅਸਲੀਅਤ ਇਹ ਹੈ ਕਿ "ਵਾਰ" ਨਿਰੀਆਂ "ਪਉੜੀਆਂ" ਹੈ। "ਸ਼ਲੋਕਾਂ" ਤੇ 'ਵਾਰ' ਦੀਆਂ "ਪਉੜੀਆਂ" ਦੇ ਰਚਨਾ ਦਾ ਮੌਕਾ ਇੱਕੋ ਨਹੀਂ ਹੈ ।

ਪਰ ਇਥੇ ਇਕ ਹੋਰ ਪ੍ਰਸ਼ਨ ਉੱਠਦਾ ਹੈ—ਗੁਰੂ ਅਰਜਨ ਸਾਹਿਬ ਨੇ ਇਹ "ਨਵੀ ਪਉੜੀ" ਕਿਉਂ ਰਲਾਈ ? ਕਈ ਵਿਦਵਾਨ ਇਹ ਕਹਿ ਦੇਂਦੇ ਹਨ ਕਿ ਫ਼ਰੀਦ ਜੀ ਅਤੇ ਕਬੀਰ ਜੀ ਦੇ ਸ਼ਲੋਕਾਂ ਵਿੱਚ ਜਿਥੇ ਕਿਤੇ ਗੁਰੂ ਸਾਹਿਬ ਦੇ ਆਪਣੇ ਸ਼ਲੋਕ ਆਏ ਹਨ। ਉਹਨਾਂ ਦਾ ਕਾਰਨ ਇਹ ਹੈ ਕਿ ਭਗਤਾਂ ਦੇ ਨਾਲ-ਲੱਗਦੇ ਸ਼ਲੋਕਾਂ ਵਿਚ ਕੋਈ ਊਣਤਾ ਰਹਿ ਗਈ ਸੀ । ਕਿਤਨਾ ਕੋਝਾ ਤੇ ਨੀਵਾਂ ਤੇ ਬੇ-ਅਦਬੀ-ਭਰਿਆ ਖ਼ਿਆਲ ਹੈ; ਬਾਣੀ ਦੇ ਜਿਸ 'ਸੰਗ੍ਰਹਿ' ਨੂੰ ਸਿੱਖ ਆਪਣਾ 'ਗੁਰੂ' ਮੰਨਦਾ ਹੈ ਉਸੇ ਵਿੱਚ ਹੀ ਕਈ ਅੰਗ 'ਊਣੇ' ਦੱਸ ਰਿਹਾ ਹੈ । ਉਹ 'ਸੁੰਦਰਤਾ' ਕਾਹਦੀ ਜਿਥੇ ਕੋਝ ਰਹਿ ਗਿਆ ? ਹਿੰਦੂ ਭਰਾ ਦੇ ਇਸੇ ਕੱਚ-ਪੁਣੇ ਨੂੰ ਭਗਤ ਨਾਮਦੇਵ ਜੀ ਨੇ ਭੰਡਿਆ ਸੀ । ਵੇਖੋ, ਰਾਗ ਗੌਂਡ ਵਿਚ "ਆਜੁ ਨਾਮੇ ਬੀਠੁਲ ਦੇਖਿਆ"; ਨਾਲੇ ਤਾਂ ਸ਼ਿਵ ਜੀ ਨੂੰ ਆਪਣਾ 'ਇਸ਼ਟ' ਮੰਨਣਾ ਤੇ



Scanned by CamScanner

ਨਾਲ ਹੀ ਇਹ ਵੀ ਕਹਿਣਾ ਕਿ ਉਹ ਕ੍ਰੋਧ ਵਿੱਚ ਆ ਕੇ ਲੋਕਾਂ ਦੇ ਮੁੰਡੇ ਭੀ ਸਰਾਪ ਦੇ ਕੇ ਮਾਰ ਦੇਂਦਾ ਸੀ । ਪਰ ਜੇ ਵਿਦਵਾਨ ਸੱਜਣਾਂ ਨੇ ਅਜੇ ਵੀ ਇਸੇ ਖ਼ਿਆਲ ਤੇ ਹੀ ਅੜਨਾ ਹੈ, ਤਾਂ ਕੀ ਇਹ ਪਉੜੀ ਨੰ: ੨੭ ਵੀ ਗੁਰੂ ਅਰਜਨ ਸਾਹਿਬ ਨੂੰ ਇਸੇ ਲਈ ਦਰਜ ਕਰਨੀ ਪਈ ਕਿ ਗੁਰੂ ਨਾਨਕ ਸਾਹਿਬ ਦੀ 'ਵਾਰ' ਵਿਚ ਕੋਈ 'ਊਣਤਾ' ਰਹਿ ਗਈ ਸੀ ? ਇੱਕੋ ਹੀ 'ਸੰਗ੍ਰਹ' ਵਿਚ ਥਾਂ ਥਾਂ ਪੈਂਤੜੇ ਬਦਲਾਇਆਂ ਥਿੜਕਣਾ ਹੀ ਪਏਗਾ ।

ਫਿਰ, ਇਹ 'ਪਉੜੀ' ਗੁਰੂ ਅਰਜਨ ਸਾਹਿਬ ਨੇ ਕਿਉਂ ਦਰਜ ਕੀਤੀ ? ਇਸ ਗੱਲ ਦਾ ਉੱਤਰ ਲੱਭਣ ਲਈ ਜਦੋਂ ਪਉੜੀ ਨੰ: ੨੩, ੨੪, ੨੫ ਅਤੇ ੨੬ ਪੜ੍ਹਦੇ ਹਾਂ ਤਾਂ ਮਿਲ ਜਾਂਦਾ ਹੈ। ਇਹਨਾਂ ਪਉੜੀਆਂ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਵਿੱਦਵਤਾ, ਹੋਰ ਹੋਰ ਅਕਲਾਂ, ਭਗਵਾ ਵੇਸ ਅਤੇ ਦੇਸ-ਰਟਨ ਜ਼ਿੰਦਗੀ ਦਾ ਸਹੀ ਰਸਤਾ ਨਹੀਂ ਹਨ,'ਸਤਿਗੁਰੁ ਬੋਹਿਥੁ ਬੇੜੁ' ਹੈ ਜੋ ਤ੍ਰਿਸ਼ਨਾ-ਅੱਗ ਤੋਂ ਬਚਾਂਦਾ ਹੈ।ਪਉੜੀ ਨੰ: ੨੬ ਵਿਚ ਇਹ ਮਾਨੋ ਇਸ਼ਾਰੇ-ਮਾਤ੍ਰ ਜ਼ਿਕਰ ਸੀ । ਗੁਰੂ ਅਰਜਨ ਸਾਹਿਬ ਨੇ ਪਉੜੀ ਨੰ: ੨੭ ਵਿਚ ਇਸ ਦੀ ਹੋਰ ਵਿਆਖਿਆ ਕਰ ਦਿੱਤੀ ਹੈ।

## ਸਹਸਕ੍ਰਿਤੀ /ਸਹਸਕ੍ਰਿਤੀ

ੴ੩ਪ੩

ਸਹਸਕ੍ਰਿਤੀ—ਲਫ਼ਜ਼ 'ਸਹਸ'ਸੰਸਕ੍ਰਿਤ ਦੇ ਲਫ਼ਜ਼ 'ਸੰਸ' ਤੋਂ ਪ੍ਰਾਕ੍ਰਿਤ-ਰੂਪ ਹੈ।ਜਿਵੇਂ ਲਫ਼ਜ਼ 'ਸੰਸ਼ਯ' ਤੋਂ ਪ੍ਰਾਕ੍ਰਿਤ-ਰੂਪ'ਸਹਸਾ'ਹੈ।ਸੋ,ਇਹ ਸਲੋਕ ਜਿਨ੍ਹਾਂ ਦਾ ਸਿਰਲੇਖ ਹੈ 'ਸਹਸ ਕ੍ਰਿਤੀ' ਸੰਸਕ੍ਰਿਤ ਦੇ ਨਹੀਂ ਹਨ । ਲਫ਼ਜ਼ 'ਸਹਸ-ਕ੍ਰਿਤੀ'ਲਫ਼ਜ਼'ਸੰਸਕ੍ਰਿਤ'ਦਾ ਪ੍ਰਾਕ੍ਰਿਤ-ਰੂਪ ਹੈ।ਇਹ ਸਾਰੇ ਸਲੋਕ ਵੀ ਪ੍ਰਾਕ੍ਰਿਤ ਬੋਲੀ ਦੇ ਹੀ ਹਨ ।ਇਹ ਬਾਣੀ ਰਾਗ ਰਹਿਤ ਹੈ।ਇਸ ਸਿਰਲੇਖ ੨ ਵਾਰੀਂ ਆਉਂਦਾ ਹੈ।ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰੀਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਆਉਂਦੀ ਹੈ।ਜਿਸ ਦੇ ਹੇਠਾਂ ੪ ਸਲੋਕ ਆਉਂਦੇ ਹਨ।ਇੱਕ ਵਾਰੀਂ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ।ਜਿਸ ਦੇ ਹੇਠਾਂ ੬੭ ਸਲੋਕ ਆਉਂਦੇ ਹਨ।ਇਸ ਰਚਨਾ ਵਿੱਚ ਕੁੱਲ=੪+੬੭=੭੧ ਸਲੋਕ ਆਉਂਦੇ ਹਨ।

ਸਲੋਕ ਸਹਸਕ੍ਰਿਤੀ ਮਹਲਾ ੧॥

ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ (੧੩੫੩)

ਸਲੋਕ ਸਹਸਕ੍ਰਿਤੀ ਮਹਲਾ ੫

ਕਤੰਚ ਮਾਤਾ, ਕਤੰਚ ਪਿਤਾ, ਕਤੰਚ ਬਨਿਤਾ ਬਿਨੋਦ ਸੁਤਹ ॥
ਕਤੰਚ ਭ੍ਰਾਤ ਮੀਤ ਹਿਤ ਬੰਧਵ, ਕਤੰਚ ਮੋਹ ਕੁਟੰਬ੍ਰਤੇ ॥ (ਪੰਨਾ ੧੩੫੩)



Scanned by CamScanner

## ਗਾਥਾ

ਪੰਨਾ ੧੩੬੦

ਇਹ ਇੱਕ ਪ੍ਰਾਚੀਨ ਪ੍ਰਾਕ੍ਰਿਤ ਭਾਸ਼ਾ ਜਿਸ ਵਿੱਚ ਸੰਸਕ੍ਰਿਤ ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਲਿਖੇ ਹੋਏ ਮਿਲਦੇ ਹਨ । 'ਲਲਿਤ ਵਿਸਤਰ' ਆਦਿਕ ਬੋਧ ਧਰਮ-ਗ੍ਰੰਥ ਇਸੇ ਭਾਸ਼ਾ ਵਿੱਚ ਹਨ। ਇਹ ਬਾਣੀ ਰਾਗ ਰਹਿਤ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ। ਜਿਸ ਦੇ ਹੇਠਾਂ ੨੪ ਸਲੋਕ ਆਉਂਦੇ ਹਨ।

ਮਹਲਾ ੫ ਗਾਥਾ

ਕਰਪੂਰ ਪੁਹਪ ਸੁਗੰਧਾ, ਪਰਸ ਮਾਨੁਖ੍ ਦੇਹੰ ਮਲੀਣੰ॥
ਮਜਾ ਰੁਧਿਰ ਦ੍ਰੁਗੰਧਾ ਨਾਨਕ,ਅਥਿ ਗ਼ਰਬੇਣ ਅਗ੍ਯਾਨਣੋ ॥੧॥

(ਪੰਨਾ ੧੩੬੦)

ਇਸ ਬਾਣੀ ਦੇ ਅੰਦਰ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਸਰੀਰ ਉਸ ਸਮੇਂ ਹੀ ਸਫਲ ਹੈ ਜਦੋਂ ਮਨੁੱਖ ਪ੍ਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹੈ। ਇਹ ਦਾਤਿ ਸਿਰਫ਼ ਸਾਧ-ਸੰਗਤਿ ਵਿੱਚੋਂ ਹੀ ਮਿਲਦੀ ਹੈ। ਵੇਦਾਂ ਵਿੱਚ ਜੋ 'ਗਾਥਾ' ਨਾਮ ਦੇ ਛੰਦ ਮਿਲਦੇ ਹਨ। ਉਹਨਾਂ ਦੀ ਬੋਲੀ ਪੁਰਾਣੀ ਸੰਸਕ੍ਰਿਤ ਨਾਲੋਂ ਵੱਖਰੀ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਵੇਦਾਂ ਦੇ ਸਮੇਂ ਵੀ ਲੋਕਾਂ ਦੇ ਆਮ ਬੋਲ-ਚਾਲ ਦੀ ਇੱਕ ਵੱਖਰੀ ਭਾਸ਼ਾ ਸੀ । ਵਿਦਵਾਨਾਂ ਨੇ ਵੈਦਿਕ ਸਮੇਂ ਦੀ ਇਸ ਬੋਲੀ ਦਾ ਨਾਮ 'ਪਹਿਲੀ ਪ੍ਰਾਕ੍ਰਿਤ' ਰੱਖਿਆ ਹੈ। ਅਸ਼ੋਕ ਦੇ ਲੇਖ ਆਦਿਕਾਂ ਵਿੱਚ ਜੋ ਬੋਲੀ ਮਿਲਦੀ ਹੈ, ਉਸ ਨੂੰ 'ਦੂਜੀ ਪ੍ਰਾਕ੍ਰਿਤ' ਜਾਂ 'ਪਾਲੀ' ਆਖਦੇ ਹਨ। ਪਹਿਲੀ ਪ੍ਰਾਕ੍ਰਿਤ ਦੇ ਪ੍ਰਚਾਰ ਤੋਂ ਕਈ ਸੌ ਸਾਲ ਪਿੱਛੋਂ ਦੂਜੀ ਪ੍ਰਾਕ੍ਰਿਤ ਦਾ ਜਨਮ ਹੋਇਆ । ਵੈਦਿਕ ਸਮੇਂ ਦੇ ਵਿਦਵਾਨਾਂ ਨੇ 'ਵੈਦਿਕ ਭਾਸ਼ਾ' ਨੂੰ ਆਮ ਬੋਲ-ਚਾਲ ਦੀ ਬੋਲੀ ਤੋਂ ਬਚਾ ਕੇ ਰੱਖਣ ਲਈ ਇਸ ਦੇ ਵਿਆਕਰਣ ਬਣਾਏ, ਤੇ ਇਸ ਸਾਂਭ ਕੇ ਰੱਖੀ ਹੋਈ ਬੋਲੀ ਦਾ ਨਾਮ 'ਸੰਸਕ੍ਰਿਤ' ਰੱਖ ਲਿਆ । ਸੋ, ਇਹ 'ਸੰਸਕ੍ਰਿਤ' ਵੀ 'ਪਹਿਲੀ ਪ੍ਰਾਕ੍ਰਿਤ' ਦੀ ਕਿਸੇ ਸ਼ਾਖ ਤੋਂ 'ਸ਼ੁੱਧ ਹੋ ਕੇ' ਬਣੀ ਸੀ ।

## ਫੁਨਹੇ

੧੩੬੧

ਫੁਨਹੇ—ਪੁਨਹ, ਮੁੜ ਮੁੜ, ਫਿਰ । ਇਸ ਦਾ ਪ੍ਰਾਕ੍ਰਿਤ-ਰੂਪ ਬਾਣੀ ਵਿੱਚ 'ਫੁਨਿ' ਆਇਆ ਹੈ। ਉਹ 'ਛੰਤ' ਜਿਸ ਦੇ ਹਰੇਕ 'ਬੰਦ' ਵਿੱਚ ਕੋਈ ਇੱਕੋ ਲਫ਼ਜ਼ 'ਫੁਨਿ' (ਮੁੜ ਮੁੜ) ਆਇਆ ਹੈ । ਇਸ ਛੰਤ ਦੇ ਬੰਦਾਂ ਵਿੱਚ ਲਫ਼ਜ਼ 'ਹਰਿਹਾਂ' ਮੁੜ ਮੁੜ ਆਉਂਦਾ ਹੈ



Scanned by CamScanner

।ਇਹ ਬਾਣੀ ਰਾਗ ਰਹਿਤ ਹੈ।ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ। ਜਿਸ ਦੇ ਹੇਠਾਂ ੨੩ ਸਲੋਕ ਆਉਂਦੇ ਹਨ।

ਫੁਨਹੇ ਮਹਲਾ ੫

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥ (ਪੰਨਾ ੧੩੬੧)

ਇਸ ਬਾਣੀ ਦੇ ਅੰਦਰ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਦੇ ਕੀਤੇ ਕਰਮਾਂ ਤੇ ਸੰਸਕਾਰਾਂ ਉਸ ਦੇ ਮਨ ਵਿੱਚ ਇਕੱਠੇ ਹੁੰਦੇ ਰਹਿ ਕੇ ਉਸੇ ਪਾਸੇ ਵੱਲ ਹੀ ਉਸ ਨੂੰ ਪ੍ਰੇਰਦੇ ਰਹਿੰਦੇ ਹਨ। ਇਹਨਾਂ ਪਹਿਲੇ ਸੰਸਕਾਰਾਂ ਦੇ ਜ਼ੋਰ ਦੇ ਕਾਰਨ ਹੀ ਮਨੁੱਖ ਆਪਣੇ ਉੱਦਮ ਨਾਲ ਵਿਕਾਰਾਂ ਦੇ ਹੱਲਿਆਂ ਤੋਂ ਬਚ ਨਹੀਂ ਸਕਦਾ। ਇਸ ਤੋਂ ਬਚਣ ਦਾ ਇੱਕੋ ਇੱਕ ਹੀ ਤਰੀਕਾ ਹੈ। ਉਹ ਹੈ ਗੁਰੂ ਦਾ ਆਸਰਾ ਲਿਆ ਜਾਵੇ। ਜਿਸ ਮਨੁੱਖ ਉਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਉਹ ਗੁਰੂ ਦੀ ਸੰਗਤਿ ਵਿਚ ਆ ਕੇ ਸਿਮਰਨ ਕਰਦਾ ਹੈ। ਸਿਮਰਨ ਨਾਲ ਹੀ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ। ਇਹ ਗੱਲ ਇਸ ਬਾਣੀ ਅੰਦਰ ਸਮਝਾਈ ਹੈ।

## ਚਉਬੋਲੇ

੧੩੬੩

ਚਉਬੋਲਾ—ਇਕ ਛੰਤ ਦਾ ਨਾਮ ਹੈ। ਇਸ ਸਿਰਲੇਖ 'ਚਉਬੋਲਾ' ਛੰਤ ਦੇ ਹੇਠਾਂ ੧੧ ਬੰਦ ਆਉਂਦੇ ਹਨ। ਇਹ ਬਾਣੀ ਰਾਗ ਰਹਿਤ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ। ਜਿਸ ਦੇ ਹੇਠਾਂ ੧੧ ਛੰਤ ਆਉਂਦੇ ਹਨ।

ਚਉਬੋਲੇ ਮਹਲਾ ੫

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥੧॥ (ਪੰਨਾ ੧੩੬੩)

ਪਿੰਗਲ-ਸ਼ਾਸਤਰ ਦੇ ਅੰਦਰ ਇਸ ਨੂੰ ਚੌਪਈ ਦਾ ਹੀ ਭੇਦ ਮੰਨਿਆ ਜਾਂਦਾ ਹੈ। ਕੁੱਝ ਵਿਦਵਾਨ ਇਸ ਨੂੰ ਭਿੰਨ-ਭਿੰਨ ਤੁੱਕਾਂ ਵਾਲਾ ਸਵੈਯਾ ਵੀ ਆਖਦੇ ਹਨ। ਕੁੱਝ ਵਿਦਵਾਨਾਂ ਇਸ ਨੂੰ ਅੜਿੱਲ ਛੰਤ ਦਾ ਇੱਕ ਭੇਦ ਸਿੱਧ ਕਰਨ ਦਾ ਵੀ ਯਤਨ ਕੀਤਾ ਹੈ। ਸੰਗੀਤ ਦੀ ਬੋਲੀ ਵਿੱਚ ਇਸ ਨੂੰ ਚਤੁਰੰਗ ਵੀ ਕਿਹਾ ਜਾਂਦਾ ਹੈ।



Scanned by CamScanner

## ਸਲੋਕ ਭਗਤ ਕਬੀਰ ਜੀਉ ਕੇ

ਕਬੀਰ ਮੇਰੀ ਸਿਮਰਨੀ

੧੩੬੪

ਭਗਤ ਕਬੀਰ ਜੀ ਦੀ ਬਾਣੀ ਸਭ ਭਗਤਾਂ ਤੋਂ ਵੱਧ ਬਾਣੀ ਹੈ। ਇਹ ਕਬੀਰ ਜੀ ਦੇ ਸਲੋਕਾਂ ਰੂਪ ਵਿੱਚ ਪ੍ਰਸਿੱਧ ਬਾਣੀ ਹੈ। ਸਾਰੇ ਹੀ ਸ਼ਲੋਕਾਂ ਵਿੱਚ ਇਕੋ ਹੀ ਵਿਸ਼ਾ "ਹਰਿ-ਨਾਮ ਦਾ ਸਿਮਰਨ" ਲੈ ਕੇ ਅਤੇ ਉਸ ਦੇ ਵੱਖ-ਵੱਖ ਪਹਿਲੂ ਲੈ ਕੇ ਵਿਚਾਰ ਕੀਤੀ ਗਈ ਹੈ । ਇਸ ਦੇ ਅੰਦਰ ਕੁੱਲ ੨੪੩ ਸਲੋਕ ਆਉਂਦੇ ਹਨ।

ਗੁਰੂ ਅਮਰਦਾਸ ਜੀ=੧,
ਗੁਰੂ ਅਰਜਨ ਸਾਹਿਬ=੫,
ਕਬੀਰ ਜੀ ਦੇ=੨੩੭
ਕੁੱਲ ਜੋੜ=੨੪੩

## ਸਲੋਕ ਸੇਖ ਫ਼ਰੀਦ ਕੇ

੧੩੭੭

ਇਹ ਸਾਰੇ ਸ਼ਲੋਕ ਗਿਣਤੀ ਵਿੱਚ ੧੩੦ ਹਨ। ਇਹਨਾਂ ਵਿੱਚ ੧੮ ਸ਼ਲੋਕ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਤੇ ਗੁਰੂ ਅਰਜਨ ਸਾਹਿਬ ਦੇ ਵੀ ਹਨ। ਗੁਰੂ ਅਰਜਨ ਦੇਵ ਜੀ ਨੇ ਜੋ ਬਾਬਾ ਫਰੀਦ ਜੀ ਦੇ ਜੋ ਸਲੋਕ ਆਉਂਦੇ ਹਨ ਜਿਨ੍ਹਾਂ ਦੇ ਭਾਵ ਅਰਥ ਖੁੱਲੇ ਨਹੀਂ ਉਹਨਾਂ ਨੂੰ ਹੋਰ ਵੀ ਵਧੀਆ ਢੰਗ ਦੇ ਨਾਲ ਖੁੱਲ੍ਹੀ ਤਰ੍ਹਾਂ ਸਮਝਾਣ ਵਾਸਤੇ ਲਿਖੇ ਗਏ ਹਨ,ਤਾਂ ਕਿ ਕੋਈ ਅਣਜਾਣ ਮਨੁੱਖ ਭੁਲੇਖਾ ਨਾ ਖਾ ਜਾਏ।

ਬਾਬਾ ਫਰੀਦ ਜੀ ਦੇ ਕੁੱਲ ਸ਼ਲੋਕ=੧੧੨

ਗੁਰੂ ਨਾਨਕ ਦੇਵ ਜੀ=੪, (ਨੰ: ੩੨, ੧੧੩, ੧੨੦, ੧੨੪)

ਗੁਰੂ ਅਮਰਦਾਸ ਜੀ=੫, (੧੩, ੫੨, ੧੦੪, ੧੨੨, ੧੨੩)

ਗੁਰੂ ਰਾਮਦਾਸ ਜੀ=੧, (ਨੰ: ੧੨੧)

ਗੁਰੂ ਅਰਜਨ ਸਾਹਿਬ=੮, (ਨੰ: ੭੫, ੮੨, ੮੩, ੧੦੫, ੧੦੮ ਤੋਂ ੧੧੧)

ਕੁੱਲ ਜੋੜ=੧੩੦

ਸਲੋਕ ਸੇਖ ਫਰੀਦ ਕੇ

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ {ਪੰਨਾ ੧੩੭੭}



Scanned by CamScanner

# ਸਵਯੇ /ਸਵਈਏ

ਗੁਰੂ ਰਾਮਦਾਸ ਜੀ ਨੇ ਆਪਣੇ ਅੰਤਮ ਸਮੇਂ ਨੂੰ ਨੇੜੇ ਜਾਣ ਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਬਖਸ਼ੀ ਅਤੇ ਆਪ ਸ੍ਰੀ ਰਾਮਦਾਸਪੁਰੇ {ਸ੍ਰੀ ਅੰਮ੍ਰਿਤਸਰ ਸਾਹਿਬ} ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਸਤਿਗੁਰੂ ਗੁਰੂ ਰਾਮਦਾਸ ਜੀ ਇਥੇ ਹੀ ਆਪ ਅਗਸਤ ੧੫੮੧ ਈਸਵੀ ਵਿੱਚ ਜੋਤੀ ਜੋਤਿ ਸਮਾਏ। ਦਸਤਾਰ-ਬੰਦੀ ਦੀ ਰਸਮ ਵੇਲੇ ਦੂਰੋਂ ਦੂਰੋਂ ਸਿੱਖ-ਸੰਗਤਾਂ ਗੁਰੂ ਅਰਜਨ ਸਾਹਿਬ ਜੀ ਦੇ ਦੀਦਾਰ ਆਈਆਂ। ਉਹਨੀਂ ਹੀ ਦਿਨੀਂ ਭੱਟ ਸਹਿਬਾਨ ਵੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਸਤਿਗੁਰਾਂ ਦੇ ਦਰਸ਼ਨ ਦੀਦਾਰ ਦੀ ਬਰਕਤਿ ਪ੍ਰਾਪਤ ਕੀਤੀਆਂ ਤੇ ਨਾਲ ਚਿੱਤ ਗੁਰੂ ਦੀ ਸਿਫ਼ਤਿ ਕਰਨ ਦੇ ਉਮਾਹ ਵਿੱਚ ਆਇਆ ਅਤੇ ਗੁਰੂ-ਉਪਮਾ ਵਿੱਚ ਉਹਨਾਂ ਇਹ ਸਵਈਏ' ਉਚਾਰੇ, ਜਿਨ੍ਹਾਂ ਨੂੰ ਸਮੇਂ ਸਿਰ ਗੁਰੂ ਅਰਜਨ ਸਾਹਿਬ ਜੀ ਨੇ 'ਸ੍ਰੀ ਮੁਖਬਾਕ੍' ਸਵਈਆਂ ਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਭੱਟ 'ਨਲ੍' ਗੋਇੰਦਵਾਲ ਦੀ ਉਸਤਤਿ ਕਰਦਾ ਹੈ ਅਤੇ ਭੱਟ 'ਹਰਿਬੰਸ' ਗੁਰੂ ਰਾਮਦਾਸ ਜੀ ਦੇ 'ਦੇਵ-ਪੁਰੀ' ਵਿੱਚ ਜਾਣ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਸਿਰ ਤੇ ਗੁਰਿਆਈ ਦਾ ਛਤ੍ਰ ਝੁੱਲਣ ਦਾ ਜ਼ਿਕਰ ਕਰਦਾ ਹੈ । ਜਿਨ੍ਹਾਂ ਭੱਟਾਂ ਦੀ ਬਾਣੀ 'ਬੀੜ' ਵਿਚ ਦਰਜ ਹੈ, ਉਹਨਾਂ ਦੇ ਨਾਮ ਇਹ ਹਨ:—

੧. ਕੱਲਸਹਾਰ, (ਜਿਸ ਦੇ ਦੂਜੇ ਨਾਮ 'ਕਲ੍' ਅਤੇ 'ਟਲ੍' ਹਨ)।
੨. ਜਾਲਪ, ਜਿਸ ਦਾ ਦੂਜਾ ਨਾਮ 'ਜਲ੍' ਹੈ ।
੩. ਕੀਰਤ, ੪. ਭਿੱਖਾ, ੫. ਸਲ੍, ੬. ਭਲ੍, ੭. ਨਲ੍, ੮. ਗਯੰਦ, ੯. ਮਥੁਰਾ, ੧੦. ਬਲ੍ ੧੧. ਹਰਿਬੰਸ।

ਕੱਲਸਹਾਰ ਇਹਨਾਂ ਦਾ ਜੱਥੇਦਾਰ ਸੀ, ਇਹ ਸਾਰੇ ਰਲ ਕੇ ਹੀ ਗੁਰੂ ਅਰਜਨ ਸਾਹਿਬ ਦੇ ਦੀਦਾਰ ਨੂੰ ਆਏ ਸਨ । ਸੱਵਈਆਂ ਵਿੱਚ ਕੇਵਲ 'ਗੁਰੂ' ਦੀ ਵਡਿਆਈ ਕੀਤੀ ਗਈ ਹੈ 'ਗੁਰੂ' ਦੀ ਉਪਮਾ ਕਰਨ ਲੱਗਿਆਂ 'ਗੁਰ-ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ, ਸੋ, ਇਹਨਾਂ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤੱਕ ਹਰੇਕ 'ਗੁਰ-ਮਹਲੇ' ਦੀ ਸਿਫ਼ਤਿ ਉਚਾਰੀ ਹੈ ।

ਸਵਈਏ ਸ੍ਰੀ ਮੁਖ ਬਾਕ੍ . . = ੯
" . . . . " . . . . = ੧੧
ਸਵਈਏ ਮਹਲੇ ਪਹਿਲੇ ਕੇ = ੧੦
ਸਵਈਏ ਮਹਲੇ ਦੂਜੇ ਕੇ . . = ੧੦



Scanned by CamScanner

ਸਵਈਏ ਮਹਲੇ ਤੀਜੇ ਕੇ . . = ੨੨

ਸਵਈਏ ਮਹਲੇ ਚੌਥੇ ਕੇ . . . = ੬੦

ਸਵਈਏ ਮਹਲੇ ਪੰਜਵੇਂ ਕੇ . . = ੨੧

. . . .ਕੁੱਲ ਜੋੜ . . . . . =੧੪੩

ਅੰਕ ੧੨੨ ਵਿੱਚ ਗੁਰੂ ਅਰਜਨ ਸਾਹਿਬ ਦੀ ਉਸਤਤਿ ਵਿੱਚ ਉਚਾਰੇ ੨੧ ਸਵੱਈਆ ਦਾ ਜੋੜ ਨਹੀਂ ਦਿੱਤਾ ਗਿਆ ।ਸਾਰੇ ਭੱਟਾਂ ਦਾ ਵੇਰਵਾ

੧. ਕਲ੍ਸਹਾਰ . . ੧੦ . . ੧੦ . . ੯ . . ੧੩ . . ੧੨ . . = ੫੪

੨. ਜਾਲਪ . . . . . ੫ . . . . . = ੫

੩. ਕੀਰਤ . . . . . ੪ . . ੪ . . . . . = ੮

੪. ਭਿਖਾ . . . . . ੨ . . . . . = ੨

੫. ਸਲ੍ . . . . . ੧ . . ੨ . . . . . = ੩

੬. ਭਲ੍ . . . . . ੧ . . . . . = ੧

੭. ਨਲ੍ . . . . . ੧੬ . . . . . = ੧੬

੮. ਗਯੰਦ . . . . . ੧੩ . . . . = ੧੩

੯. ਮਥੁਰਾ . . . . . ੭ . . ੭ . = ੧੪

੧੦. ਬਲ੍ . . . . . ੫ . . . . . = ੫

੧੧. ਹਰਿਬੰਸ . . . . . ੨ . . = ੨

. . . . . .

. . ੧੧ . . . . ੧੦ . . ੧੦ . . ੨੨ . . ੬੦ . . ੨੧ . . . = ੧੨੩

## ਰਡ

ਜਿਸਹਿ ਧਾਰ੍ਿਉ ਧਰਤਿ, ਅਰੁ ਵਿਉਮੁ, ਅਰੁ ਪਵਣੁ, ਤੇ ਨੀਰ ਸਰ, ਅਵਰ ਅਨਲ ਅਨਾਦਿ ਕੀਅਉ ॥

ਸਸਿ ਰਿਖਿ ਨਿਸਿ, ਸੂਰ ਦਿਨਿ, ਸੈਲ ਤਰੂਅ ਫਲ ਫੂਲ ਦੀਅਉ ॥

{ਪੰਨਾ ੧੩੯੯}

ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੧੩੯੯ ਅੰਗ ਤੇ "ਸਵਈਏ ਮਹਲੇ ਚੌਥੇ ਕੇ" ਦੇ ਵਿੱਚ ਆਉਂਦਾ ਹੈ।ਇਹ ਇੱਕ ਪ੍ਰਕਾਰ ਦਾ ਛੰਦ ਹੈ।ਜਿਸ ਦੇ ੪ ਚਰਣ ਹੁੰਦੇ ਹਨ।ਪਹਿਲੇ ਚਰਣ ਵਿੱਚ ੪੧ ਮਾਤ੍ਰਾਂ ਲੱਗਦੀਆਂ ਹਨ।ਇਸ ਵਿੱਚ ੧੫-੧੧-੧੫ ਤੇ ਵਿਸ੍ਰਾਮ



Scanned by CamScanner

ਲਗਾਇਆ ਜਾਂਦਾ ਹੈ। ਦੂਜੇ ਚਰਣ ਵਿੱਚ ੨੬ ਮਾਤ੍ਰਾਂ ਲੱਗਦੀਆਂ ਹਨ। ਇਸ ਵਿੱਚ ੧੧-੧੫ ਤੇ ਵਿਸ੍ਰਾਮ ਲਗਾਇਆ ਜਾਂਦਾ ਹੈ। ਤੀਜੇ,ਚੌਥੇ ਚਰਣ ਵਿੱਚ ਕੋਈ ਵੀ ਵਿਸ੍ਰਾਮ ਨਹੀਂ ਆਉਂਦੇ। ਇਸ ਨੂੰ ਵਿਖਮਤਰ ਛੰਦ ਕਿਹਾ ਜਾਂਦਾ ਹੈ। ਇਸ ਸਿਰਲੇਖ ਹੇਠਾਂ ੮ ਛੰਦ ਆਉਂਦੇ ਹਨ।

## ਝੋਲਨਾ ॥

ਗੁਰੂ ਗੁਰੁ, ਗੁਰੂ ਗੁਰੁ, ਗੁਰੂ ਜਪੁ ਪ੍ਰਾਨੀਅਹੁ ॥
ਸਬਦੁ ਹਰਿ ਹਰਿ ਜਪੈ, ਨਾਮੁ ਨਵ ਨਿਧਿ ਅਪੈ,
ਰਸਨਿ ਅਹਿਨਿਸਿ ਰਸੈ, ਸਤਿ ਕਰਿ ਜਾਨੀਅਹੁ ॥
ਫੁਨਿ, ਪ੍ਰੇਮ ਰੰਗ ਪਾਈਐ, ਗੁਰਮੁਖਹਿ ਧਿਆਈਐ,
ਅੰਨ ਮਾਰਗ ਤਜਹੁ, ਭਜਹੁ ਹਰਿ ਗ੍ਯਾਨੀਅਹੁ ॥ {੧੪੦੦}

ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੧੪੦੦ ਅੰਗ ਤੇ "ਸਵਈਏ ਮਹਲੇ ਚੌਥੇ ਕੇ" ਦੇ ਵਿੱਚ ਆਉਂਦਾ ਹੈ। ਇਹ ਇੱਕ ਪ੍ਰਕਾਰ ਦਾ ਛੰਦ ਹੈ। ਇਸ ਅੰਦਰ ਕਈ ਕਿਸਮਾਂ ਆਉਂਦੀਆਂ ਹਨ। ਇਸ ਸਿਰਲੇਖ ਹੇਠਾਂ ੪ ਛੰਦ ਆਉਂਦੇ ਹਨ।

## ਸਲੋਕ ਵਾਰਾਂ ਤੇ ਵਧੀਕ {੧੪੧੦}

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੨੨ ਵਾਰਾਂ ਹਨ ।ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਰਚੀਆਂ 'ਵਾਰਾਂ' ਪਹਿਲਾਂ ਸਿਰਫ਼ 'ਪਉੜੀਆਂ' ਦਾ ਸੰਗ੍ਰਹਿ ਸਨ। ਜਦੋਂ ਗੁਰੂ ਅਰਜਨ ਸਾਹਿਬ ਨੇ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਹੋਣ ਵਾਲੀ ਤਰਤੀਬ ਦਿੱਤੀ, ਤਾਂ ਉਹਨਾਂ ਨੇ 'ਵਾਰ' ਦੀ ਹਰੇਕ 'ਪਉੜੀ' ਦੇ ਨਾਲ ਘੱਟ ਤੋਂ ਘੱਟ ਦੋ ਸਲੋਕ ਦਰਜ ਕਰ ਦਿੱਤੇ ਇਹ ਉਹ ਸ਼ਲੋਕ ਸਨ ਜਿੰਨ੍ਹਾਂ ਦੇ ਅਰਥ ਭਾਵ ਪਉੜੀ ਨਾਲ ਮਿਲਦੇ ਹੋਣ। ਜਿਹੜੇ ਸਲੋਕ ਵੱਧ ਗਏ, ਉਹ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਵਿੱਚ 'ਸਲੋਕ' ਵਾਰਾਂ ਤੇ ਵਧੀਕ' ਦੇ ਸਿਰਲੇਖ ਹੇਠ ਦਰਜ ਕਰ ਦਿੱਤੇ।

## ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥



Scanned by CamScanner

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

(ਪੰਨਾ ੧੪੨੯)

ਸਿਰਲੇਖ 'ਮੁੰਦਾਵਣੀ' ਦਾ ਅਰਥ ਸਮਝਣ ਲਈ 'ਸੋਰਠਿ ਕੀ ਵਾਰ' ਦੀ ਅੱਠਵੀਂ ਪਉੜੀ ਦਾ ਪਹਿਲਾ ਸਲੋਕ ਸਾਹਮਣੇ ਰੱਖਣਾ ਜ਼ਰੂਰੀ ਹੈ :

ਸਲੋਕੁ ਮ: ੩॥ ਥਾਲੈ ਵਿਚਿ ਤੈ ਵਸਤੂ ਪਈਓ,
ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ, ਪਾਈਐ ਮੋਖ ਦੁਆਰੁ ॥
ਇਹੁ ਭੋਜਨ ਅਲਭੁ ਹੈ ਸੰਤਹੁ, ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ, ਸਦਾ ਰਖੀਐ ਉਰਿਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ, ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ, ਹਰਿ ਪਾਇਆ ਗੁਰਮੁਖਿ ਘਾਲਿ ॥੧॥੮॥

(ਸੋਰਠਿ ਕੀ ਵਾਰ ਮ: ੪, ਪੰਨਾ ੬੪੫

ਇਸ ਸਲੋਕ ਮ: ੩ ਨੂੰ 'ਮੁੰਦਾਵਣੀ ਮ: ੫' ਨਾਲ ਮਿਲਾ ਕੇ ਵੀਚਾਰ ਕੇ ਦੇਖਦੇ ਹਾਂ।ਇਹਨਾਂ ਦੋਹਾਂ ਸਲੋਕਾਂ ਦਾ ਵਿਸ਼ਾ ਇੱਕੋ ਹੀ ਹੈ।ਇਹਨਾਂ ਸਲੋਕ ਦੇ ਕਈ ਲਫ਼ਜ਼ ਆਪਸ ਵਿੱਚ ਸਾਂਝੇ ਆਉਂਦੇ ਹਨ ਅਤੇ ਆਪਸ ਵਿੱਚ ਮੇਲ ਖਾਂਦੇ ਹਨ।ਸ੍ਰੀ ਗੁਰੂ ਅਮਰਦਾਸ ਜੀ ਦੇ ਵਾਕ ਦਾ ਸਿਰਲੇਖ ਹੈ 'ਸਲੋਕੁ' ।ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਾਕ ਦਾ ਸਿਰਲੇਖ ਹੈ 'ਮੁੰਦਾਵਣੀ' । ਪਰ ਇਹ ਲਫ਼ਜ਼ ਗੁਰੂ ਅਮਰਦਾਸ ਜੀ ਨੇ 'ਸਲੋਕ' ਦੇ ਵਿੱਚ ਵਰਤ ਦਿੱਤਾ ਹੈ, ਭਾਵੇਂ ਰਤਾ ਕੁ ਫ਼ਰਕ ਹੈ; ਟਿੱਪੀ ਦਾ ਫ਼ਰਕ ।

ਮੁੰਦਾਵਣੀ ਤੋਂ ਭਾਵ ਹੈ ਖ਼ਿਆਲ, ਮਜ਼ਮੂਨ, ਲਫ਼ਜ਼ਾਂ ਦੀ ਸਾਂਝ ਦੇ ਆਧਾਰ ਤੇ ਨਿਰ-ਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਲਫ਼ਜ਼ 'ਮੁਦਾਵਣੀ' ਅਤੇ 'ਮੁੰਦਾਵਣੀ' ਇੱਕੋ ਹੀ ਹੈ।ਦੋਹਾਂ ਵਾਕਾਂ ਵਿੱਚ ਇਹ ਲਫ਼ਜ਼ 'ਇਸਤ੍ਰੀ ਲਿੰਗ' ਵਿੱਚ ਵਰਤਿਆ ਗਿਆ ਹੈ । ਗੁਰੂ ਅਰਜਨ ਸਾਹਿਬ ਇਸ 'ਮੁੰਦਾਵਣੀ' ਬਾਰੇ ਆਖਦੇ ਹਨ ਕਿ'ਏਹ ਵਸਤੁ ਤਜੀ ਨਹ ਜਾਈ', ਇਸ ਨੂੰ 'ਨਿਤ ਨਿਤ ਰਖੁ ਉਰਿ ਧਾਰੋ' । ਇਹੀ ਗੱਲ ਗੁਰੂ ਅਮਰਦਾਸ ਜੀ ਨੇ ਇਉਂ ਆਖੀ ਹੈ ਕਿ'ਏਹ ਮੁਦਾਵਣੀ ਕਿਉ ਵਿਚਹੁ ਕਢੀਐ?ਸਦਾ ਰਖੀਐ ਉਰਿਧਾਰਿ' ।

ਲਫ਼ਜ਼ 'ਮੁਦਾਵਣੀ' 'ਮੁੰਦਾਵਣੀ' ਦਾ ਅਰਥ :ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ

ਮਹਾਨ ਕੋਸ਼ ਦੇ ਅੰਦਰ ਇਸ ਦੇ ਅਰਥ ਕੀਤੇ ਨੇ ਮੋਹਰ,ਛਾਪ ਲਗਾਉਣਾ।ਭਾਰਤ ਵਿੱਚ ਪੁਰਾਤਨ ਸਮੇਂ ਤੋਂ ਰੀਤਿ ਚਲੀ ਆਉਂਦੀ ਹੈ ਰਾਜੇ ਮਹਾਰਾਜਿਆਂ ਦੇ ਖਾਨ ਪਾਨ ਦਾ ਪ੍ਰਬੰਧ



Scanned by CamScanner

ਕਰਨ ਵਾਲਾ ਸਰਦਾਰ ਆਪਣੇ ਸਾਹਮਣੇ ਭੋਜਨ ਤਿਆਰ ਕਰਵਾਉਣ ਉਪਰੰਤ ਬਰਤਨਾਂ ਵਿੱਚ ਪਾ ਕੇ ਮੋਹਰ ਲਾ ਦੇਦਿਆ ਕਰਦਾ ਸੀ। ਤਾਂ ਕਿ ਕੋਈ ਇਸ ਵਿੱਚ ਕੋਈ ਮਿਲਾਵਟ,ਜ਼ਹਿਰ ਨਾ ਕੋਈ ਮਿਲਾ ਦੇਣ। ਫੇਰ ਜਦੋਂ ਥਾਲ਼ ਪਰੋਸਿਆ ਜਾਂਦਾ ਅਤੇ ਮੋਹਰ ਲਾ ਕੇ ਜ਼ੁੰਮੇਵਾਰ ਸ਼ਰਦਾਰਾਂ ਦੇ ਸਾਹਮਣੇ ਭੋਜਨ ਖੋਲਿਆ ਜਾਂਦਾ ਰਾਜਾ ਨਿਸਚਿੰਤ ਹੋ ਕੇ ਭੋਜਨ ਛਕਦਾ। ਬੱਸ ਉਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਣ ਕਰਕੇ ਮੋਹਰ ਲਗਾ ਦਿੱਤੀ ਕਿ ਐ ਗੁਰਸਿੱਖੋ ਇਸ ਵਿੱਚ ਕੋਈ ਮਿਲਾਵਟ ਨਹੀ। ਇਸ ਅੰਦਰ ਦੇ ਵੀਚਾਰਾਂ ਨੂੰ ਗ੍ਰਹਿਣ ਕਰੋ।

## ਰਾਗਮਾਲ਼ਾ

੧੪੨੯

ਸ੍ਰੀ ਗੁਰੂ ਗ੍ਰੰਥ ਸਾਬਿ ਜੀ ਦਾ ਆਖਰੀ ਸਿਰਲੇਖ ਹੈ। ਇਸ ਸਿਰਲੇਖ ਤੋਂ ਭਾਵ ਹੈ ਰਾਗ ਮਾਲਾ-ਰਾਗਾਂ ਦੀ ਮਾਲਾ,ਰਾਗਾਂ ਤਰਤੀਬ,ਰਾਗਾਂ ਦੀ ਲੜੀ।

{੧} ਇਸ ਦੇ ਅੰਦਰ ਇੱਕ ਗੱਲ ਬਹੁਤ ਧਿਆਨ ਨਾਲ ਦੇਖੋ ਕਿ ਇਸ ਰਚਨਾ ਦੇ ਅੰਦਰ 'ਮਹਲਾ ੧', 'ਮਹਲਾ ੨', 'ਮਹਲਾ ੩', 'ਮਹਲਾ ੪', 'ਮਹਲਾ ੫' ਆਦਿਕ ਕੋਈ ਵੀ ਲਫ਼ਜ਼ ਨਹੀਂ ਵਰਤਿਆ ਗਿਆ,ਜਿਸ ਤੋਂ ਪਾਠਕ ਇਹ ਨਿਰਣਾ ਕਰ ਸਕਣ ਕਿ ਇਹ ਕਿਸ ਗੁਰ-ਵਿਅਕਤੀ ਦੀ ਲਿਖੀ ਹੋਈ ਨਹੀਂ ਹੈ। ਸਾਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਕੋਈ ਸ਼ਬਦ ਸ਼ਲੋਕ ਆਦਿਕ ਦਰਜ ਨਹੀਂ ਹੈ, ਜਿਸ ਦੇ ਲਿਖਣ ਵਾਲੇ ਗੁਰ ਵਿਅਕਤੀ ਦਾ ਨਿਰਨਾ ਕਰਨਾ ਸਿੱਖਾਂ ਉਤੇ ਛੱਡਿਆ ਗਿਆ ਹੋਵੇ।

{੨} ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ, ਅਸ਼ਟਪਦੀਆਂ, ਛੰਤਾਂ ਨੂੰ ਧਿਆਨ ਨਾਲ ਵੇਖੋ। ਜਦੋਂ ਕਿਤੇ ਕੋਈ 'ਬੰਦ' ਖ਼ਤਮ ਹੁੰਦਾ ਹੈ ਤਾਂ ਉਸ ਦੇ ਅਖ਼ੀਰ ਤੇ 'ਅੰਕ' ਦਿੱਤਾ ਹੁੰਦਾ ਹੈ । ਉਸ 'ਬੰਦ' ਦਾ 'ਭਾਵ' ਆਪਣੇ ਆਪ ਵਿੱਚ ਮੁਕੰਮਲ ਹੁੰਦਾ ਹੈ। ਪਰ ਰਾਗ ਮਾਲਾ ਦੀ ਕਾਵਿ-ਬਣਤਰ ਵਿੱਚ ਇੱਕ ਅਨੋਖੀ ਗੱਲ ਵੇਖੀ ਜਾ ਰਹੀ ਹੈ । ਜਿੱਥੇ ਜਿੱਥੇ ਵੀ ਕੋਈ 'ਬੰਦ' ਮੁਕਾਇਆ ਹੈ, ਹਰ ਥਾਂ 'ਅੰਕ ੧' ਹੀ ਵਰਤਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅੰਕਾਂ ਦੀ ਕਿਤੇ ਵੀ ਇਸ ਢੰਗ ਨਾਲ ਨਹੀਂ ਹੈ । ਹਰ ਥਾਂ 'ਅੰਕ ੧' ਦਾ ਲਿਖਿਆ ਜਾਣਾ ਅੰਕਾਂ ਬਾਰੇ ਪਾਠਕ ਦੀ ਕੋਈ ਸਹਾਇਤਾ ਨਹੀਂ ਕਰਦਾ। ਇਹ ਸਮਝ ਨਹੀਂ ਪੈਂਦੀ ਕਿ ਅਖ਼ੀਰਲੇ ਅੰਕ '੧॥੧॥' ਦਾ ਕੀਹ ਭਾਵ ਹੈ।

{੩} ਛੇ ਰਾਗ—ਭੈਰਉ, ਮਾਲਕਉਸ, ਹਿੰਡੋਲ, ਦੀਪਕ, ਸਿਰੀਰਾਗ, ਮੇਘ। ਹਰੇਕ ਰਾਗ ਦੀਆਂ ਪੰਜ ਰਾਗਨੀਆਂ ।

ਕੁਲ ਰਾਗਣੀਆਂ—੩੦ । ਹਰੇਕ ਰਾਗ ਦੇ ਅੱਠ ਪੁੱਤਰ ।

ਛੇ ਰਾਗਾਂ ਦੇ ਕੁੱਲ ਪੁੱਤਰ—੪੮।

ਸਾਰਾਜੋੜ—੬+੩੦+੪੮=੮੪



Scanned by CamScanner

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਹੇਠ-ਲਿਖੇ ੩੧ ਰਾਗ ਹਨ—ਸਿਰੀਰਾਗ, ਮਾਝ, ਗਾਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਜੈਜਾਵੰਤੀ ।

ਇਹਨਾਂ ੩੧ ਤੋਂ ਇਲਾਵਾ ਹੇਠ-ਲਿਖੇ ੬ ਰਾਗ ਦੂਜੇ ਰਾਗਾਂ ਨਾਲ ਰਲਾਕੇ ਗਾਵਣ ਦੀ ਵੀ ਹਿਦਾਇਤ ਕੀਤੀ ਗਈ ਹੈ—ਲਲਿਤ, ਆਸਾਵਾਰੀ, ਹਿੰਡੋਲ, ਭੋਪਾਲੀ, ਬਿਭਾਸ, ਕਾਫ਼ੀ । 'ਆਸਾਵਰੀ', ਰਾਗ 'ਆਸਾ' ਦੇ ਵਿੱਚ ਹੀ ਦਰਜ ਹੈ ।

(੪) ਇਸ ਤਰ੍ਹਾਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੁੱਲ ੩੭ ਰਾਗ ਆ ਗਏ ।ਪਾਠਕਾਂ ਵਾਸਤੇ ਇਹ ਹੈਰਾਨੀ ਵਾਲੀ ਗੱਲ ਹੀ ਹੋਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕੁਝ ਰਾਗ ਇਸ 'ਰਾਗ ਮਾਲਾ' ਵਿੱਚ ਨਹੀਂ ਹਨ। ਹੋਰ ਬਥੇਰੇ ਰਾਗਾਂ ਦਾ ਜ਼ਿਕਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹਨ। ਇਹਨਾਂ ਗੱਲਾਂ ਨੂੰ ਧਿਅਨ ਰੱਖਣਾ ਪਵੇਗਾ।

(੫) ਕਿਸੇ ਵੀ ਇੱਕ ਗ੍ਰੰਥ ਦੀਆਂ ੨ ਰਾਗਮਾਲਾ ਨਹੀਂ ਹੋ ਸਕਦੀਆਂ।

(੬) ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੀ ਰਾਗਮਾਲਾ ਹੈ ਉਹ ਹੀ ਠੀਕ ਹੈ ਕਿਉਂਕਿ ਉਸ ਰਾਗਮ਼ਾਲਾ ਦੇ ਅੰਦਰ ਸਹੀ ਰਾਗਬੰਦ ਤਰੀਕੇ ਦੇ ਨਾਲ,ਰਾਗਾਂ ਦੀ ਤਰਤੀਬ,ਬਾਣੀਆਂ ਦੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਹੈ। ਇਸ ਰਾਗਮਾਲਾ ਦੇ ਅੰਦਰ ਉਹ ਤਰਤੀਬ ਨਹੀਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਹੋਣੀ ਚਾਹੀ ਦੀ ਹੈ।

(੭) ਇਹ ਮਾਧਵਨਲ ਕਾਮਕੰਦਲਾ ਦੀ ਲਿਖੀ ਹੋਈ ਰਾਗਮਾਲਾ ਦੀ ਕਾਪੀ ਹੈ।

(੮) ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥

(ਪੰਨਾ ੧੪੨੯-੧੪੩੦)

ਇਸ ਰਾਗਮਾਲਾ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲਾ ਰਾਗ ਭੈਰਉ ਰਾਗ ਹੋਣਾ ਚਾਹੀਦਾ ਹੈ। ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪਹਿਲਾ ਰਾਗ ਸ੍ਰੀ ਰਾਗ ਹੈ।



Scanned by CamScanner

ਰਾਗਮਾਲਾ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੇ ਪੰਨਾ ਨੰ: 13 'ਤੇ ਭੋਗ ਸਿਰਲੇਖ ਹੇਠ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ।

*(ਇਸ ਗੱਲ ਬਾਬਤ ਪੰਥ 'ਚ ਅਜੇ ਤਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)*



Scanned by CamScanner



[illegible]

[illegible]

[illegible]

# ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ

ਲੇਖਕ :
ਭਾਈ ਗੁਰਮੁੱਖ ਸਿੰਘ (ਗਿਆਨੀ)

ਪ੍ਰਕਾਸ਼ਕ :
**ਰਤਨ ਬ੍ਰਦਰਜ਼**
ਸੁਲਤਾਨਵਿੰਡ ਰੋਡ, ਅੰਮ੍ਰਿਤਸਰ
E-mail : rbamritsar@hotmail.com

Scanned by CamScanner

© *Writter*

# GURU GRANTH SAHIB VICHLE SIRLEKH

by

**Bhai Gurmukh Singh (Giani)**
Vill. & P.O. Dhandoe, Teh. Batala
Distt. Gurdaspur
M : 97796-12929, 74177-71300
**E-Mail : gyanigurmukhsinghkhalsa@gmail.com**

**Edition : 2013**

Scanned by CamScanner

# ਸਮਰਪਣ

ਜਾਗਤ ਜੋਤਿ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀ ਵਿਚਾਰਧਾਰਾ ਨੂੰ

Scanned by CamScanner

# ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ।।

ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ ਮਾਨਵਤਾ ਦੇ ਸਰਵ ਸਾਂਝੇ ਰਹਿਬਰ ਹਨ ਜੋ ਸਾਰੀ ਮਨੁੱਖਤਾ ਨੂੰ ਧਾਰਮਿਕ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਪਰਿਵਾਰਕ ਗੱਲ ਕੀ, ਹਰ ਕਿਸਮ ਦੀ ਅਗਵਾਈ ਮਨੁੱਖਾ ਜੀਵਨ ਨੂੰ ਸਫਲ ਕਰਨ ਲਈ ਹਰ ਸਮੇਂ ਬਖਸ਼ਿਸ਼ ਕਰਦੇ ਹਨ। ਪੁਰਾਤਨ ਸਮੇਂ ਵਿਚ ਹਿੰਦੁਸਤਾਨ ਵਿੱਚ ਵੀ ਅਨੇਕਾਂ ਧਾਰਮਿਕ ਗ੍ਰੰਥ ਰਚੇ ਅਤੇ ਸੰਸਾਰ ਦੇ ਹੋਰ ਦੇਸ਼ਾਂ ਵਿਚ ਵੀ ਧਾਰਮਿਕ ਗ੍ਰੰਥਾਂ ਦੀ ਕੋਈ ਘਾਟ ਨਹੀਂ, ਭਾਂਵੇ ਉਹ ਸਾਰੇ ਗ੍ਰੰਥ ਸਤਿਕਾਰਯੋਗ ਹਨ ਪਰ ਉਨ੍ਹਾਂ ਗ੍ਰੰਥਾਂ ਵਿੱਚ ਉਸ ਧਰਮ ਨਾਲ ਸੰਬੰਧਿਤ ਮਹਾਂਪੁਰਸ਼ਾਂ ਦਾ ਉਪਦੇਸ਼ ਹੀ ਮਿਲਦਾ ਹੈ ਅਤੇ ਉਹ ਉਪਦੇਸ਼ ਵੀ ਸੰਬੰਧਿਤ ਕੌਮਾਂ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ। ਉਸਦੇ ਮੁਕਾਬਲੇ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਹਰ ਮਨੁੱਖ ਲਈ ਸਰਵ-ਸਾਂਝਾ ਹੈ ।ਬਾਕੀ ਧਾਰਮਿਕ ਗ੍ਰੰਥਾਂ ਦੇ ਮੁਕਾਬਲੇ ਤੇ ਸੰਸਾਰ ਦਾ ਇੱਕੋ ਇੱਕ ਧਾਰਮਿਕ ਗ੍ਰੰਥ ਹੈ ਜਿਸ ਵਿੱਚ ਵੱਖ-ਵੱਖ ਕੌਮਾਂ, ਵੱਖ-ਵੱਖ ਸ਼ਕਲਾਂ ਅਤੇ ਵੱਖ-ਵੱਖ ਬੋਲੀਆਂ ਵਾਲੇ 35 ਮਹਾਂਪੁਰਸ਼ਾਂ ਦੀ ਬਾਣੀ ਦਰਜ ਕੀਤੀ ਗਈ ਹੈ ।ਇੱਥੇ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**

ਵਾਲੇ ਸਿਧਾਂਤ ਨੂੰ ਅਮਲੀ ਜਾਮਾਂ ਪਹਿਨਾਇਆ ਗਿਆ ਹੈ। ਪਿਛਲੇ ਹਜ਼ਾਰਾਂ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਾ ਕੋਈ ਗ੍ਰੰਥ ਨਾ ਹੋਂਦ ਵਿਚ ਆਇਆ ਅਤੇ ਨਾ ਹੀ ਆ ਸਕਦਾ ਹੈ। ਕਿਉਂਕਿ ਸੰਸਾਰ ਦੇ ਹਰ ਧਰਮ ਗ੍ਰੰਥ ਉਹਨਾਂ ਦੇ ਧਰਮ ਬਾਨੀਆਂ ਤੋਂ ਸਦੀਆਂ ਬਾਅਦ ਉਨ੍ਹਾਂ ਦੇ ਚੇਲਿਆਂ ਵਲੋਂ ਲਿਖੇ ਗਏ ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਆਪ ਸੰਭਾਲਿਆ, ਆਪ ਹੀ ਸੰਪਾਦਿਤ ਕੀਤਾ ਅਤੇ ਆਪ ਹੀ ਗੁਰਗੱਦੀ ਤੇ ਬਿਰਾਜਮਾਨ ਕਰਕੇ ਸੰਸਾਰ ਨੂੰ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਹਮੇਸ਼ਾਂ ਲਈ ਲਾ ਦਿੱਤਾ। ਹੁਣ ਰਹਿੰਦੀ ਦੁਨੀਆਂ ਤੱਕ ਸਿੱਖਾਂ ਦਾ ਹੀ ਨਹੀਂ ਬਲਕਿ ਸਮੁੱਚੇ ਸੰਸਾਰ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹੋਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਵਿੱਚ :

**ਆਪ ਆਪਣੀ ਬੁਧਿ ਹੈ ਜੇਤੀ ਬਰਨਤ ਭਿੰਨ ਭਿੰਨ ਤੁਹਿ ਤੇਤੀ॥**

ਦੇ ਮਹਾਂਵਾਕ ਅਨੁਸਾ ਹਜ਼ਾਰਾਂ ਹੀ ਵਿਦਵਾਨਾਂ ਵਲੋਂ ਹਜ਼ਾਰਾਂ ਹੀ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ, ਪਰ ਸ਼ਬਦ ਗੁਰੂ ਜੀ ਦਾ ਕੋਈ ਅੰਤ ਨਹੀਂ ਪਾ



Scanned by CamScanner

ਸਕਿਆ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਗਿਆਨ ਦਾ ਵਿਸ਼ਾਲ ਸਾਗਰ ਹਨ, ਜਿਵੇਂ ਅਕਾਸ਼ ਨੂੰ ਕਲਾਵੇ ਵਿੱਚ ਲੈਣਾ ਮੁਸ਼ਕਿਲ ਹੈ, ਸੂਰਜ ਦੀ ਦੂਰੀ ਨੂੰ ਗਜਾਂ ਵਿਚ ਨਹੀਂ ਨਾਪਿਆ ਜਾ ਸਕਦਾ, ਅਥਾਹ ਸਾਗਰ ਦੀ ਡੂੰਘੀ ਤਹਿ ਵਿਚੋਂ ਆਬਦਾਰ ਮੋਤੀ ਕੱਢਣੇ ਮੁਸ਼ਕਿਲ ਹਨ, ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿੱਚੋਂ ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ, ਬ੍ਰਹਮ ਗਿਆਨ, ਜੀਵਨ ਦੀਆਂ ਅਟੱਲ ਸਚਾਈਆਂ ਅਤੇ ਅਧਿਆਤਮਵਾਦ ਦੇ ਜੋ ਪਰਮ ਤੱਤ ਕਥਨ ਕੀਤੇ ਗਏ ਹਨ ਉਨ੍ਹਾਂ ਨੂੰ ਕਲਮਬੰਦ ਕਰਨਾ ਬਹੁਤ ਅਸੰਭਵ ਹੈ। ਅਨੇਕਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਮਨੁੱਖਾਂ ਜੀਵਨ ਵਿੱਚ ਆ ਰਹੀਆਂ ਸਮੱਸਿਆਵਾਂ ਦੇ ਹੱਲ "ਗੁਰਬਾਣੀ" ਵਿੱਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ ਅਤੇ ਗੁਰਬਾਣੀ ਵਿੱਚ ਆਏ ਹੋਏ ਗੁੱਝੇ ਭਾਵਾਂ ਨੂੰ ਸਮਝਣ ਦੇ ਲਈ ਪੁਸਤਕਾਂ ਲਿਖਣ ਦਾ ਉਪਰਾਲਾ ਵੀ ਕੀਤਾ ਹੈ। ਜਿਵੇਂ ਕੌਮੀ ਵਿਦਵਾਨਾਂ ਵਲੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚਾਰ ਕੋਸ਼, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਨਾਵਾਂ ਤੇ ਥਾਵਾਂ ਦਾ ਸੰਕੇਤ ਕੋਸ਼, ਗੁਰਮਤਿ ਮਾਰਤੰਡ, ਗੁਰਮਤਿ ਸੁਧਾਕਰ ਅਤੇ ਗੁਰਮਤਿ ਪ੍ਰਭਾਕਰ ਆਦਿ ਗ੍ਰੰਥ ਹੋਂਦ ਵਿੱਚ ਆਏ ਹਨ। ਉਸੇ ਤਰ੍ਹਾਂ ਭਾਈ ਸਾਹਿਬ ਭਾਈ ਗੁਰਮੁੱਖ ਸਿੰਘ ਜੀ ਸਾਬਕਾ ਵਿਦਿ: ਸਿੱਖ ਮਿਸ਼ਨਰੀ ਕਾਲਜ, ਸ਼੍ਰੀ ਅਨੰਦਪੁਰ ਸਾਹਿਬ (ਮੁੱਖ ਦਫਤਰ, ਲੁਧਿਆਣਾ) ਅਤੇ ਹੁਣ ਸ਼੍ਰੋ:ਗੁ:ਪ੍ਰ:ਕਮੇਟੀ ਦੇ ਵਿਦਵਾਨ ਪ੍ਰਚਾਰਕ ਜੀ ਨੇ "ਸ੍ਰੀ ਗੁਰੂ ਗ੍ਰੰਥ ਵਿਚਲੇ ਸਿਰਲੇਖ" ਵਿਸ਼ੇ ਤੇ ਪੁਸਤਕ ਲਿਖਕੇ ਵਡਮੁੱਲੀ ਸੇਵਾ ਕੀਤੀ ਹੈ। ਜਿਵੇਂ ਇੱਕ ਪੁੱਤਰ ਨੂੰ ਆਪਣੇ ਪਿਤਾ ਬਾਰੇ ਪੂਰੀ ਜਾਣਕਾਰੀ ਹੋਣੀ ਜਰੂਰੀ ਹੈ ਉਸੇ ਤਰ੍ਹਾਂ ਹਰ ਸਿੱਖ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵੀ ਸੰਪੂਰਨ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ। ਸਿੱਖ ਨੇ ਕੇਵਲ ਆਪ ਹੀ ਜਾਣਕਾਰੀ ਹਾਸਿਲ ਨਹੀਂ ਕਰਨੀ ਸਗੋਂ ਸ਼੍ਰੀ ਗੁਰੂ ਗ੍ਰੰਥ ਰਾਮਦਾਸ ਜੀ ਦਾ ਹੁਕਮ ਹੈ :

**ਆਪਿ ਜਪਹੁ ਅਵਰਾ ਨਾਮੁ ਜਪਾਵਹੁ**

ਸੋ ਭਾਈ ਸਾਹਿਬ ਜੀ ਨੇ ਇਹ ਪੁਸਤਕ ਲਿਖਕੇ ਖਾਲਸਾ ਪੰਥ ਦੇ ਧਰਮ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਸ਼ਾਇਦ ਐਸੇ ਗੁਰਸਿੱਖਾਂ ਬਾਰੇ ਹੀ ਸ਼੍ਰੀ ਗੁਰੂ ਅਰਜਨ ਦੇਵ ਜੀ ਫੁਰਮਾਣ ਕਰਦੇ ਹਨ :

**ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥**

ਸੋ ਅੰਤ ਵਿੱਚ ਮੈਂ ਜਿੱਥੇ ਭਾਈ ਗੁਰਮੁੱਖ ਸਿੰਘ ਜੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਾ ਹਾਂ ਉਥੇ ਵੱਧ ਤੋਂ ਵੱਧ ਸਿੱਖ ਸੰਗਤਾਂ ਨੂੰ ਇਸ ਖੋਜ ਭਰਪੂਰ ਪੁਸਤਕ ਤੋਂ ਲਾਭ ਉਠਾਉਣ ਦੀ ਅਪੀਲ ਵੀ ਕਰਦਾ ਹਾਂ। ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਸੱਚੇ ਪਾਤਿਸ਼ਾਹ ਇਸ ਵਿਦਵਾਨ ਤੇ ਉਤਸ਼ਾਹੀ, ਨੌਜਵਾਨ ਸਿੱਖ ਪ੍ਰਚਾਰਕ ਨੂੰ ਆਪਣੇ ਉੱਚੇ ਸੁੱਚੇ ਜੀਵਨ ਕਿਰਦਾਰ ਰਾਹੀਂ ਵੱਧ ਤੋਂ ਵੱਧ



Scanned by CamScanner

ਧਰਮ ਪ੍ਰਚਾਰ ਕਰਨ ਦੀ ਬਲ-ਬੁੱਧੀ ਤੇ ਸਮਰੱਥਾ ਬਖਸ਼ਿਸ਼ ਕਰਨ ਤਾਂ ਕਿ ਇਹ ਆਪ ਸ਼ਬਦ ਗੁਰੂ ਜੀ ਦੇ ਚਰਨਾਂ ਨਾਲ ਜੁੜ ਕੇ ਆਪਣਾ ਜਨਮ ਵੀ ਸਫਲਾ ਕਰ ਸਕੇ ਅਤੇ ਹੋਰ ਗੁਰੂ ਪਿਆਰਿਆਂ ਨੂੰ ਗੁਰੂ ਚਰਨਾਂ ਨਾਲ ਜੋੜਕੇ ਉਨ੍ਹਾਂ ਦੇ ਮਨੁੱਖਾ ਜਨਮ ਵੀ ਸਫਲਾ ਕਰਨ ਵਿੱਚ ਸਹਾਈ ਹੋ ਸਕੇ।

ਗੁਰੂ ਗ੍ਰੰਥ ਤੇ ਗੁਰੂ ਪੰਥ ਦਾ ਦਾਸ :

**ਸੁਰਿੰਦਰ ਸਿੰਘ**

ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਅਤੇ

ਮੈਂਬਰ ਸ਼੍ਰੋ:ਗੁ: ਪ੍ਰ: ਕਮੇਟੀ, ਸ੍ਰੀ ਅਨੰਦਪੁਰ ਸਾਹਿਬ।



Scanned by CamScanner

# ਲੇਖਕ ਦੀ ਕਲਮ ਤੋਂ....

ਕਈ ਵਾਰ ਸਹਿਜ ਪਾਠ ਕਰਨ ਵਾਲਿਆਂ, ਜਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਦਾ ਪਾਠ ਕਰਨ ਵਾਲਿਆਂ ਨਾਲ ਵਿਚਾਰ ਕਰਨੀ ਤਾਂ ਅਕਸਰ ਉਹਨਾਂ ਦਾ ਸੁਆਲ ਹੁੰਦਾ ਸੀ ਕਿ, 'ਗਿਆਨੀ ਜੀ! ਸਾਨੂੰ ਕਈ ਵਾਰ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਿਰਲੇਖਾਂ ਬਾਰੇ ਪਤਾ ਨਹੀਂ ਲੱਗਾ ਅਤੇ ਨਾ ਹੀ ਸਮਝ ਆਉਂਦੀ ਹੈ ਕਿ ਇਹਨਾਂ ਦਾ ਅੰਤਰੀਵ ਭਾਵ ਕੀ ਹੈ? ਸਮਾਂ ਇੰਨੀ ਤੇਜ਼ੀ ਨਾਲ ਚੱਲਦਾ ਹੈ ਕਿ ਵਾਹਿਗੁਰੂ ਦੇ ਉੱਦਮ ਸਦਕਾ ਘੜੀ ਕੱਢ ਕੇ ਬਾਣੀ ਪੜੀਦੀ ਹੈ, ਪਰ ਵਿਸਥਾਰ ਵਿੱਚ ਜਾ ਕੇ ਵੱਡੇ-ਵੱਡੇ ਗ੍ਰੰਥ ਫਰੋਲਣ ਦਾ ਸਮਾਂ ਨਹੀਂ ਕਿ ਇਹਨਾਂ ਬਰੀਕੀਆਂ ਨੂੰ ਜਾਣ ਸਕੀਏ। ਕਿੰਨਾ ਅੱਛਾ ਹੋਵੇ, ਕਿ ਕੋਈ ਅਜਿਹੀ ਛੋਟੇ ਰੂਪ ਵਿਚ ਕਿਤਾਬ ਮਿਲ ਜਾਵੇ ਜੋ ਸੰਖੇਪ ਵਿੱਚ ਵੀ ਬਹੁਤ ਕੁਝ ਇਹਨਾਂ ਸਿਰਲੇਖਾਂ ਬਾਰੇ ਦੱਸਦੀ ਹੋਵੇ।'

ਆਰੰਭਿਕ ਸਮੇਂ ਵਿੱਚ ਜਦੋਂ ਆਪ ਵੀ ਕਦੇ ਬਾਣੀ ਪੜ੍ਹਦੇ ਹੁੰਦੇ ਸੀ ਤਾਂ ਅਜਿਹੀ ਮੁਸ਼ਕਿਲ ਨਿੱਜੀ ਤੌਰ ਤੇ ਵੀ ਅਨੁਭਵ ਕੀਤੀ ਸੀ, ਸੋ ਅਕਾਲ ਪੁਰਖ ਦੀ ਕ੍ਰਿਪਾ ਨਾਲ ਮਨ ਵਿੱਚ ਫੁਰਨਾ ਫੁਰਿਆ ਕਿ ਕਿਉਂ ਨਾ ਕੁੱਝ ਇਸੇ ਸਬੰਧ ਵਿੱਚ ਲਿਖ ਕੇ ਕੌਮ ਦੀ ਝੋਲੀ ਵਿੱਚ ਪਾਇਆ ਜਾਵੇ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਿਰਲੇਖਾਂ ਨੂੰ ਵਿਸਥਾਰ ਸਹਿਤ ਦੱਸਿਆ ਜਾ ਸਕੇ। ਤਾਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਕਾਰਜ ਆਰੰਭ ਦਿੱਤਾ ਗਿਆ। ਲਗਭਗ ਦੋ ਤੋਂ ਤਿੰਨ ਸਾਲਾਂ ਦਾ ਸਮਾਂ ਲੱਗਣ ਤੋਂ ਬਾਅਦ ਅੱਜ ਵਾਹਿਗੁਰੂ ਨੇ ਮਿਹਰ ਕੀਤੀ ਕਿ ਅੱਜ ਹੱਥਲੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ' ਪਾਠਕਾਂ ਅਤੇ ਸਿੱਖ ਸੰਗਤ ਦੇ ਰੂ-ਬ-ਰੂ ਕਰ ਸਕਿਆਂ ਹਾਂ।

ਨਾ ਤਾਂ ਮੈਂ ਵਿਦਵਾਨ ਹਾਂ ਨਾ ਹੀ ਕੋਈ ਲੇਖਕ, ਬੱਸ ਇੱਕ ਸਿੱਖ ਹੋਣ ਦੇ ਨਾਤੇ ਸਿੱਖ ਸੱਜਣਾਂ ਦੀਆਂ ਭਾਵਨਾਵਾਂ ਦੇ ਅਧਾਰ ਤੇ ਹੀ ਇਸ ਪੁਸਤਕ ਨੂੰ ਤਿਆਰ ਕੀਤਾ ਗਿਆ ਹੈ, ਗੁਰਬਾਣੀ ਜਿਹੇ ਮਹਾਨ ਵਿਸ਼ੇ ਦੇ ਸਬੰਧ ਵਿੱਚ ਕੰਮ ਕਰਨ ਲੱਗਿਆਂ ਨਾ ਚਾਹੁੰਦਿਆਂ ਹੋਇਆਂ ਵੀ ਅਚੇਤ ਮਨ ਵਿੱਚ ਕੋਈ ਨਾ ਕੋਈ ਗਲਤੀ, ਭੁੱਲ ਇਸ ਪੁਸਤਕ ਵਿੱਚ ਅਣਜਾਣੇ ਵਿੱਚ ਹੋ ਗਈ ਹੋਵੇ ਤਾਂ ਅਗਾਊਂ ਹੀ ਦਾਸ ਖਿਮਾ ਦਾ ਜਾਚਕ ਹੈ।

ਪਾਠਕਾਂ, ਬੁੱਧੀਜੀਵੀਆਂ ਅਤੇ ਸਿੱਖ ਸੱਜਣਾਂ ਦੇ ਚਰਨਾਂ ਵਿੱਚ ਇਹੀ ਨਿਮਰ



Scanned by CamScanner

ਬੇਨਤੀ ਹੈ ਕਿ ਭੁੱਲਾਂ ਨੂੰ ਨਾ ਚਿਤਾਰਦੇ ਹੋਇ, ਇਸ ਬੱਚੇ ਨੂੰ ਭਵਿੱਖ ਵਿੱਚ ਵੀ ਕੌਮੀ ਕਾਰਜ ਕਰਦੇ ਰਹਿਣ ਲਈ ਹੌਂਸਲਾ ਦੇਣਾ ਅਤੇ ਪੁਸਤਕ ਸਬੰਧੀ ਆਪਣੇ ਨਿੱਜੀ ਵਿਚਾਰ, ਅਨੁਭਵ ਜ਼ਰੂਰ ਸਾਂਝੇ ਕਰਨਾ, ਹਰ ਤਰ੍ਹਾਂ ਦੇ ਉਸਾਰੂ ਵਿਚਾਰ ਨੂੰ ਜੀ ਆਇਆ ਆਖਿਆ ਜਾਵੇਗਾ। ਉਮੀਦ ਹੈ ਕਿ ਦਾਸ ਦੀ ਪਹਿਲੀ ਕੋਸ਼ਿਸ਼ ਸਿੱਖ ਕੌਮ ਦੀ ਕਸਵੱਟੀ ਤੇ ਖਰੀ ਉਤਰੇਗੀ। ਧੰਨਵਾਦ।

ਗੁਰੂ ਪੰਥ ਦਾ ਦਾਸ

**ਭਾਈ ਗੁਰਮੁੱਖ ਸਿੰਘ (ਗਿਆਨੀ)**

ਪਿੰਡ ਤੇ ਡਾਕ. ਧੰਦੋਈ, ਤਹਿ ਬਟਾਲਾ

ਜ਼ਿਲ੍ਹਾ ਗੁਰਦਾਸਪੁਰ।

ਮੋ. 97796-12929, 74177-71300

E-Mail : gyanigurmukhsinghkhalsa@gmail.com



Scanned by CamScanner

# ਧੰਨਵਾਦੀ ਸ਼ਬਦ

ਹੱਥਲੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ' ਅੱਜ ਸਮੁੱਚੀ ਕੌਮ ਨੂੰ ਸਪਰਪਣ ਕਰਦਾ ਹੋਇਆ ਬੜਾ ਮਾਣ ਅਤੇ ਖੁਸ਼ੀ ਮਹਿਸੂਸ ਕਰਦਾ ਹੋਇਆ, ਪਾਠਕਾਂ ਨੂੰ ਉਹਨਾਂ ਮਹਾਨ ਆਤਮਾਵਾਂ ਦੇ ਨਾਲ ਜ਼ਰੂਰ ਹੂ-ਬ-ਹੂ ਕਰਨਾ ਚਾਹਵਾਂਗਾ ਜਿਹਨਾਂ ਦੇ ਸਹਿਯੋਗ ਨਾਲ ਅੱਜ ਇਹ ਪੁਸਤਕ ਆਪ ਜੀ ਦੇ ਹੱਥਾਂ ਦਾ ਸ਼ਿੰਗਾਰ ਬਣੀ ਹੈ।

ਪਹਿਲ ਦੇ ਅਧਾਰ 'ਤੇ ਸ੍ਰਿਸ਼ਟੀ ਦੇ ਕਰਤਾ ਅਕਾਲ ਪੁਰਖ ਦਾ ਧੰਨਵਾਦੀ ਹਾਂ ਜਿਸਨੇ ਆਪਣਾ ਸੇਵਕ ਜਾਣ ਕੇ ਦਾਸ ਕੋਲੋਂ ਇਹ ਸੇਵਾ ਕਰਵਾਈ ਹੈ। ਉਸਦੇ ਨਾਲ ਹੀ ਆਪਣੇ ਸਤਿਕਾਰਯੋਗ ਮਾਤਾ-ਪਿਤਾ ਅਤੇ ਧਰਮ ਪਤਨੀ ਕੰਵਲਜੀਤ ਕੌਰ ਦਾ ਰਿਣੀ ਹਾਂ ਜਿਹਨਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਮੈਨੂੰ ਪੂਰਨ ਸਹਿਯੋਗ ਦਿੱਤਾ।

ਹਾਲੈਂਡ ਦੇ ਪ੍ਰਸਿੱਧ ਰੇਡੀਉ 'ਦਿਲ ਆਪਣਾ ਪੰਜਾਬੀ' ਦੇ ਸ੍ਰ. ਹਰਜੋਤ ਸਿੰਘ ਸੰਧੂ ਅਤੇ ਉਹਨਾਂ ਦੀ ਸਮੁੱਚੀ ਟੀਮ ਦੇ ਨਾਲ, ਰੇਡੀਉ ਦੇ ਆਜੀਜ਼ ਸਰੋਤੇ ਜਿਨ੍ਹਾਂ ਵੱਲੋਂ ਮਿਲੇ ਪਿਆਰ, ਉਤਸ਼ਾਹ, ਸਤਿਕਾਰ ਅਤੇ ਸਹਿਯੋਗ ਸਦਕਾ ਅੱਜ ਇਹ ਪੁਸਤਕ ਸਿੱਖ ਕੌਮ ਦੀ ਝੋਲੀ ਵਿੱਚ ਪਾਈ ਜਾ ਸਕੀ ਹੈ।

ਵਿਸ਼ੇਸ਼ ਧੰਨਵਾਦੀ ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪ੍ਰਿੰ. ਸੁਰਿੰਦਰ ਸਿੰਘ ਜੀ, ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਵਾਲਿਆਂ ਨੇ ਜਿਨ੍ਹਾਂ ਨੇ ਆਪਣੇ ਕੀਮਤੀ ਰੁਝੇਵਿਆਂ ਭਰੇ ਸਮੇਂ ਵਿੱਚੋਂ ਸਮਾਂ ਕੱਢ ਕੇ ਪੁਸਤਕ ਸਬੰਧੀ ਆਪਣੇ ਵਿਚਾਰ ਦੇ ਕੇ ਧੰਨਵਾਦੀ ਬਣਾਇਆ ਹੈ।

ਸਤਿਕਾਰਯੋਗ ਕੁਲਬੀਰ ਸਿੰਘ ਜੀ ਗ੍ਰੰਥੀ ਜਿਨ੍ਹਾਂ ਨੇ ਕਿਤਾਬ ਦੀ ਪਰੂਫ ਰੀਡਿੰਗ ਕਰਕੇ, ਇਸ ਵਿਚਲੀਆਂ ਕਈ ਸ਼ਾਬਦਿਕ ਗਲਤੀਆਂ ਨੂੰ ਦਰੁਸੱਤ ਕੀਤਾ ਹੈ ਉਨ੍ਹਾਂ ਦਾ ਮੈਂ ਦਿਲੋਂ ਰਿਣੀ ਹਾਂ।

**ਭਾਈ ਗੁਰਮੁੱਖ ਸਿੰਘ (ਗਿਆਨੀ)**



Scanned by CamScanner

# ਤਰਤੀਬ


| | | | |
|---|---|---|---|
| ਮੂਲ ਮੰਤਰ | 15 | ਰਾਗੁ ਗੂਜਰੀ | 38 |
| ੧ਓ | 15 | ਰਾਗੁ ਦੇਵਗੰਧਾਰੀ | 39 |
| ਸਤਿਨਾਮੁ | 16 | ਰਾਗੁ ਬਿਹਾਗੜਾ | 39 |
| ਕਰਤਾ | 16 | ਰਾਗੁ ਵਡਹੰਸੁ | 39 |
| ਪੁਰਖੁ | 17 | ਰਾਗੁ ਸੋਰਠਿ | 39 |
| ਨਿਰਭਉ | 17 | ਰਾਗੁ ਧਨਾਸਰੀ | 40 |
| ਨਿਰਵੈਰੁ | 18 | ਰਾਗੁ ਧਨਾਸਰੀ | 40 |
| ਅਕਾਲ ਮੂਰਤਿ | 18 | ਰਾਗੁ ਟੋਡੀ | 40 |
| ਅਜੂਨੀ | 19 | ਰਾਗੁ ਬੈਰਾੜੀ | 40 |
| ਸੈਭੰ | 19 | ਰਾਗੁ ਤਿਲੰਗ | 41 |
| ਗੁਰਪ੍ਰਸਾਦਿ ॥ | 19 | ਰਾਗੁ ਸੂਹੀ | 41 |
| ਜਪੁ | 19 | ਰਾਗੁ ਬਿਲਾਵਲੁ | 41 |
| ਸੋ ਦਰੁ | 20 | ਰਾਗੁ ਗੌਂਡ | 42 |
| ਸੋ ਪੁਰਖੁ | 20 | ਰਾਗੁ ਰਾਮਕਲੀ | 42 |
| ਸੋਹਿਲਾ | 21 | ਰਾਗੁ ਨਟ ਨਾਰਾਇਨ | 42 |
| ਰਾਗੁ | 22 | ਰਾਗੁ ਮਾਲੀ ਗਉੜਾ | 43 |
| ਰਾਗਾਂ ਦੀ ਤਰਤੀਬ ਬਾਰੇ | 23 | ਰਾਗੁ ਮਾਰੂ | 44 |
| ਸ਼ਬਦ | 24 | ਰਾਗੁ ਤੁਖਾਰੀ | 44 |
| 2. ਅਸਟਪਦੀਆਂ/ਅਸਟਪਦੀ | 25 | ਰਾਗੁ ਕੇਦਾਰਾ | 44 |
| 3. ਛੰਤ/ਛਕੇ | 25 | ਰਾਗੁ ਭੈਰਉ | 44 |
| 4. 'ਵਾਰ' | 26 | ਰਾਗੁ ਬਸੰਤੁ | 45 |
| 5. ਭਗਤਾਂ ਦੀ ਬਾਣੀ | 30 | ਰਾਗੁ ਸਾਰਗ | 45 |
| ਮਹਲਾ ਪਹਿਲਾ ੧ ਘਰੁ ੧ | 30 | ਰਾਗੁ ਮਲਾਰ | 45 |
| ਮਹਲੁ/ਮਹਲਾ | 31 | ਰਾਗੁ ਕਾਨੜਾ | 46 |
| ਰਹਾਉ | 34 | ਰਾਗੁ ਕਲਿਆਨ | 46 |
| ਘਰੁ/ਘਰ | 35 | ਰਾਗੁ ਜੈਜਾਵੰਤੀ | 47 |
| ਸਿਰੀ ਰਾਗੁ | 36 | ਗਉੜੀ ਗੁਆਰੇਰੀ | 47 |
| ਰਾਗੁ ਮਾਝ | 37 | ਗਉੜੀ ਚੇਤੀ | 48 |
| ਰਾਗੁ ਗਉੜੀ | 38 | ਗਉੜੀ ਬੈਰਾਗਣਿ | 48 |
| ਰਾਗੁ ਆਸਾ | 38 | ਗਉੜੀ ਮਾਲਵਾ | 48 |




Scanned by CamScanner

| | | | |
|---|---|---|---|
| ਗਉੜੀ ਮਾਝ | 48 | ਕੁਚਜੀ | 77 |
| ਗਉੜੀ ਦੱਖਣੀ | 49 | ਸੁਚਜੀ | 78 |
| ਗਉੜੀ ਮਾਲਾ | 49 | ਗੁਣਵੰਤੀ | 78 |
| ਗਉੜੀ ਪੂਰਬੀ ਦੀਪਕੀ | 49 | ਯਾਨੜੀਏ ਕੈ ਘਰਿ ਗਾਵਣਾ | 78 |
| ਹਿੰਡੋਲ | 49 | ਅਨੰਦ | 79 |
| ਭੋਪਾਲੀ | 50 | ਸਦ | 80 |
| ਬਿਭਾਸ | 50 | ਰੁਤੀ ਸਲੋਕੁ | 80 |
| ਧੁਨੀ | 51 | ਰਾਮਕਲੀ ਮਹਲਾ ੧ | |
| ਗਉੜੀ ਕੀ ਵਾਰ ਮਹਲਾ ੫ | 52 | ਦਖਣੀ ਓਅੰਕਾਰ | 81 |
| ਆਸਾ ਮਹਲਾ ੧ ॥ | 53 | ਸਿਧ ਗੋਸਟਿ | 82 |
| ਟੁੰਡੇ ਅਸਰਾਜੇ ਕੀ ਧੁਨੀ ॥ | 54 | ਕਾਫੀ | 86 |
| ਗੂਜਰੀ ਕੀ ਵਾਰ ਮਹਲਾ ੩ | 55 | ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ | 87 |
| ਵਡਹੰਸ ਕੀ ਵਾਰ ਮਹਲਾ ੪ | 56 | ਇਕਪਦੇ/ਇੱਕਪਦਾ,ਦੁਪਦੇ/ਦੁਪਦਾ, | |
| ਰਾਮਕਲੀ ਕੀ ਵਾਰ ਮਹਲਾ ੩॥ | 57 | ਤਿਪਦੇ/ਤਿਪਦਾ,ਚਉਪਦਾ,ਪੰਚਪਦਾ | 88 |
| ਸਾਰੰਗ ਕੀ ਵਾਰ ਮਹਲਾ ੪ | 58 | ਸੁਗੰਧ | 89 |
| ਵਾਰ ਮਲਾਰ ਕੀ ਮਹਲਾ ੧ | 59 | ਮੰਗਲ | 89 |
| ਕਾਨੜੇ ਕੀ ਵਾਰ ਮਹਲਾ ੪ | 60 | ਡਖਣੇ | 90 |
| ਰਾਮਕਲੀ ਕੀ ਵਾਰ | 61 | ਅੰਜੁਲੀਆ/ਅੰਜੁਲੀ | 90 |
| ਸੁਧੁ/ਸੁਧੁ ਕੀਚੈ | 62 | ਸੋਲਹੇ | 91 |
| ਪਹਰੇ | 64 | ਪੜਤਾਲ | 91 |
| ਵਣਜਾਰਾ | 65 | ਪਉੜੀ ਨਵੀ ਮਃ ੫ ॥ | 93 |
| ਏਕੁ ਸੁਆਨੁ ਕੈ ਘਰਿ ਗਾਵਣਾ ॥ | 65 | ਸਹਸਕ੍ਰਿਤੀ /ਸਹਸਕ੍ਰਿਤੀ | 94 |
| ਬਾਰਹਮਾਹਾ | 66 | ਗਾਥਾ | 95 |
| ਦਿਨ ਰੈਣਿ | 69 | ਫੁਨਹੇ | 95 |
| ਕਰਹਲੇ | 69 | ਚਉਬੋਲੇ | 96 |
| ਬਾਵਨ ਅਖਰੀ | 70 | ਸਲੋਕ ਭਗਤ ਕਬੀਰ ਜੀਉ ਕੇ | 97 |
| ਸੁਖਮਨੀ | 70 | ਸਲੋਕ ਸੇਖ ਫਰੀਦ ਕੇ | 97 |
| ਥਿਤੀ/ਥਿੰਤੀ | 71 | ਸਵਯੇ /ਸਵਈਏ | 98 |
| ਸਾਤ ਵਾਰ | 72 | ਰਡ | 99 |
| ਬਿਰਹੜੇ ਛੰਤਾਂ ਕੀ ਜਤਿ | 72 | ਝੋਲਨਾ ॥ | 99 |
| ਪਟੀ ਲਿਖੀ/ਪੱਟੀ | 73 | ਸਲੋਕ ਵਾਰਾਂ ਤੇ ਵਧੀਕ | 99 |
| ਘੋੜੀਆ | 73 | ਮੁੰਦਾਵਣੀ ਮਹਲਾ ੫ | 100 |
| ਅਲਾਹਣੀਆ | 74 | ਰਾਗਮਾਲਾ | 102 |
| ਆਰਤੀ | 76 | | |




Scanned by CamScanner

ੴ ਸਤਿਗੁਰ ਪ੍ਰਸਾਦਿ॥

# ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖ

## ਮੂਲ ਮੰਤਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਪਹਿਲਾਂ ਮੰਗਲਾ ਚਰਨ ਦੇ ਰੂਪ ਵਿੱਚ ੴ ਤੋਂ ਲੈ 'ਗੁਰ ਪ੍ਰਸਾਦਿ' ਤੱਕ ਮੂਲ-ਮੰਤਰ ਹੈ। ਜੋ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਪ੍ਰਵਾਨਿਤ ਹੈ। ਇਹ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿੱਚ ਉਸੇ ਤਰ੍ਹਾਂ ਲਿਖਿਆ ਗਿਆ ਹੈ। ਜਿਵੇਂ ਹਰੇਕ 'ਰਾਗ' ਦੇ ਸ਼ੁਰੂ ਵਿੱਚ ਦਰਜ ਕੀਤਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ੩੩ ਵਾਰ ਆਉਂਦਾ ਹੈ। ਇਸ ਮੂਲ ਮੰਤਰ ਦੀ ਵਿਆਖਿਆ ਭਾਈ ਗੁਰਦਾਸ ਜੀ ਕੀਤੀ ਹੈ:-

ਏਕਾ ਏਕੰਕਾਰ ਲਿਖ ਦਿਖਾਲਿਆ॥ ਊੜਾ ਓਅੰਕਾਰ ਪਾਸ ਬਹਾਲਿਆ॥ ਸਤਿਨਾਮ ਕਰਤਾਰ ਨਿਰਭਉ ਭਾਲਿਆ॥ ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ॥ ਸੱਚ ਨੀਸਾਣ ਅਪਾਰ ਜੋਤ ਉਜਾਲਿਆ॥ ਪੰਚ ਅੱਖਰ ਉਪਕਾਰ ਨਾਮ ਸਮ੍ਹਾਲਿਆ॥ ਪਰਮੇਸ਼ਰ ਸੁਖ ਸਾਰ ਨਦਰਿ ਨਿਹਾਲਿਆ॥ ਨਉ ਅਮਗ ਸੁੰਨ ਸ਼ੁਮਾਰ ਸੰਗ ਨਿਰਾਲਿਆ॥ ਨੀਲ ਅਨੀਲ ਵਿਚਾਰ ਪਿਰਮ ਪਿਆਲਿਆ ॥ (ਵਾਰ ੩-ਪਉੜੀ ੧੫)

## ੴ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਤਿਆ ਗਿਆ ਹੈ ਇਹ ਇਕ ਮਾਲਿਕ ਵਾਸਤੇ ਵਰਤਿਆ ਗਿਆ। ਜਿਵੇਂ ਕਿ ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ ॥

ਓਅੰਕਾਰ' ਸੰਸਕ੍ਰਿਤ ਦੇ 'ਓਅੰ' ਸ਼ਬਦ ਤੋਂ ਲਿਆ ਗਿਆ ਹੈ। ਇਹ ਸ਼ਬਦ 'ਓਅੰ' ਸਭ ਤੋਂ ਪਹਿਲਾਂ ਉਪਨਿਸ਼ਦਾਂ ਵਿੱਚ ਵਰਤਿਆ ਗਿਆ ਹੈ। 'ਮਾਂਡੂਕਯ' ਉਪਨਿਸ਼ਦ ਵਿੱਚ ਲਿਖਿਆ ਹੈ ਕਿ ਜੋ ਕੁਝ ਹੋ ਚੁੱਕਿਆ ਹੈ, ਜੋ ਐਸ ਵੇਲੇ ਵੀ ਮੌਜੂਦ ਹੈ ਅਤੇ ਜੋ ਹੋਵੇਗਾ, ਉਹ



Scanned by CamScanner

'ਓਅੰ' ਹੀ ਹੈ।

ਉਪਨਿਸ਼ਦਾਂ ਤੋਂ ਪਿਛੋਂ ਦੇ ਸਮੇਂ ਵਿੱਚ ਸ਼ਬਦ 'ਓਅੰ' ਵਿਸ਼ਨੂੰ, ਸ਼ਿਵ ਅਤੇ ਬ੍ਰਹਮਾ ਦੇ ਸਮੁਦਾਇ ਲਈ ਵਰਤਿਆ ਗਿਆ । 'ਓਅੰਕਾਰ' ਸ਼ਬਦ 'ਅਕਾਲ ਪੁਰਖ' ਦੇ ਅਰਥ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ, ਜਿਵੇਂ :—

ਓਅੰਕਾਰਿ ਬ੍ਰਹਮਾ_ਉਤਪਤਿ ॥ ਓਅੰਕਾਰ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰ ਬੇਦ ਨਿਰਮਏ ॥

{ਰਾਮਕਲੀ ਮਹਲਾ ੧ ਦਖਣੀ, ਓਅੰਕਾਰੁ}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਓਅੰਕਾਰਿ ਦੇ ਅਰਥ ਰਖਿਆ ਕਰਨ ਵਾਲਾ, ਕਰਤਾਰ, ਹਰੀ ਆਪ ਅਕਾਲ ਪੁਰਖ।

ਓਅੰਕਾਰਿ – "ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ।" (੮੮੫)

ਓਅੰਕਾਰੁ – "ਓਅੰਕਾਰੁ ਕੀਆ ਜਿਨਿ ਚਿਤਿ।" (੯੨੯)

## ਸਤਿਨਾਮੁ

ਉਹ ਪ੍ਰਮਾਤਮਾ ਜੋ ਸਚਾ/ਸਦਾ ਸਥਿਰ (ਇੱਕ ਰਸ), ਨਾਮ, ਹਰ ਕਾਲ {ਸਮੇਂ} ਵਿੱਚ ਇੱਕ ਰਸ ਰਹਿਣ ਵਾਲਾ, ਪ੍ਰਭੂ ਦੇ ਇੱਕ ਗੁਣ ਦਾ ਲਖਾਇਕ ਉਸ ਦਾ ਨਾ ਸਤਿ ਹੈ ਜੋ ਸਦਾ ਅਟੱਲ ਹੈ।

"ਸਤਿਨਾਮੁ ਪ੍ਰਭੁ ਕਾ ਸੁਖਦਾਈ।" (੨੮੪)

"ਜਪਿ ਮਨ ਸਤਿਨਾਮੁ ਸਦਾ ਸਤਿਨਾਮੁ।" (੬੭੦)

## ਕਰਤਾ

ਕਰਤਾ ਤੋਂ ਭਾਵ ਹੈ ਬਣਾਉਣ ਵਾਲਾ, ਸਿਰਜਣਹਾਰ,ਉਹ ਪ੍ਰਭੂ ਕਰਤਾਰ ਜੋ ਕਿ ਸ੍ਰਿਸਟੀ ਦੀ ਸਿਰਜਣਾ ਕਰਕੇ ਚਲਾ ਰਿਹਾ ਹੈ ਫਿਰ ਸੰਭਾਲ ਵੀ ਕਰ ਰਿਹਾ ਹੈ ਅਤੇ ਰਿਜ਼ਕ ਵੀ ਪਹੁੰਚਾ ਰਿਹਾ ਹੈ।ਗੁਰਬਾਣੀ ਅਨੁਸਾਰ ਇਸ ਤਰ੍ਹਾਂ ਵੀ ਅਰਥ ਭਾਵ ਆਉਂਦਾ ਹੈ।

(੧) ਬਣਾਨ ਵਾਲਾ, ਸਿਰਜਣਹਾਰ "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"(੪)

(੨) ਉਹ ਪ੍ਰਮਾਤਮਾ ਜੋ ਕਰਨਹਾਰ, ਕਰਨ ਵਾਲਾ ਸਭ ਉਸ ਦੇ ਹੱਥ ਹੈ।
-ਕਰਤਾ ਸਭੁ ਕੋ ਤੇਰੈ ਜੋਰਿ। (੧੭)



Scanned by CamScanner

(੩) ਕਰਦਾ, ਕਰਦਿਆਂ "ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ।"(੩੪)

## ਪੁਰਖੁ

ਸੰਸਕ੍ਰਿਤ ਵਿੱਚ ਵਿਉਤਪੱਤੀ ਅਨੁਸਾਰ ਇਸ ਲਫ਼ਜ ਦਾ ਅਰਥ ਇਸ ਤਰ੍ਹਾਂ ਕੀਤਾ ਗਿਆ ਹੈ, 'ਪੂਰਿ ਸ਼ੇਤੇ ਇਤਿ ਪੁਰੁਸ਼ਹ', ਭਾਵ, ਜੋ ਸਰੀਰ ਵਿੱਚ ਲੇਟਿਆ ਹੋਇਆ ਹੈ। ਸੰਸਕ੍ਰਿਤ ਵਿੱਚ ਆਮ ਪ੍ਰਚਿਲੱਤ ਅਰਥ ਹੈ 'ਮਨੁੱਖ' ।ਜੋ ਹਰ ਸਰੀਰ ਵਿਚ ਵਿਆਪਕ ਹੈ। ਗੁਰਬਾਣੀ ਅੰਦਰ ਵੱਖ ਵੱਖ ਰੂਪਾਂ ਅੰਦਰ ਵੀ ਇਹ ਸ਼ਬਦ ਆਇਆ ਹੈ।

(੧) ਪਰਮਾਤਮਾ "ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।"
(੧੦)

(੨) ਸਮਰਥ "ਜਿਸੁ ਸਤਿਗੁਰੂ ਪੁਰਖੁ ਨ ਭੇਟਿਓ ਸੁ ਭਉ ਜਲਿ ਪਚੈ ਪਚਾਇ।"(੨੨)

(੩) ਮਹਾ ਪੁਰਖ, ਸ਼੍ਰੇਸ਼ਟ ਪੁਰਖ "ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅੰਹਕਾਰਿ।" (੩੪)

(੪) ਪਤੀ "ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ।(੭੮)

(੫) ਵਿਅਕਤੀ, ਜਨ, ਪੁਰਸ਼, ਮਨੁੱਖ "ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁ ਜਾਨੁ।" (੧੩੬)

(੬) ਮਰਦ, ਸੂਰਮਾ, ਬਹਾਦਰ "ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ।"
(੩੧੦)

(੭) ਆਦਮੀ, ਇਸਤ੍ਰੀ ਦੇ ਉਲਟ ਮਰਦ "ਕਉਨ ਕੋ ਪੁਰਖੁ ਕਉਨ ਕੀ ਨਾਰੀ।"
(੩੩੧)

(੮) ਜੀਵਾਤਮਾ ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ। (੬੦੭)

## ਨਿਰਭਉ

ਜਿਸ ਨੂੰ ਕਿਸੇ ਪ੍ਰਕਾਰ ਦਾ ਡਰ ਨਾ ਹੋਵੇ।



Scanned by CamScanner

(੧) ਡਰ ਰਹਿਤ, ਬਿਨਾਂ ਕਿਸੇ ਭੈ ਦੇ, ਨਿਡਰ, ਬੇਖੌਫ "ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ।" (੧੧)

(੨) ਡਰ ਰਹਿਤ ਹਰੀ "ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ।"(੫੧੬)

(੩) ਡਰ ਰਹਿਤ ਜੀਵ, ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਹੈ। "ਭੈ ਤੇ ਨਿਰਭਉ ਡਰਤਾ ਫਿਰੈ।" (੯੦੦)

## ਨਿਰਵੈਰੁ

ਉਹ ਪ੍ਰਭੂ ਪ੍ਰਮਾਤਮਾ ਜਿਸ ਦਾ ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਕੋਈ ਵੈਰ ਨਾ ਹੋਵੇ।

(੧) ਵੈਰ ਰਹਿਤ "ਤੂੰ ਨਿਰਵੈਰੁ ਸੰਤ ਤੇਰੇ ਨਿਰਮਲ।" (੧੦੮)

(੨) ਵੈਰ ਰਹਿਤ ਪ੍ਰਭੂ "ਨਿਰਾਹਾਰੀ ਨਿਰਵੈਰੁ ਸਮਾਇਆ।" (੧੦੮੨)

## ਅਕਾਲ ਮੂਰਤਿ

ਵਾਹਿਗੁਰੂ ਉਹ ਹਸਤੀ ਹੈ ਜੋ ਕਿ ਸਮੇਂ ਦੀ ਪਕੜ ਤੋਂ ਪਰੇ ਹੈ। ਉਸ ਨੂੰ ਕੋਈ ਖਤਮ ਨਹੀਂ ਕਰ ਸਕਦਾ।

"ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।" (੧੦੩੮)

"ਅਕਾਲ ਮੂਰਤਿ।"ਜਪੁ* (੧)

ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ।" (੯੧੬)

"ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।" (੧੦੮੨)

ਜਦੋਂ ਵਿਆਕਰਣ ਦੇ ਰਾਹੀਂ ਵਿਚਾਰ ਦੇ ਹਾਂ ਤਾਂ ਲਫਜ਼ 'ਮੂਰਤਿ' ਇਸਤ੍ਰੀ ਲਿੰਗ ਹੈ, 'ਅਕਾਲ' ਇਸ ਦਾ ਵਿਸ਼ੇਸ਼ਣ ਹੈ। ਇਹ ਵੀ ਇਸਤ੍ਰੀ ਲਿੰਗ ਰੂਪ ਵਿੱਚ ਲਿਖਿਆ ਗਿਆ ਹੈ। ਜੇ ਸ਼ਬਦ 'ਅਕਾਲ' ਇਕੱਲਾ ਹੀ 'ਪੁਰਖੁ', 'ਨਿਰਭਉ',ਨਿਰਵੈਰੁ' ਵਾਂਗ ੴ ਦਾ ਗੁਣ-ਵਾਚਕ ਹੁੰਦਾ ਤਾਂ ਪੁਲਿੰਗ ਰੂਪ ਵਿੱਚ ਹੁੰਦਾ ਤਾਂ ਇਸ ਦੇ ਅੰਤ ਵਿੱਚ( _ ) ਹੁੰਦਾ। ਸ਼ਬਦ 'ਮੂਰਤਿ' ਤੇ 'ਮੂਰਤੁ' ਦਾ ਭੇਦ ਜਾਨਣਾ ਜ਼ਰੂਰੀ ਹੈ। 'ਮੂਰਤਿ' ਸਦਾ ( ਿ ) ਨਾਲ ਲਿਖੀਦੀ ਹੈ ਅਤੇ ਇਸਤ੍ਰੀ ਲਿੰਗ ਹੈ। ਇਸ ਦਾ ਅਰਥ ਹੈ 'ਸਰੂਪ'। ਸੰਸਕ੍ਰਿਤ ਦਾ ਸ਼ਬਦ ਹੈ । ਲਫਜ਼ 'ਮੂਰਤੁ' ਸੰਸਕ੍ਰਿਤ ਦਾ ਲਫਜ਼ 'ਮੁਹੂਰਤ' ਹੈ। ਚਸਾ, ਮੁਹੂਰਤ ਆਦਿਕ ਸ਼ਬਦ ਸਮੇਂ ਦੀ ਵੰਡ ਵਿੱਚ ਵਰਤੀਂਦੇ ਹਨ। ਇਹ ਸ਼ਬਦ ਪੁਲਿੰਗ ਹਨ।



Scanned by CamScanner

## ਅਜੂਨੀ

ਜੂਨਾਂ ਤੋਂ ਰਹਿਤ, ਜੋ ਜਨਮ ਵਿਚ ਨਹੀਂ ਆਉਂਦਾ ।

"ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾ ਜੀਉ।"(੯੯)

"ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ।" (੧੧੮)

## ਸੈਭੰ

ਸ੍ਵਯੰਭੂ (ਸ੍ਵ-ਸ੍ਵਯੰ । ਭੰ-ਭੂ) ਆਪਣੇ ਆਪ ਤੋਂ ਹੋਣ ਵਾਲਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ।ਆਪਣੇ ਆਪ ਤੋਂ ਉਪਜਣ ਵਾਲਾ, ਜੋ ਕਿਸੇ ਤੋਂ ਬਣਿਆ ਨਹੀਂ ਤੇ ਨਾ ਹੀ ਉਸ ਨੂੰ ਕੋਈ ਬਣਾ ਸਕਦਾ ਹੈ।

## ਗੁਰਪ੍ਰਸਾਦਿ ॥

ਗੁਰੂ ਦੀ ਕਿਰਪਾ ਨਾਲ ਹੀ ਪ੍ਰਮਾਤਮਾ ਮਿਲ ਸਕਦਾ ਹੈ।

ਤਿਨੀ ਗੁਰਪਰਸਾਦਿ ਪਰਮ ਪਦੁ ਪਾਇਆ।" (੧੦੭੧)

"ਗੁਰਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ।" (੩੦)

## ਜਪੁ

ਪੰਨਾ- ੧

ਇਸ ਬਾਣੀ ਦਾ ਨਾਮ 'ਜਪੁ' ਹੈ ।ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਹੋਈ ਹੈ।ਇਸ ਬਾਣੀ ਦੇ ਅੰਦਰ ੨ ਸਲੋਕ ਅਤੇ ੩੮ ਪਉੜੀਆਂ ਆਉਦੀਆਂ ਹਨ।ਇਹ ਬਾਣੀ ਰਾਗ ਰਹਿਤ ਬਾਣੀ ਹੈ।ਇਹ ਬਾਣੀ ਨਿਤਨੇਮ ਵਿੱਚ ਅੰਮ੍ਰਿਤ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਹੈ।ਇਹ ਬਾਣੀ ਅੰਮ੍ਰਿਤ ਸੰਚਾਰ ਸਮੇਂ ਪਹਿਲੀ ਬਾਣੀ ਦੇ ਰੂਪ ਵਿੱਚ ਪੜ੍ਹੀ ਜਾਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅੰਕਿਤ ਕੀਤੀ ਹੋਈ ਪਹਿਲੀ ਬਾਣੀ ਹੀ "ਜਪੁ" ਹੈ। ਗੁਰੂ ਨਾਨਕ ਦੇਵ ਜੀ ਨੇ 'ਜੱਪੁ' ਜੀ ਦੇ ਅਰੰਭ ਵਿਚ ਤੇ ਅਖ਼ੀਰ ਵਿਚ ਉਹੀ ਪੁਰਾਤਨ ਤਰੀਕਾ ਵਰਤਿਆ ਹੈ। ਇਸ ਬਾਣੀ ਦੇ ਅਸਲ ਮਜ਼ਮੂਨ ਦੀਆਂ ੩੮ ਪਉੜੀਆਂ ਹਨ। ਪਹਿਲੀ ਪਉੜੀ ਵਿਚ ਮਨੁੱਖਾ ਜੀਵਨ ਦੇ ਇਕ ਜ਼ਰੂਰੀ ਪਹਿਲੂ ਬਾਰੇ ਜੋ ਸਵਾਲ ਛੇੜਿਆ ਹੈ ਕਿ ਜੀਵ



Scanned by CamScanner

ਦੀ ਪ੍ਰਭੂ ਨਾਲੋਂ ਪਈ ਵਿੱਥ ਕਿਵੇਂ ਦੂਰ ਹੋ ਸਕਦੀ ਹੈ, ਉਸ ਦੇ ਕਈ ਅੰਗ ਉਪਾਂਗ ਲੈ ਕੇ ਇਹਨਾਂ ਸਾਰੀਆਂ ਪਉੜੀਆਂ ਵਿਚ ਖੁਲ੍ਹੀ ਵਿਚਾਰ ਕੀਤੀ ਹੈ। ਇਹ ੩੮ ਪਉੜੀਆਂ ਜਪੁ ਜੀ ਦੇ ਮਜ਼ਮੂਨ ਦਾ ਮੁਕਮੰਲ ਆਕਾਰ ਹਨ। ਪਰ, ਇਹਨਾਂ ਤੋਂ ਛੁਟ ਦੋ ਸਲੋਕ ਭੀ ਹਨ, ਇਕ ਅਰੰਭ ਵਿਚ ਤੇ ਇਕ ਅਖ਼ੀਰ ਵਿਚ। ਮੁਢੱਲੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਆਪਣੇ ਇਸ਼ਟ ਅਕਾਲ ਪੁਰਖ ਦਾ ਸਰੂਪ ਬਿਆਨ ਕਰਦੇ ਹਨ ਕਿ ਉਹ ਸਦਾ ਹੀ ਹੋਂਦ ਵਾਲਾ ਹੈ, ਸਦਾ ਹੀ ਕਾਇਮ ਹੈ। ਅਖ਼ੀਰਲੇ ਸਲੋਕ ਵਿਚ ਸਤਿਗੁਰੂ ਜੀ ਨੇ ਉਸ ਸਾਰੇ ਮਜ਼ਮੂਨ ਦਾ 'ਨਿਚੋੜ' ਦਿੱਤਾ ਹੈ, ਜਿਸ ਉੱਤੇ ੩੮ ਪਉੜੀਆਂ ਵਿਚ ਖੁਲ੍ਹੀ ਵਿਚਾਰ ਕੀਤੀ ਗਈ ਹੈ।

## ਸੋ ਦਰੁ

ਪੰਨਾ-੮

ਉਸ ਮਾਲਿਕ ਦਾ ਦਰ ਜਾਂ ਦਰਵਾਜ਼ਾ ਜਿਸ ਉਪਰ ਬੈਠ ਕੇ ਪ੍ਰਮਾਤਮਾ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਸਾਰੇ ਸੰਸਾਰ ਨੂੰ ਪੈਦਾ ਕਰਕੇ, ਚਲਾ ਰਿਹਾ ਹੈ ਅਤੇ ਇਸ ਸੰਸਾਰ ਤੋਂ ਲੈ ਜਾਣ ਵਾਲਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦੂਜਾ ਸਿਰਲੇਖ ਹੈ। ਜੋ ਕਿ ਰਹਿਰਾਸ ਦੀ ਬਾਣੀ ਦਾ ਸਿਰਲੇਖ ਹੈ। ਇਸ ਸਿਰਲੇਖ ਹੇਠਾਂ ਪੰਜ ਸ਼ਬਦ ਆਉਦੇ ਹਨ। ਇਹ ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੩ ਵਾਰ ਆਇਆ ਹੈ। ਜਪੁ ਬਾਣੀ ਦੇ ਅੰਦਰ ੨੭ ਵੀਂ ਪਉੜੀ(ਅੰਗ ੬),ਸਿਰਲੇਖ ਦੇ ਨਾਲ ਸਬਦ ਅੰਗ ੮,ਆਸਾ ਰਾਗ ਦੇ ਅਰੰਭ ਵਿੱਚ ਅੰਗ ੩੪੭ ਆਉਦੇ ਹਨ। ਪਰ ਜਦੋਂ ਪੂਰੇ ਧਿਆਨ ਨਾਲ ਪੜ੍ਹਦੇ ਹਾਂ ਤਾਂ ਲਗਾਂ ਮਾਤਰਾ ਦੇ ਫ਼ਰਕ ਆਉਂਦੇ ਹਨ।

## ਸੋ ਪੁਰਖੁ

ਪੰਨਾ ੧੦

ਉਹ ਪਰਮਾਤਮਾ ਸਾਰੇ ਜੀਵਾਂ ਵਿਚ ਵਿਆਪਕ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਤੀਜਾ ਸਿਰਲੇਖ ਹੈ। ਜੋ ਕਿ ਰਹਿਰਾਸ ਦੀ ਬਾਣੀ ਦਾ ਸਿਰਲੇਖ ਹੈ। ਇਸ ਸਿਰਲੇਖ ਹੇਠਾਂ ੪ ਸ਼ਬਦ ਆਉਦੇ ਹਨ।

ਸਾਧਾਰਨ ਤੌਰ ਤੇ ਹਰੇਕ ਸੰਗ੍ਰਹਿ ਦੇ ਸ਼ਬਦ ਮ: ੧ ਦੇ ਸ਼ਬਦਾਂ ਨਾਲ ਹੀ ਸ਼ੁਰੂ ਹੁੰਦੇ ਹਨ। ਬਾਅਦ ਵਿੱਚ ਬਾਕੀ ਗੁਰ-ਵਿਅਕਤੀਆਂ ਦੇ ਲੜੀਵਾਰ ਸ਼ਬਦ ਆਉਂਦੇ ਹਨ। ਪਰ ਸੰਗ੍ਰਹਿ 'ਸੋ ਪੁਰਖੁ' ਦਾ ਪਹਿਲਾ ਸ਼ਬਦ ਹੀ ਗੁਰੂ ਰਾਮਦਾਸ ਜੀ ਦਾ ਆਉਂਦਾ ਹੈ। ਇਸ ਵਾਸਤੇ ਗੁਰੂ ਰਾਮਦਾਸ ਜੀ ਦਾ ਦੂਜਾ ਸ਼ਬਦ ਵੀ ਨਾਲ ਹੀ ਦੇ ਕੇ ਅੱਗੇ ਬਾਕੀ ਦੀ ਤਰਤੀਬ ਸਿਲਸਿਲੇ-ਵਾਰ ਰੱਖੀ ਹੈ । ਜੇ ਇਹ ਦੋਵੇਂ ਸੰਗ੍ਰਹਿ ਵੱਖ ਵੱਖ ਨਾ ਹੁੰਦੇ ਤਾਂ ਇਹਨਾਂ ਦੀ ਅਸਲ ਤਰਤੀਬ ਇਸ ਤਰ੍ਹਾਂ ਹੁੰਦੀ :-



Scanned by CamScanner

ਮ: ੧—ਸੋਦਰੁ ਕੇਹਾ, ਸੁਣਿ ਵਡਾ, ਆਖਾ ਜੀਵਾ, ਤਿਤੁ ਸਰਵਰੜੈ (੪ ਸ਼ਬਦ)

ਮ: ੪—ਹਰਿ ਕੇ ਜਨ, ਸੋ ਪੁਰਖੁ, ਤੂੰ ਕਰਤਾ . . . . . .(੩ ਸ਼ਬਦ)

ਮ: ੫—ਕਾਹੇ ਰੇ ਮਨ; ਭਈ ਪਰਾਪਤਿ . . . . . .(੨ ਸ਼ਬਦ)

. . . . . ਜੋੜ . . . . . ੯ ਸ਼ਬਦ

## ਸੋਹਿਲਾ

ਪੰਨਾ-੧੨

ਇਹ ਬਾਣੀ ਦਾ ਨਾਮ ਹੈ। ਇਹ ਬਾਣੀ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਰਾਤ ਨੂੰ ਸੌਣ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਹੈ। ਛੋਟੇ ਅਕਾਰ ਦੀ ਬਾਣੀ ਹੈ। ਇਸ ਬਾਣੀ ਦੇ ਅੰਦਰ ੫ ਸ਼ਬਦ ਆਉਂਦੇ ਹਨ। ਪੁਰਤਾਨ ਸਮੇਂ ਤੋਂ ਸੱਭਿਆਚਾਰ ਵਿੱਚ ਵਿਆਹ ਦੇ ਸਮੇਂ ਪਹਿਲਾਂ ਮਾਂਈਏਂ ਪੈਣ ਦੀ ਰਸਮ ਹੁੰਦੀ ਹੈ। ਜਿਸ ਦੇ ਅੰਦਰ ਚਾਚੀਆਂ, ਤਾਈਆਂ, ਭਰਜਾਈਆਂ, ਸਹੇਲੀਆਂ ਰਲਕੇ ਵਿਆਹ ਵਾਲੀ ਕੁੜੀ ਦੇ ਸਿਰ ਵਿੱਚ ਤੇਲ ਪਾਂਦੀਆਂ ਹਨ। ਉਸ ਨੂੰ ਇਸ਼ਨਾਨ ਕਰਾਂਦੀਆਂ ਹਨ ਅਤੇ ਨਾਲ-ਨਾਲ ਸੁਹਾਗ ਦੇ ਗੀਤ ਗਾਉਂਦੀਆਂ ਹਨ। ਕਿ ਵਿਆਹ ਲੜਕੀ ਪਤੀ ਦੇ ਘਰ ਜਾ ਕੇ ਸੁੱਖੀ ਵੱਸਣ ਲਈ ਅਸੀਸਾਂ ਦੇਂਦੀਆਂ ਹਨ। ਉਹਨੀਂ ਦਿਨੀਂ ਰਾਤ ਨੂੰ ਗਾਵਣ ਬੈਠੀਆਂ ਔਰਤਾਂ ਵੀ ਸੋਹਿਲੜੇ ਜਾਂ ਸੁਹਾਗ ਦੇ ਗੀਤ ਗਾਉਂਦੀਆਂ ਹਨ। ਇਹਨਾਂ ਗੀਤਾਂ ਵਿੱਚ ਅਸੀਸਾਂ ਤੇ ਸੁਹਾਗ ਦੇ ਗੀਤ ਵੀ ਹੁੰਦੇ ਹਨ ਅਤੇ ਵੈਰਾਗ ਦੇ ਗੀਤ ਵੀ ਕਿਉਂਕਿ ਇੱਕ ਪਾਸੇ ਤਾਂ ਕੁੜੀ ਨੇ ਵਿਆਹੀ ਜਾ ਕੇ ਆਪਣੇ ਪਤੀ ਦੇ ਘਰ ਜਾਣਾ ਹੈ, ਦੂਜੇ ਪਾਸੇ ਉਸ ਕੁੜੀ ਦਾ ਮਾਪਿਆਂ, ਭੈਣਾਂ, ਭਰਾਵਾਂ, ਸਹੇਲੀਆਂ, ਚਾਚੀਆਂ, ਤਾਈਆਂ, ਭਰਜਾਈਆਂ ਆਦਿਕ ਨਾਲੋਂ ਵਿਛੋੜਾ ਵੀ ਹੋਣਾ ਹੁੰਦਾ ਹੈ। ਇਹਨਾਂ ਗੀਤਾਂ ਵਿੱਚ ਇਹ ਦੋਵੇਂ ਮਿਲਵੇਂ ਭਾਵ ਹੁੰਦੇ ਹਨ। ਜਿਵੇਂ ਵਿਆਹ ਲਈ ਸਮਾਂ ਨਿਸਚਿਤ ਕੀਤਾ ਜਾਂਦਾ ਹੈ। ਉਸ ਨਿਸਚਿਤ ਸਮੇਂ ਉਤੇ ਹੀ ਹੱਥ-ਲੇਵੇਂ ਆਦਿਕ ਕਰਨ ਦਾ ਪੂਰਾ ਜਤਨ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਹਰੇਕ ਜਿੰਦ-ਕੁੜੀ ਦਾ ਉਹ ਸਮਾਂ ਭੀ ਪਹਿਲਾਂ ਹੀ ਮਿਥਿਆ ਜਾ ਚੁੱਕਾ ਹੈ, ਜਦੋਂ ਮੌਤ ਦੀ ਸਾਹੇ-ਚਿੱਠੀ ਆਉਂਦੀ ਹੈ ਤੇ ਇਸ ਨੇ ਸਾਕਾਂ ਸੰਬੰਧੀਆਂ ਤੋਂ ਵਿੱਛੜ ਕੇ ਇਸ ਜਗਤ-ਪੇਕੇ ਘਰ ਨੂੰ ਛੱਡ ਕੇ ਪ੍ਰਲੋਕ ਵਿੱਚ ਜਾਣਾ ਹੈ।

ਇਸ ਸ਼ਬਦ ਵਿੱਚ ਜੀਵ ਰੂਪੀ ਆਤਮਾ-ਕੁੜੀ ਨੂੰ ਸਮਝਾਇਆ ਹੈ ਕਿ ਸਤਿਸੰਗ ਵਿੱਚ ਸੁਹਾਗ ਦੇ ਗੀਤ ਗਾਇਆ ਕਰ, ਤੇ ਸੁਣਿਆ ਕਰ । ਸਤ-ਸੰਗ, ਮਾਨੋ, ਮਾਂਈਏਂ ਪੈਣ ਦੀ ਥਾਂ ਹੈ। ਸਤਸੰਗੀ ਸਹੇਲੀਆਂ ਇਥੇ ਇੱਕ ਦੂਜੀ ਸਹੇਲੀ ਨੂੰ ਅਸੀਸਾਂ ਦੇਂਦੀਆਂ ਹਨ। ਅਰਦਾਸ ਕਰਦੀਆਂ ਹਨ ਕਿ ਪ੍ਰਲੋਕ ਨੂੰ ਜਾਣ ਵਾਲੀ ਸਹੇਲੀ ਨੂੰ ਪ੍ਰਭੂ-ਪਤੀ ਦਾ ਮਿਲਾਪ ਹੋਵੇ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖ-ਵੱਖ ਅਰਥਾਂ ਵਿੱਚ ਆਉਂਦੇ ਹਨ।



Scanned by CamScanner

(੧) ਜਸ/ਕੀਰਤ/ਵਡਿਆਈ ਦਾ ਗੀਤ "ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।"(੧੨)

(੨) ਜਸ, ਵਡਿਆਈ "ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ।"
(੭੬੯)
"ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ।" (੮੫੪)

(੩) ਖੁਸ਼ੀ ਦਾ ਗੀਤ "ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ।" (੭੭੦)

## ਰਾਗੁ

ਰਾਗੁ ਉਹ ਸੁੰਦਰ ਸਵਰ ਰਚਨਾ ਹੈ ਜੋ ਸਾਡੇ ਮਨਾਂ ਦੇ ਅੰਦਰ ਅਨੰਦ ਪੈਦਾ ਕਰਦਾ ਹੈ।ਸਵਰਾਂ ਦਾ ਵਰਣਾਂ ਦੁਆਰਾ ਪ੍ਰਯੋਗ ਹੀ ਰਾਗੁ ਹੈ। ਰਾਗੁ ਇੱਕ ਸੂਖਮ ਕਲਾ ਹੈ ਜਿਸਨੂੰ ਕੇਵਲ ਕਲਾਕਾਰਾਂ ਨੇ ਹੀ ਨਹੀਂ ਵਰਤਿਆ ਬਲਕਿ ਰਿਸ਼ੀਆਂ,ਮੁਨੀਆਂ,ਜੋਗੀਆਂ,ਫਕੀਰਾਂ,ਪੀਰਾਂ ਨੇ ਵੀ ਆਪਣੇ ਹਿਰਦੇ ਦੇ ਅੰਦਰ ਵਿਸੇਸ਼ ਥਾਂ ਦਿੱਤੀ ਹੈ।ਗੁਰਬਾਣੀ ਦੇ ਅੰਦਰ ਰਾਗ ਦੇ ਵੀ ਹੇਠਾਂ ਲਿਖੇ ਅਰਥ ਆਉਂਦੇ ਹਨ।

(੧) ਸੁਰਪ੍ਰਬੰਧ ਦੇ ਲਈ "ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।"(੬)

(੨) ਰਸ "ਗੁਰਮੁਖਿ ਰਾਗ ਸੁਆਦ ਅਨ ਤਿਆਗੇ।" (੪੧੫)

(੩) ਪ੍ਰੀਤ, ਮੋਹ "ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।"(੭੮੫)

ਰਾਗ਼ੁ ਥਾਟ ਤੋਂ ਬਣਦੇ ਹਨ।ਰਾਗੁ ਵਿੱਚ ਘੱਟ ਤੋਂ ਘੱਟ ੫ ਸੁਰਾਂ ਦਾ ਪ੍ਰਯੋਗ ਜਰੂਰੀ ਹੈ।ਰਾਗੁ ਵਿੱਚ ਸ਼ਾੜਜ ਸਵਰ ਵਰਜਿਤ ਨਹੀ ਕੀਤਾ ਜਾ ਸਕਦਾ।ਰਾਗੁ ਵਿੱਚੋ ਮੱਧਮ ਜਾਂ ਪੰਚਮ ਇੱਕ ਹੀ ਸਵਰ ਵਰਜਿਤ ਕੀਤਾ ਜਾ ਸਕਦਾ ਹੈ ਦੋਵੇਂ ਨਹੀਂ।ਰਾਗ ਵਿੱਚ ਵਾਦੀ ਸੰਵਾਦੀ ਸੁਰ ਹੋਣੇ ਜਰੂਰੀ ਹਨ ਤਾਂ ਕਿ ਰਾਗੁ ਦਾ ਸਰੂਪ ਠੀਕ ਬਣ ਸਕੇ।ਰਾਗਾਂ ਦੀਆਂ ੩ ਜਾਤੀਆਂ ਪ੍ਰਮੁੱਖ ਹਨ।

੧. ਸੰਪੂਰਨ, ੨. ਸ਼ਾੜਵ, ੩. ਔੜਵ

ਇਹਨਾਂ ਦੀਆਂ ੯ ਜਾਤੀਆਂ ਵਿਦਵਾਨਾਂ ਨੇ ਮੰਨੀਆਂ ਹਨ।

੧. ਸੰਪੂਰਨ- ਸੰਪੂਰਨ-ਇਸ ਦੇ ਆਰੋਹ ਅਤੇ ਅਵਰੋਹ ਵਿੱਚ ੭-੭ ਸਵਰ ਲੱਗਦੇ ਹਨ।

੨. ਸੰਪੂਰਨ-ਸ਼ਾੜਵ- ਇਸ ਦੇ ਆਰੋਹ ਵਿੱਚ ੭ ਅਤੇ ਅਵਰੋਹ ਵਿੱਚ ੬ ਸਵਰ ਲੱਗਦੇ



Scanned by CamScanner

ਹਨ।

੩. ਸੰਪੂਰਨ-ਔੜਵ- ਇਸ ਦੇ ਆਰੋਹ ਵਿੱਚ ੭ ਅਤੇ ਅਵਰੋਹ ਵਿੱਚ ੫ ਸਵਰ ਲੱਗਦੇ ਹਨ।

੪. ਸ਼ਾੜਵ-ਸੰਪੂਰਨ- ਇਸ ਦੇ ਆਰੋਹ ਵਿੱਚ ੬ ਅਤੇ ਅਵਰੋਹ ਵਿੱਚ ੭ ਸਵਰ ਲੱਗਦੇ ਹਨ।

੫. ਸ਼ਾੜਵ-ਸਾੜਵ- ਇਸ ਦੇ ਆਰੋਹ ਵਿੱਚ ੬ ਅਤੇ ਅਵਰੋਹ ਵਿੱਚ ੬ ਸਵਰ ਲੱਗਦੇ ਹਨ।

੬. ਸ਼ਾੜਵ-ਔੜਵ- ਇਸ ਦੇ ਆਰੋਹ ਵਿੱਚ ੬ ਅਤੇ ਅਵਰੋਹ ਵਿੱਚ ੫ ਸਵਰ ਲੱਗਦੇ ਹਨ।

੭. ਔੜਵ-ਸੰਪੂਰਨ- ਇਸ ਦੇ ਆਰੋਹ ਵਿੱਚ ੫ ਅਤੇ ਅਵਰੋਹ ਵਿੱਚ ੭ ਸਵਰ ਲੱਗਦੇ ਹਨ।

੮. ਔੜਵ-ਸ਼ਾੜਵ- ਇਸ ਦੇ ਆਰੋਹ ਵਿੱਚ ੫ ਅਤੇ ਅਵਰੋਹ ਵਿੱਚ ੬ ਸਵਰ ਲੱਗਦੇ ਹਨ।

੯. ਔੜਵ-ਔੜਵ- ਇਸ ਦੇ ਆਰੋਹ ਵਿੱਚ ੫ ਅਤੇ ਅਵਰੋਹ ਵਿੱਚ ੫ ਸਵਰ ਲੱਗਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦੋ ਦੋ ਮਿਲਵੇਂ ਰਾਗ ਵੀ ਆਉਂਦੇ ਹਨ ਜਿਵੇਂ—

(੧) ਗਉੜੀ ਮਾਝ, (੨) ਆਸਾ ਕਾਫੀ, (੩) ਤਿਲੰਗ ਕਾਫੀ, (੪) ਸੂਹੀ ਕਾਫੀ, (੫) ਸੂਹੀ ਲਲਿਤ, (੬) ਬਿਲਾਵਲ ਗੌਂਡ, (੭) ਮਾਰੀ ਕਾਫੀ, (੮) ਬਸੰਤ ਹਿੰਡੋਲ, (੯) ਕਲਿਆਣ ਭੋਪਾਲੀ, (੧੦) ਪ੍ਰਭਾਤੀ ਬਿਭਾਸ, (੧੧) ਰਾਗ ਆਸਾ ਵਿਚ 'ਆਸਾਵਰੀ' ਭੀ ਦਿੱਤਾ ਗਿਆ ਹੈ।

ਇਸ ਤਰ੍ਹਾਂ ੩੧ ਰਾਗਾਂ ਤੋਂ ਇਲਾਵਾ ਹੇਠ ਲਿਖੇ ੬ ਹੋਰ ਰਾਗ ਵੀ ਵਰਤੇ ਗਏ ਹਨ-

ਲਲਿਤ, ਆਸਾਵਰੀ, ਹਿੰਡੋਲ, ਭੋਪਾਲੀ, ਬਿਭਾਸ ਅਤੇ ਕਾਫੀ ।

## ਰਾਗਾਂ ਦੀ ਤਰਤੀਬ ਬਾਰੇ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੀ ਲੜੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਹ ਦੱਸਣਾ ਜਰੂਰੀ ਹੈ ਤਾਂ ਕਿ ਸਮਝਣ ਦਾ ਸੌਖ ਹੋ ਸਕੇ। ਬਾਣੀ ਦੀ ਅੰਦਰਲੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਇਕ ਖ਼ਾਸ ਤਰੀਕੇ ਨਾਲ ਤਰਤੀਬ ਦੇ ਕੇ ਲਿਖੀ ਗਈ ਹੈ, ਅਤੇ



Scanned by CamScanner

ਉਹ ਤਰੀਕਾ ਹੀ ਸਾਰੀ ਬਾਣੀ ਵਿੱਚ ਮਿਲਦਾ ਹੈ। ਕਿਸੇ ਇੱਕ 'ਰਾਗ' ਨੂੰ ਲੈ ਲਵੋ। ਹਰੇਕ ਰਾਗ ਨੂੰ ੫ ਭਾਗਾਂ ਵਿੱਚ ਵੰਡ ਸਕਦੇ ਹਾਂ।

੧. ਸ਼ਬਦ ੨.ਅਸਟਪਦੀਆਂ ੩. ਛੰਤ ੪. ਵਾਰ ੫. ਭਗਤਾਂ ਦੀ ਬਾਣੀ।

ਸਭ ਤੋਂ ਪਹਿਲਾਂ 'ਸ਼ਬਦ' ਫਿਰ 'ਅਸਟਪਦੀਆਂ', ਫਿਰ 'ਛੰਤ' ਆਦਿਕ ਦਰਜ ਹਨ। ਜੇ ਕਿਸੇ ਸਤਿਗੁਰੂ ਜੀ ਦੀ ਕੋਈ ਹੋਰ ਖ਼ਾਸ ਬਾਣੀ ਜਿਵੇਂ ਥਿਤੀ, ਵਾਰ ਸਤ, ਸੁਖਮਨੀ,ਅਨੰਦ ਆਦਿਕ ਆਈ ਹੈ ਤਾਂ ਉਹ 'ਛੰਤ' ਤੋਂ ਪਹਿਲਾਂ ਦਰਜ ਕੀਤੀ ਗਈ ਹੈ। ਅੰਤ ਵਿੱਚ 'ਰਾਗ ਦੀ ਵਾਰ', ਅਤੇ ਵਾਰ ਤੋਂ ਪਿਛੋਂ ਭਗਤਾਂ ਦੀ ਬਾਣੀ ਆਉਂਦੀ ਹੈ। ਸ਼ਬਦ, ਅਸਟਪਦੀ,ਛੰਤ ਆਦਿਕ ਦੀ ਵੀ ਆਪਣੀ ਅੰਦਰਲੀ ਖ਼ਾਸ ਤਰਤੀਬ ਹੈ। ਭਾਵ ਹਰੇਕ ਗੁਰ-ਵਿਅਕਤੀ ਦੀ ਬਾਣੀ ਕ੍ਰਮ-ਅਨੁਸਾਰ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ, (ਗੁਰੂ ਅੰਗਦ ਦੇਵ ਜੀ ਦੀ ਬਾਣੀ ਕੇਵਲ ੬੩ ਸ਼ਲੋਕ ਹਨ ਜੋ ਵਾਰਾਂ ਦੇ ਨਾਲ ਅੰਕਿਤ ਹਨ) ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਅੰਤ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਬਾਣੀ ਹੈ। ਜਿਸ 'ਰਾਗ' ਵਿੱਚ ਗੁਰੂ ਤੇਗ ਬਹਾਦਰ ਜੀ ਦੇ 'ਸ਼ਬਦ' ਹਨ, ਉਹ ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦਾਂ ਤੋਂ ਪਿੱਛੋਂ ਹਨ। ਇਸੇ ਤਰ੍ਹਾਂ ਦੀ ਤਰਤੀਬ ਭਗਤਾਂ ਦੀ ਬਾਣੀ ਵਿੱਚ ਵੀ ਆਉਂਦੀ ਹੈ—ਪਹਿਲਾਂ ਭਗਤ ਕਬੀਰ ਜੀ, ਫਿਰ ਭਗਤ ਨਾਮਦੇਵ ਜੀ, ਫਿਰ ਭਗਤ ਰਵਿਦਾਸ ਜੀ, ਇਤਿਆਦਿਕ ।

ਜਿਹੜੀ ਬਾਣੀ 'ਰਾਗਾਂ' ਤੋਂ ਵੱਖਰੀ ਹੈ, ਉਸ ਦੀ ਤਰਤੀਬ ਵੀ ਉੱਪਰਲੀ ਵਰਗੀ ਹੀ ਹੈ। ਉਸ ਉਪਰੰਤ ਸਹਸਕ੍ਰਿਤੀ ਸਲੋਕ, ਪਹਿਲਾਂ ਗੁਰੂ ਨਾਨਕ ਦੇਵ ਜੀ ਦੇ, ਫਿਰ ਗੁਰੂ ਅਰਜਨ ਦੇਵ ਜੀ ਦੇ। ਫਿਰ ਸਲੋਕ ਪਹਿਲਾਂ ਕਬੀਰ ਜੀ ਦੇ, ਫਿਰ ਸ਼ੇਖ ਫਰੀਦ ਜੀ ਦੇ ਆਉਂਦੇ ਹਨ। ਸਲੋਕ ਵਾਰਾਂ ਤੇ ਵਧੀਕ, ਹਰੇਕ 'ਗੁਰ-ਮਹਲ' ਦੇ ਪਹਿਲੀ ਹੀ ਤਰਤੀਬ ਨਾਲ । ਜਿਵੇਂ 'ਵਾਰਾਂ ਤੇ ਵਧੀਕ ਸਲੋਕ' ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਹਨ, ਫਿਰ ਗੁਰੂ ਅਮਰਦਾਸ ਜੀ ਦੇ, ਗੁਰੂ ਰਾਮਦਾਸ ਜੀ ਦੇ, ਅਤੇ ਅੰਤ ਵਿਚ ਗੁਰੂ ਅਰਜਨ ਦੇਵ ਜੀ ਦੇ ਹਨ, ਇਸੇ ਤਰ੍ਹਾਂ ਹੀ ਭੱਟਾਂ ਦੀ ਬਾਣੀ ਦਰਜ ਕੀਤੀ ਗਈ ਹੈ ਜੋ ਉਹਨਾਂ ਨੇ ਪੰਜ ਗੁਰ-ਮਹਲਾਂ ਵੀ ਉਸਤਤਿ ਵਿੱਚ ਉਚਾਰੀ ਹੈ।

## ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰੇਕ ਰਾਗ ਦੇ ਅੰਦਰ ਪਹਿਲਾ ਪ੍ਰਕਰਣ ਸ਼ਬਦ ਆਉਂਦੇ ਹਨ। ਰਾਗ ਦੀ ਸ਼ੁਰੂਆਤ ਵਿੱਚ ਸਬਦ ਆਉਂਦੇ ਹਨ। ਇਸ ਦੇ ਕਈ ਭੇਦ ਆਉਂਦੇ ਹਨ। ਜਿਵੇਂ- ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ, ਦੁਪਦੇ, ਦੁਪਦਾ, ਤਿਪਦੇ, ਤਿਪਦਾ, ਚਉਪਦਾ, ਪੰਚਪਦਾ ਆਦਿ ਆਉਂਦੇ ਹਨ। ਇਸ ਸ਼ਬਦ ਦੇ ਅਰਥ ੧੧ ਮਹਾਨ ਕੋਸ਼ ਦੇ ਕਰਤਾ ਪੰਥ ਰਤਨ ਕਾਨ੍ਹ ਸਿੰਘ ਨਾਭਾ ਜੀ ਨੇ ਕੀਤੇ ਨੇ।



Scanned by CamScanner

(੧) ਧੁਨਿ, ਸੁਰ,ਅਵਾਜ਼ "ਅਨਹਤਾ ਸਬਦ ਵਾਜੰਤ ਭੇਰੀ।" (੧੩)

(੨) ਗੁਰੂ ਦਾ ਸ਼ਬਦ/ਬਾਣੀ /ਗੁਰਬਾਣੀ "ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ।" (੫੬)

(੩) ਨਾਮ "ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ।" (੬੨)

(੪) ਉਪਦੇਸ਼,ਸਿੱਖਿਆ "ਬਿਨੁ ਗੁਰ ਸਬਦ ਨ ਸਵਰਸਿ ਕਾਜਾ।" (੨੨੫)

(੫) ਗੀਤ, ਸੋਹਲਾ, ਕਾਵਿ-ਇਕਾਈ "ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।" (੯੧੭)

(੬) ਵਿਚਾਰ, ਗੁਫਤਗੂ ਏਸੁ ਸਬਦ ਕਉ ਜੋ ਅਰਥਾਵੈ ਤਿਸ ਗੁਰ ਤਿਲੁ ਨ ਤਮਾਈ। (੯੪੦)

(੭) ਬਚਨ "ਸਬਦ ਸੂਰ ਬਲਵੰਡ ਕਾਮ ਅਰੁ ਕ੍ਰੋਧ ਬਿਨਾਸਨ।" (੧੩੯੧)

(੮) ਸਮੁੰਦਰ "ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"
(੯) ਆਚਰਣ, ਜੀਵਨ ਦਾ ਰਸਤਾ, ਵਤੀਰਾ "ਘੜੀਐ ਸਬਦੁ ਸਚੀ ਟਕਸਾਲ।
(੮)

(੧੦) ਸ਼ਬਦ ਦੇ ਉਦੇਸ਼ (ਮਕਸਦ) "ਨ ਸਬਦੁ ਬੂਝੈ ਨ ਜਾਣੈ ਬਾਣੀ।" (੬੬੫)

(੧੧) ਸੁਨੇਹਾ, ਪੈਗਾਮ "ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ।"
(੧੨੭੩)

## ੨. ਅਸਟਪਦੀਆਂ/ਅਸਟਪਦੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅਸਟਪਦੀ ੩੩ ਵਾਰ ਅਤੇ ਅਸਟਪਦੀਆਂ ੫੦ ਵਾਰੀਂ ਆਉਂਦੀਆਂ ਹਨ। ਅਸਟਪਦੀ ਤੋਂ ਭਾਵ ਜੋ ਰਚਨਾ ਅੱਠ ਪਦਾਂ ਵਾਲੀ, ਅੱਠ ਬੰਦਾਂ ਵਾਲੀ ਹੋਵੇ ਪ੍ਰੰਤੂ ਇਸ ਸਿਰਲੇਖ ਹੇਠਾਂ ੮ ਪਉੜੀਆਂ ਤੋ ਵੱਧ ਵੀ ਪਉੜੀਆਂ ਆਉਦੀਆਂ ਹਨ। ਇਹਨਾਂ ਦੀ ਗਿਣਤੀ ੩੨ ਤੱਕ ਵੀ ਆਉਂਦੀ ਹੈ। ਇਹ ਸਬਦ ੨੪ ਵਾਰ ਤਾਂ ਸੁਖਮਨੀ ਦੇ ਸਿਰਲੇਖ ਹੇਠਾਂ ਆਉਦੀ ਹੈ।

## ੩. ਛੰਤ/ਛਕੇ

ਛੰਤ ਕਾਵਿ ਰੂਪ ਦੀ ਇੱਕ ਕਿਸਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਕਈ



Scanned by CamScanner

ਪ੍ਰਕਾਰ ਦੇ ਛੰਤ ਵਰਤੇ ਗਏ ਹਨ।

੧. ਹੁਲਾਸ ਦਾ ਭੇਦ ਰੂਪ ਛੰਤ{ਛੰਦ} "ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥" {ਪੰਨਾ ੪੫੨}

੨. ਸੰਗੀਤ ਦੀ ਇੱਕ ਕਿਸਮ ਆਸਾ ਰਾਗ ਦੇ ਛੰਤਾਂ ਵਿੱਚ ਦੇਖਣ ਨੂੰ ਮਿਲਦੀ ਹੈ। ਜਿਸ ਦੇ ਅੰਦਰ ਹਰ ਚਰਣ ਵਿੱਚ ੨੫ ਮਾਤ੍ਰਾਂ ਆਉਂਦੀਆਂ ਹਨ। ਇਹਨਾਂ ਦੇ ਅੰਦਰ ੧੫-੧੦ ਮਾਤਰਾਂ ਤੇ ਵਿਸਰਾਮ ਲੱਗਦਾ ਹੈ ਅਤੇ ਅੰਤ ਵਿੱਚ ੨ ਗੁਰ ਲੱਗਦੇ ਹਨ।

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ {ਪੰਨਾ ੪੪੮}

ਛੰਤਾਂ ਦੇ ਸਮੂਹ ਨੂੰ ਛੱਕੇ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਆਸਾ ਰਾਗ ਦੇ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਦੇ ਦੁਆਰਾ ਲਿਖੇ ਹੋਏ ਛੰਤ/ਛਕੇ ਬਹੁਤ ਪ੍ਰਸਿੱਧ ਹਨ।

## ੪. 'ਵਾਰ'

ਪੰਜਾਬੀ ਸ਼ਬਦਾਂ ਵਿੱਚ ਲਫ਼ਜ਼ 'ਵਾਰ' ਵੀ ਦੂਜੇ ਲਫ਼ਜਾਂ ਦੇ ਵਾਂਗ ਸੰਸਕ੍ਰਿਤ ਬੋਲੀ ਵਿੱਚੋਂ ਆਪਣੇ ਅਸਲੀ ਰੂਪ ਵਿੱਚ ਹੀ ਪੰਜਾਬੀ ਬੋਲੀ ਵਿੱਚ ਟਿਕਿਆ ਆ ਰਿਹਾ ਹੈ। ਸੰਸਕ੍ਰਿਤ ਵਿੱਚ ਇਸ ਲਫ਼ਜ਼ ਦੇ ਕਈ ਅਰਥ ਹਨ, ਪੰਜਾਬੀ ਵਿੱਚ ਵੀ ਇਹ ਲਫ਼ਜ਼ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੈ ।

ਪੰਜਾਬੀ ਸਾਹਿਤ ਵਿੱਚ 'ਵਾਰ' ਉਸ ਕਵਿਤਾ ਨੂੰ ਆਖਿਆ ਜਾਂਦਾ ਹੈ। ਜਿਸ ਵਿੱਚ ਕਿਸੇ ਸੂਰਮੇ ਦੇ ਰਣ-ਭੂਮੀ ਆਦਿਕ ਵਿੱਚ ਵਿਖਾਈ ਗਈ ਸੂਰਮਤਾਈ {ਬਹਾਦਰੀ} ਦੇ ਕਿਸੇ ਖਾਸ ਕਰਤੱਬ ਦਾ ਜ਼ਿਕਰ ਕੀਤਾ ਜਾਂਦਾ ਹੈ। 'ਵਾਰ' ਵਿੱਚ ਕਿਸੇ ਮਨੁੱਖ ਦਾ ਸਾਰਾ ਜੀਵਨ ਨਹੀਂ ਵੇਖਿਆ ਜਾਂਦਾ ਬਲਕਿ ਜੀਵਨ ਵਿੱਚੋਂ ਕੋਈ ਇੱਕੋ ਉੱਘੀ ਝਾਕੀ ਵੇਖੀਂ ਜਾਂਦੀ ਹੈ। ਜਿਸ ਅੰਦਰ ਕੋਈ ਐਸੀ ਬਹਾਦਰੀ ਕਮਾਈ ਹੋਵੇ ਜਿਸ ਤੋਂ ਦੂਜਿਆਂ ਨੂੰ ਸਿੱਖਿਆ ਮਿਲ ਸਕੇ।

ਪਿੰਡਾਂ ਵਿੱਚ ਰਾਤ ਸਮੇਂ'ਜਾਗਰੇ' ਕਰਨ ਦੀ ਬਹੁਤ ਪੁਰਾਣੀ ਰੀਤ ਚਲੀ ਆਉਂਦੀ ਹੈ ।ਇਹ 'ਜਾਗਰਾ' ਆਮ ਤੌਰ ਤੇ ਦੇਵੀ ਦੇ ਵਾਰ ਤੇ ਕੀਤਾ ਜਾਂਦਾ ਹੈ। ਸਾਰੀ ਰਾਤ ਜਾਗਣ ਕਰਕੇ ਇਸ ਦਾ ਨਾਮ ਜਾਗਰਾ ਵੀ ਆਖਦੇ ਹਨ। ਜਾਗਰਾ ਸ਼ੁਰੂ ਕਰਨ ਲੱਗਿਆਂ ਪਹਿਲਾਂ ਦੇਵੀ ਦੀ ਉਪਮਾ ਵਿੱਚ ਭਜਨ ਗਾਏ ਜਾਂਦੇ ਹਨ, ਫਿਰ ਆਮ ਤੌਰ ਤੇ ਕੈਰਵਾਂ ਪਾਂਡਵਾਂ ਦੇ ਯੁੱਧ ਦੀ ਵਾਰ ਜਾਂ ਸ੍ਰੀ ਰਾਮ ਚੰਦ੍ਰ ਜੀ ਤੇ ਰਾਵਣ ਦੇ ਯੁੱਧ ਦੀ ਵਾਰ ਗਾਉਂਦੇ ਹਨ। ਇਹਨਾਂ 'ਵਾਰਾਂ' ਦੀ ਰਾਹੀਂ ਪਿੰਡਾਂ ਦੇ ਅਨ-ਪੜ੍ਹ ਇਸਤ੍ਰੀ ਮਰਦਾਂ ਵਿੱਚ ਵੀ ਹਿੰਦੂ ਧਰਮ ਦਾ ਪ੍ਰਭਾਵ ਜਿਉਂਦਾ ਟਿਕਿਆ ਰਹਿੰਦਾ ਹੈ। ਬੱਚਿਆਂ ਨੂੰ ਵੀ ਆਪਣੇ ਉਹਨਾਂ ਬਜ਼ੁਰਗਾਂ ਦੇ ਨਾਮ ਤੇ ਕਾਰਨਾਮੇ ਯਾਦ ਰਹਿੰਦੇ ਹਨ । ਪਿੰਡਾਂ ਦੇ ਵਸਨੀਕ ਜਾਣਦੇ ਹਨ ਕਿ 'ਜਾਗਰੇ' ਵਾਲੀ ਰਾਤ ਕਿਵੇਂ ਬੱਚੇ ਤੋਂ ਲੈ



Scanned by CamScanner

ਕੇ ਬੁੱਢੇ ਤੱਕ ਹਰੇਕ ਪਿੰਡ-ਵਾਸੀ ਦੇ ਅੰਦਰ ਚਾਅ-ਉਤਸ਼ਾਹ ਹੁੰਦਾ ਹੈ । ਲੱਖਾਂ ਰੁਪਏ ਖ਼ਰਚ ਕੇ ਵੀ ਪਿੰਡ ਵਿੱਚ ਉਤਨਾ ਧਰਮ-ਪ੍ਰਚਾਰ ਨਹੀਂ ਕੀਤਾ ਜਾ ਸਕਦਾ, ਜਿਤਨਾ ਇਹ ਗਰੀਬ ਝੀਊਰ ਢਾਢੀ ਪੈਂਚ ਥੋੜੇ ਜਿਹੇ ਖ਼ਰਚ ਨਾਲ ਕਰਦੇ ਰਹਿੰਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੇ ਰਾਹੀ ਪ੍ਰਚਾਰ ਤੇ ਪ੍ਰਸਾਰ ਲਈ ਆਮ ਲੋਕਾਂ ਦੇ ਅੰਦਰ ਆਪਣੀ ਗੱਲ ਪਹੁੰਚਾਉਣ ਦੇ ਲਈ ਸਤਿਗੁਰਾਂ ਨੇ ਵਾਰਾਂ ਉਚਾਰਣ ਕੀਤੀਆਂ।ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਉਪਰ ਤੁਰਕੇ ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਨੇ ਵੀ 'ਵਾਰਾਂ' ਲਿਖੀਆਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ । ਇਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਸਤਿਗੁਰੂ ਨਾਨਕ ਦੇਵ ਜੀ ਨੇ ੩'ਵਾਰਾਂ' ਲਿਖੀਆਂ ਹਨ।ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਰਾਗ ਮਲਾਰ, ਰਾਗ ਮਾਝ ਅਤੇ ਰਾਗ ਆਸਾ ਵਿੱਚ ਅੰਕਿਤ ਹਨ । ਗੁਰੂ ਅਮਰਦਾਸ ਜੀ—੪ 'ਵਾਰਾਂ', ਜੋ ਗੂਜਰੀ, ਸੂਹੀ, ਰਾਮਕਲੀ, ਮਾਰੂ ।

ਗੁਰੂ ਰਾਮਦਾਸ ਜੀ—੮'ਵਾਰਾਂ, ਜੋ ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ ।

ਗੁਰੂ ਅਰਜਨ ਸਾਹਿਬ—੬ 'ਵਾਰਾਂ' ਜੋ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ।

ਇੱਕ ਵਾਰ ਸੱਤੇ ਬਲਵੰਡ ਦੀ ਹੈ ਜੋ ਰਾਮਕਲੀ ਰਾਗ ਵਿਚ ਦਰਜ ਹੈ । ਸਾਰੀਆਂ 'ਵਾਰਾਂ' ਦਾ ਜੋੜ ੨੨ ਹੈ :

ਗੁਰੂ ਗ੍ਰੰਥ ਸਾਹਿਬ ਦੀਆਂ ੨੨ 'ਵਾਰਾਂ' ਵਿਚੋਂ ਸਿਰਫ਼ ੨ ਐਸੀਆਂ 'ਵਾਰਾਂ' ਹਨ ਜਿਨ੍ਹਾਂ ਦੇ ਨਾਲ ਕੋਈ ਸ਼ਲੋਕ ਨਹੀਂ ਹੈ—ਬਸੰਤ ਕੀ ਵਾਰ ਮਹਲੁ ੫ ਅਤੇ ਸੱਤੇ ਬਲਵੰਡ ਦੀ ਵਾਰ।ਬਾਕੀ ਸਾਰੀਆਂ 'ਵਾਰਾਂ' ਦੇ ਨਾਲ ਸ਼ਲੋਕ ਹਨ, ਹਰੇਕ ਪਉੜੀ ਦੇ ਨਾਲ ਘੱਟ ਤੋਂ ਘੱਟ ੨ ਸ਼ਲੋਕ । ਇਹ ਸ਼ਲੋਕ ਸਾਰੇ ਗੁਰ-ਵਿਅਕਤੀਆਂ ਦੇ ਸ਼ਲੋਕਾਂ ਦੇ ਸੰਗ੍ਰਹਿ ਵਿੱਚੋਂ ਵਿਸ਼ੇ ਮੁਤਾਬਿਕ ਭਾਵ ਅਨੁਸਾਰ ਹਰੇਕ ਪਉੜੀ ਦੇ ਨਾਲ ਗੁਰੂ ਅਰਜਨ ਸਾਹਿਬ ਨੇ ਦਰਜ ਕੀਤੇ ਸਨ । ਉਹਨਾਂ ਸੰਗ੍ਰਹਿਆਂ ਵਿੱਚੋਂ ਜਿਹੜੇ ਸ਼ਲੋਕ ਫਿਰ ਵੀ ਵੱਧ ਰਹੇ, ਉਹ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਤੇ ਦਰਜ ਕਰ ਦਿੱਤੇ।ਇਹ ਗੱਲ ਉਹਨਾਂ ਸ਼ਲੋਕਾਂ ਦੇ ਸਿਰਲੇਖ ਤੋਂ ਸਾਫ਼ ਪ੍ਰਗਟ ਹੁੰਦੀ ਹੈ । ਸਿਰਲੇਖ ਹੈ "ਸਲੋਕ ਵਾਰਾਂ ਤੇ ਵਧੀਕ" ।

ਦੁਨੀਆ ਦੇ ਕਵੀਆਂ ਨੇ ਕਿਸੇ ਸੂਰਮੇ ਦੀ ਉਹ ਬਹਾਦਰੀ ਲੋਕਾਂ ਦੇ ਸਾਹਮਣੇ ਪੇਸ਼ ਕੀਤੀ ਹੈ ਜੋ ਉਸਨੇ ਰਣ-ਭੂਮੀ ਵਿੱਚ ਤਲਵਾਰ ਫੜ ਕੇ ਵਿਖਾਈ ਸੀ।ਪ੍ਰੰਤੂ ਸਤਿਗੁਰਾਂ ਨੇ ਇਸ ਸਾਰੇ ਜਗਤ ਨੂੰ ਇੱਕ ਰਣ-ਭੂਮੀ ਵੇਖਿਆ, ਸਭ ਜੀਵ-ਸਿਪਾਹੀ ਕਾਮਾਦਿਕ ਬੇਅੰਤ ਵੈਰੀਆਂ ਨਾਲ ਲੜ ਰਹੇ ਹਨ।ਆਮ ਦੁਨੀਆ ਤਾਂ ਹਾਰ ਖਾ ਰਹੀ ਹੈ, ਪਰ ਵਿਰਲੇ ਵਿਰਲੇ ਗੁਰਮੁਖਿ-ਜੋਧੇ



Scanned by CamScanner

ਇਹਨਾਂ ਵੈਰੀਆਂ ਨੂੰ ਕਰਾਰੇ ਹੱਥ ਵਿਖਾਂਦੇ ਹਨ । ਤਲਵਾਰ ਵਾਲੀ ਰਣ-ਭੂਮੀ ਵਿਚ ਤਲਵਾਰ ਚਲਾਣ ਦੇ ਕਈ ਦਾਅ-ਪੇਚ ਹੁੰਦੇ ਹਨ, ਤੇ ਕਵੀ ਉੱਘੇ ਯੋਧਿਆਂ ਦੇ ਉਹ ਉੱਘੇ ਦਾਅ-ਪੇਚ ਕਵਿਤਾ ਵਿਚ ਬਿਆਨ ਕਰਦੇ ਹਨ । ਇਸ ਸੰਗ੍ਰਾਮ ਵਿੱਚ ਵੀ ਕਾਮਾਦਿਕ ਵੈਰੀਆਂ ਦਾ ਟਾਕਰਾ ਕਰਨ ਲਈ ਕਈ ਸੁਚੱਜੇ ਦਾਅ-ਪੇਚ ਹਨ ਜੋ ਗੁਰਮੁਖਿ-ਜੋਧੇ ਵਰਤਦੇ ਹਨ । ਸਿਮਰਨ, ਸੇਵਾ,ਕੀਰਤਨ, ਸਤਸੰਗ, ਪ੍ਰੇਮ ਆਦਿਕ ਇਸ ਅਖਾੜੇ ਦੇ ਦਾਅ-ਪੇਚ ਹਨ। ਗੁਰ-ਵਿਅਕਤੀਆਂ ਨੇ ਆਤਮ-ਸੰਗ੍ਰਾਮ ਦੇ ਕਾਰਨਾਮਿਆਂ ਤੇ ਜੋ 'ਵਾਰਾਂ' ਲਿਖੀਆਂ ਹਨ, ਇਹਨਾਂ ਵਿੱਚ ਵੀ ਕੋਈ ਇੱਕੋ ਇੱਕ ਕਾਰਨਾਮਾ ਚੁਣਿਆ ਹੁੰਦਾ ਹੈ, ਕਿਸੇ ਇੱਕੋ ਇੱਕ ਆਤਮ ਦਾਅ-ਪੇਚ ਦੀ ਵਿਆਖਿਆ ਕੀਤੀ ਹੁੰਦੀ ਹੈ। ਮਿਸਾਲ ਦੇ ਤੌਰ ਤੇ :

੧. ਸਿਰੀ ਰਾਗ ਕੀ ਵਾਰ ਮ: ੪ ਵਿੱਚ 'ਮਨੁੱਖਾ ਜੀਵਨ ਦਾ ਮਨੋਰਥ' ।

੨. ਮਾਝ ਕੀ ਵਾਰ ਮ: ੧ ਵਿੱਚ 'ਬਹੁ ਰੰਗੀ ਜਗਤ ਦੀ ਮਮਤਾ' ।

੩. ਗਉੜੀ ਕੀ ਵਾਰ ਮ: ੪ ਵਿੱਚ 'ਸਤਿਗੁਰ ਦੀ ਸਰਨ' ।

੪. ਗਉੜੀ ਕੀ ਵਾਰ ਮ: ੫ ਵਿੱਚ 'ਸਾਧ ਸੰਗਤਿ' ।

੫. ਆਸਾ ਕੀ ਵਾਰ ਮ: ੧ ਵਿੱਚ 'ਮਨੁੱਖਾ ਜੀਵਨ ਦਾ ਮਨੋਰਥ' ।

੬. ਗੂਜਰੀ ਕੀ ਵਾਰ ਮ: ੩ ਵਿੱਚ 'ਮਾਇਆ ਦਾ ਪ੍ਰਭਾਵ' ।

੭. ਗੂਜਰੀ ਕੀ ਵਾਰ ਮ: ੫ ਵਿੱਚ 'ਜਗਤ ਦੇ ਵਿਕਾਰ' ।

੮. ਬਿਹਾਗੜੇ ਕੀ ਵਾਰ ਮ: ੪ ਵਿੱਚ 'ਪ੍ਰਭੂ ਦੀ ਸਿਫ਼ਤਿ-ਸਾਲਾਹ' ।

੯. ਵਡਹੰਸ ਕੀ ਵਾਰ ਮ: ੪ ਵਿੱਚ 'ਸਤਿਗੁਰੂ' ।

੧੦. ਸੋਰਠਿ ਕੀ ਵਾਰ ਮ: ੪ ਵਿੱਚ 'ਜਗਤ ਦੇ ਵਿਕਾਰ' ।

ਹਰੇਕ 'ਵਾਰ' ਦਾ ਕੇਂਦਰੀ ਮਜ਼ਮੂਨ ਇਕੋ ਹੀ ਹੋਇਆ ਕਰਦਾ ਹੈ। ਪੰਜਾਬੀ ਦੀਆਂ ਹੋਰ 'ਵਾਰਾਂ'—

ਪ੍ਰਾਂਤ ਪੰਜਾਬ ਹਿੰਦੁਸਤਾਨ ਦੇ ਉੱਤਰ-ਪੱਛਮੀ ਸਿਰੇ ਦੀ ਹੱਦ ਉਤੇ ਹੋਣ ਕਰਕੇ ਇਥੇ ਕਾਬੁਲ ਵਾਲੇ ਪਾਸਿਓਂ ਹੱਲੇ ਨਿੱਤ ਹੁੰਦੇ ਹੀ ਰਹਿੰਦੇ ਸਨ ਤੇ ਜੁੱਧਾਂ ਜੰਗਾਂ ਦੀ ਸੰਭਾਵਨਾ ਸਦਾ ਟਿਕੀ ਰਹਿੰਦੀ ਸੀ ।ਦੇਸ ਦੀ ਇੱਜ਼ਤ-ਅਣਖ ਬਚਾਣ ਲਈ ਇਸ ਧਰਤੀ ਉਤੇ ਜੋਧਿਆਂ ਸੂਰਮਿਆਂ ਦਾ ਪੈਦਾ ਹੋਣਾ ਵੀ ਕੁਦਰਤੀ ਗੱਲ ਸੀ, ਤੇ ਕਵੀ ਲੋਕ ਇਹਨਾਂ ਯੋਧਿਆਂ ਦਾ ਕੋਈ ਨ ਕੋਈ ਕਾਰਨਾਮਾ ਲਿਖ ਕੇ ਆਮ ਜਨਤਾ ਦੇ ਅੰਦਰ ਦਲੇਰੀ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਸਨ । ਸੋ, ਪੰਜਾਬ ਵਿੱਚ ਕਈ 'ਵਾਰਾਂ' ਲੋਕਾਂ ਨੂੰ ਯਾਦ ਸਨ, ਤੇ 'ਜਾਗਰੇ' ਆਦਿਕਾਂ ਵਿਚ ਗਾਈਆਂ ਜਾਂਦੀਆਂ ਸਨ ।ਉਸ ਸਮੇਂ ਦੀਆਂ ਪ੍ਰਸਿੱਧ 'ਵਾਰਾਂ' ਵਿਚੋਂ ਹੇਠ-ਲਿਖੀਆਂ ਨੌ 'ਵਾਰਾਂ' ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਦੀਆਂ 'ਵਾਰਾਂ' ਦੇ ਸਿਰਲੇਖਾਂ ਵਿੱਚ ਮਿਲਦਾ ਹੈ—



Scanned by CamScanner

੧. ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ ।

੨. ਰਾਇ ਕਮਾਲ ਦੀ ਮੋਜਦੀ ਦੀ ਵਾਰ ।

੩. ਲਲਾ ਬਹਿਲੀਮਾ ਦੀ ਵਾਰ ।

੪. ਟੁੰਡੇ ਅਸ ਰਾਜੇ ਦੀ ਵਾਰ ।

੫. ਸਿਕੰਦਰ ਬਿਰਾਹਿਮ ਦੀ ਵਾਰ ।

੬. ਹਸਨੇ ਮਹਮੇ ਦੀ ਵਾਰ ।

੭. ਮੂਸੇ ਦੀ ਵਾਰ ।

੮. ਜੋਧੇ ਵੀਰੇ ਦੀ ਵਾਰ ।

੯. ਰਾਣਾ ਕੈਲਾਸਦੇਵ ਮਾਲਦੇ ਦੀ ਵਾਰ।

ਪੰਜਾਬ ਵਿੱਚ ਬਹੁਤ 'ਵਾਰਾਂ' ਪ੍ਰਚਿਲੱਤ ਸਨ । ਲੋਕਾਂ ਦੇ ਘੱਟਦੇ ਸ਼ੌਕ ਦੇ ਕਾਰਨ ਕਈ ਵਾਰਾਂ ਤਾਂ ਢਾਢੀਆਂ ਦੇ ਨਾਲ ਹੀ ਮੁੱਕ ਗਈਆਂ ।ਕੁੱਝ ਕੁ ਪ੍ਰਸਿੱਧ 'ਵਾਰਾਂ' ਦੇ ਨਾਮ ਹੇਠ ਦਿੱਤੇ ਜਾਂਦੇ ਹਨ :—

੧. ਜੈਮਲ ਫੱਤੇ ਦੀ ਵਾਰ ।

੨. ਦਹੂਦ ਦੀ ਵਾਰ ।

੩. ਬੰਦਾ ਸਾਹਿਬ ਦੀ ਵਾਰ—ਹਾਕਮ ਰਾਇ ।

੪. ਨਾਦਰ ਸ਼ਾਹ ਦੀ ਵਾਰ—ਨਜਾਬਤ ਕਵੀ ।

੫. ਸਿੰਘਾਂ ਦੀ ਵਾਰ—ਭਾਈ ਗੁਰਦਾਸ ਜੀ ਦੂਜੇ ।

੬. ਗਾਜਾ ਸਿੰਘ ਦੀ ਵਾਰ ।

੭. ਸਰਦਾਰ ਮਾਂਹ ਸਿੰਘ ਦੀ ਵਾਰ—ਹਾਸ਼ਮ ਕਵੀ ।

੮. ਚੱਠਿਆਂ ਦੀ ਵਾਰ—ਮੀਆਂ ਪੀਰ ਮੁਹੰਮਦ ਕਵੀ ।

੯. ਹਕੀਕਤ ਰਾਇ ਦੀ ਵਾਰ—ਅਗਰਾ ਕਵੀ ।

੧੦. ਸਰਦਾਰ ਹਰੀ ਸਿੰਘ ਦੀ ਵਾਰ—ਕਾਦਰ ਯਾਰ ਕਵੀ ।

੧੧. ਭਾਈ ਗੁਰਦਾਸ ਜੀ ਦੀਆਂ ਵਾਰਾਂ ।

੧੨. ਸ੍ਰੀ ਭਗਉਤੀ ਜੀ ਦੀ ਵਾਰ ।



Scanned by CamScanner

## ੫. ਭਗਤਾਂ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਵਿੱਚੋਂ ੨੨ ਰਾਗਾਂ ਵਿੱਚ ਭਗਤਾਂ ਦੀ ਬਾਣੀ ਦਰਜ ਹੈ। ਇਹ ਬਾਣੀ ਰਾਗ ਦੇ ਸਭ ਤੋਂ ਅਖੀਰ ਵਿੱਚ ਆਉਂਦੇ ਹਨ। ਇਸ ਵਿੱਚ ਵੀ ਸਭ ਤੋਂ ਪਹਿਲਾਂ ਭੱਗਤ ਕਬੀਰ ਜੀ ਦੀ ਬਾਣੀ ਫਿਰ ਭਗਤ ਨਾਮਦੇਵ ਜੀ ਦੀ,ਭਗਤ ਰਵਿਦਾਸ ਜੀ ਦੀ ਫਿਰ ਬਾਕੀ ਦੇ ਭਗਤਾਂ ਦੀ ਬਾਣੀ ਕ੍ਰਮਵਾਰ ਆਉਂਦੀ ਹੈ। ਕਿਉਂਕਿ ਭਗਤ ਕਬੀਰ ਜੀ ਦੀ ਸਭ ਭਗਤਾਂ ਨਾਲੋਂ ਵੱਧ ਬਾਣੀ ਆਉਂਦੀ ਹੈ। ਭਗਤਾਂ ਦੇ ਸਾਰੇ ਭਗਤ ਕਬੀਰ ਭਗਤਾਂ ਦੇ ਸਾਰੇ ਸ਼ਬਦ ੩੪੯ ਹਨ, ਅਤੇ ਭਗਤ-ਬਾਣੀ ਵਿੱਚ ੩ ਸ਼ਬਦ ਗੁਰੂ ਅਰਜਨ ਸਾਹਿਬ ਜੀ ਦੇ ਵੀ ਆਉਂਦੇ ਹਨ । ਕੁੱਲ ਜੋੜ ੩੫੨ ਹੈ ।

| | | | |
|---|---|---|---|
| ਕਬੀਰ ਜੀ | -੨੨੪ | ਭੀਖਨ ਜੀ | -੨ |
| ਨਾਮਦੇਵ ਜੀ | -੬੧ | ਸੂਰਦਾਸ ਜੀ | -੧ (ਸਿਰਫ਼ ਤੁੱਕ) |
| ਰਵਿਦਾਸ ਜੀ | -੪੦ | ਪਰਮਾਨੰਦ ਜੀ | -੧ |
| ਤ੍ਰਿਲੋਚਨ ਜੀ | - ੪ | ਸੈਣ ਜੀ | -੧ |
| ਫਰੀਦ ਜੀ | - ੪ | ਪੀਪਾ ਜੀ | -੧ |
| ਬੈਣੀ ਜੀ | - ੩ | ਸਧਨਾ ਜੀ | -੧ |
| ਧੰਨਾ ਜੀ | - ੩ | ਰਾਮਾਨੰਦ ਜੀ | -੧ |
| ਜੈਦੇਵ ਜੀ | - ੨ | ਗੁਰੂ ਅਰਜਨ ਦੇਵ ਜੀ | -੩ |
| | | ਜੋੜ | ੩੫੨ |

ਸ਼ਬਦਾਂ ਤੋਂ ਇਲਾਵਾ ਗਉੜੀ ਰਾਗ ਵਿੱਚ ਕਬੀਰ ਜੀ ਦੀਆਂ ਹੋਰ ਬਾਣੀਆਂ ਹਨ-ਬਾਵਨ ਅੱਖਰੀ, ਪੰਦ੍ਰਹ ਥਿਤੀ, ਸਤ ਵਾਰ ਆਦਿ। ਕਬੀਰ ਜੀ ਅਤੇ ਫਰੀਦ ਜੀ ਦੇ ਸ਼ਲੋਕਾਂ ਦੇ ਸੰਗ੍ਰਹਿ ਵੀ ਆਉਂਦੇ ਹਨ।

## ਮਹਲਾ ਪਹਿਲਾ ੧ ਘਰੁ ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਪੜ੍ਹਨ ਲੱਗਿਆ ਬਹੁਤ ਧਿਆਨ ਨਾਲ ਪੜ੍ਹਨਾ ਪੈਂਦਾ ਹੈ। ਕਿਉਂਕਿ ਸਿਰਲੇਖਾਂ ਨੂੰ ਬਹੁਤ ਧਿਆਨ ਨਾਲ ਪੜ੍ਹਨਾ ਪੈਦਾ ਹੈ।ਤਾਂ ਕਿ ਅਸੀਂ ਜੋ ਪੜ੍ਹ ਰਹੇ ਹਾਂ ਉਸ ਦਾ ਮਤਬਲ ਕੀ ਹੈ? ਜਿਵੇਂ ਇਹ ਸਿਰਲੇਖ ਆਇਆ ਹੈ- ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧...ਰਾਗ ਦਾ ਨਾਂ ਸਿਰੀ ਰਾਗੁ ਹੈ। 'ਮਹਲਾ ੧' ਦੇ



Scanned by CamScanner

ਅੰਕ ਤੋਂ ਪਹਿਲਾਂ ਲਫ਼ਜ਼ 'ਪਹਿਲਾ' ਤੋਂ ਸਾਫ਼ ਪ੍ਰਤੱਖ ਸਬਦਾਂ ਵਿੱਚ ਲਿਖਿਆ ਹੈ। ਇਸ ਅੰਕ ੧ ਨੂੰ ਇੱਕ ਨਹੀਂ ਪੜ੍ਹਨਾ ਬਲਕਿ 'ਪਹਿਲਾ' ਪੜ੍ਹਨਾ ਹੈ। ਇਸੇ ਤਰ੍ਹਾਂ 'ਘਰੁ ੧' ਦੇ ਅੰਕ ੧ ਨੂੰ ਵੀ ਪਹਿਲਾ ਹੀ ਪੜ੍ਹਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕਈ ਸਥਾਨਾਂ ਵਿੱਚ ਇਸ ਦਾ ਜ਼ਿਕਰ ਆਇਆ ਹੈ ਜਿਵੇਂ ਕਿ ਪੰਨਾ ੨੩ ਉਤੇ ਸ਼ਬਦ ਨੰ: ੨੫ ਦਾ ਸਿਰਲੇਖ 'ਸਿਰੀਰਾਗੁ ਮਹਲਾ ੧ ਘਰੁ ਦੂਜਾ ੨। ਇਥੇ 'ਘਰੁ ੨' ਦੇ ਅੰਕ ਨੂੰ ਲਿਖਿਆ ਹੈ 'ਦੂਜਾ'। ਵੇਖੋ, ਪੰਨਾ ੧੬੩, ਸਿਰਲੇਖ ਗਉੜੀ 'ਗੁਆਰੇਰੀ ਮਹਲਾ ੪ ਚਉਥਾ', ਇਥੇ 'ਮਹਲਾ ੪' ਦੇ ਅੰਕ ਨੂੰ ਲਿਖਿਆ ਹੈ 'ਚਉਥਾ'। ਇਸੇ ਤਰ੍ਹਾਂ ਜੇਕਰ ਹੋਰ ਵਧੀਕ ਤਸੱਲੀ ਕਰਨੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੰਨਾ ਨੰ: ੪੯੨, ੫੨੪, ੫੮੨, ੬੦੫, ੬੩੬, ੬੬੧, ੬੬੪ ਅਤੇ ੧੧੬੯ ਉਪਰ ਵੇਖ ਲਿਆ ਜਾ ਸਕਦਾ ਹੈ।

## ਮਹਲੁ/ਮਹਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੬ ਗੁਰੂ ਸਾਹਿਬਾਨ ਦੀ ਬਾਣੀ ਆਈ ਹੈ। ਗੁਰੂ ਸਹਿਬਾਨ ਦੇ ਲਈ ਮਹਲਾ ਸ਼ਬਦ ਆਇਆ ਹੈ। ਪ੍ਰੰਤੂ ਹਰੇਕ ਗੁਰੂ ਸਹਿਬਾਨ ਜੀ ਦੀ ਬਾਣੀ ਦੇ ਅਖੀਰ ਵਿੱਚ ਨਾਨਕ ਸ਼ਬਦ ਹੀ ਆਉਂਦਾ ਹੈ। ਤਾਂ ਕਿ ਗੁਰਬਾਣੀ ਪੜਨ ਵਾਲੇ ਨੂੰ ਭੁਲੇਖਾ ਨਾ ਪਵੇ ਇਸ ਲਈ ਮਹਲਾ ਲਫ਼ਜ਼ ਅੱਗੇ ਅੰਕਾਂ ਦੀ ਗਿਣਤੀ ਲਿਖੀ ਹੈ। ਜਦੋਂ ਅਸੀਂ ਇਸ਼ ਸ਼ਬਦ ਦੀ ਵੀਚਾਰ ਕਰਦੇ ਹਾਂ ਤਾਂ ਇਥੇ ਲਫ਼ਜ਼ 'ਮਹਲਾ' ਦੇ ਥਾਂ ਲਫ਼ਜ਼ 'ਮਹਲੁ' ਹੈ। ਜੇ ਲਫ਼ਜ਼ 'ਮਹਲਾ' ਦਾ ਉਚਾਰਨ 'ਮਹੱਲਾ' ਕਰੀਏ, ਤਾਂ ਲਫ਼ਜ਼ 'ਮਹਲੁ' ਦਾ ਉਚਾਰਨ ਮਹੱਲ ਕਰਨਾ ਪਏਗਾ ਅਤੇ 'ਮਹੱਲਾ' ਅਤੇ 'ਮਹਲੁ' ਦੇ ਅਰਥ ਵਿੱਚ ਫ਼ਰਕ ਪ੍ਰਤੱਖ ਹੈ। ਸੋ ਠੀਕ ਉਚਾਰਨ ਲਫ਼ਜ਼ 'ਬਹਰਾ' 'ਗਹਲਾ' ਵਾਂਗ ਹੈ। ਇਸ ਤਰ੍ਹਾਂ ਲਫ਼ਜ਼ 'ਮਹਲਾ' ਦਾ ਜੋ 'ਮਹੱਲਾ' ਉੱਚਾਰਨ ਚੱਲ ਪਿਆ ਹੈ। ਇਸ ਦਾ ਅਸਲ ਕਾਰਨ ਇਹ ਜਾਪਦਾ ਹੈ ਕਿ ਸਿਰਲੇਖ ਦੇ ਲਫ਼ਜ਼ 'ਮਹਲਾ' ਨਾਲ ਹੀ ਆਮ ਤੌਰ ਤੇ ਲਫ਼ਜ਼ 'ਘਰੁ' ਵੀ ਲਿਖਿਆ ਮਿਲਦਾ ਹੈ ਤੇ, ਘਰਾਂ, ਮਹੱਲਿਆਂ ਦੇ ਸੰਬੰਧ ਨੂੰ ਹਰ ਕੋਈ ਜਾਣਦਾ ਹੀ ਹੈ।

ਸਿਰਲੇਖਾਂ ਵਿੱਚ ਲਫ਼ਜ਼ 'ਮਹਲਾ' ਅਨੇਕਾਂ ਵਾਰੀ ਵਰਤਿਆ ਹੋਇਆ ਹੈ। ਇਹ ਲਫ਼ਜ਼ ਨਿਰਾਰਥਕ ਨਹੀਂ ਹੋ ਸਕਦਾ, ਇਸ ਦਾ ਜ਼ਰੂਰ ਕੋਈ ਢੁਕਵਾਂ ਫਬਵਾਂ ਅਰਥ ਵੀ ਹੋਣਾ ਚਾਹੀਦਾ ਹੈ। ਜੋ ਸੱਜਣ ਇਸ ਨੂੰ 'ਮਹੱਲਾ' ਪੜ੍ਹ ਰਹੇ ਹਨ। ਉਹ ਹੁਣ ਤੱਕ ਇਸ ਦਾ ਕੋਈ ਢੁੱਕਵਾਂ ਅਰਥ ਨਹੀਂ ਦੱਸ ਸਕਦੇ।

ਕਈ ਪੁਰਾਣੇ ਸੰਪ੍ਰਦਾਈ ਵਿਦਵਾਨ ਸੱਜਣ ਇਸ ਨੂੰ ਸੰਸਕ੍ਰਿਤ ਦਾ ਲਫ਼ਜ਼ 'ਮਹਿਲਾ' ਸਮਝਦੇ ਹਨ, ਜਿਸ ਦਾ ਅਰਥ 'ਇਸਤ੍ਰੀ' ਹੈ। ਉਹ ਸੱਜਣ ਆਪਣੇ ਇਸ ਖ਼ਿਆਲ ਦੀ ਪੁਸ਼ਟੀ ਵਿੱਚ ਇਹ ਦਲੀਲ ਦੇਂਦੇ ਹਨ ਕਿ ਸਤਿਗੁਰੂ ਜੀ ਨੇ ਆਪਣੇ ਆਪ ਨੂੰ ਪ੍ਰਭੂ-ਪਤੀ ਦੀ



Scanned by CamScanner

‘ਇਸਤ੍ਰੀ’ ਮਿੱਥ ਕੇ ਬਾਣੀ ਲਿਖੀ ਹੈ, ਇਸ ਵਾਸਤੇ ਸਿਰ-ਲੇਖ ਵਿੱਚ ਆਪਣੇ ਆਪ ਨੂੰ ‘ਮਹਿਲਾ’ (ਇਸਤ੍ਰੀ) ਆਖਿਆ ਹੈ। ਪਰ ਇਹ ਅਰਥ ਵਿਅਕਰਣ ਦੀ ਕਸਵੱਟੀ ਉਤੇ ਪੂਰਾ ਨਹੀਂ ਉਤਰਦਾ । ਇਸ ਲਫ਼ਜ਼ ‘ਮਹਲਾ’ ਦੇ ਨਾਲ ਦਾ ਅੰਕ ਸਹੀ ਤਰੀਕੇ ਨਾਲ ਉਚਾਰਨ ਦੀ ਜਾਂਚ ਸਿਖਾਣ ਲਈ ਸਤਿਗੁਰੂ ਜੀ ਨੇ ਆਪ ਹੀ ਸੱਤ ਥਾਂਵਾਂ ’ਤੇ ਹਿਦਾਇਤ ਕਰ ਦਿੱਤੀ ਹੈ, ਅੰਕ ੧ ਵਾਸਤੇ ‘ਪਹਿਲਾ’, ਅੰਕ ੩ ਵਾਸਤੇ ‘ਤੀਜਾ’ ਅਤੇ ਅੰਕ ੪ ਵਾਸਤੇ ਲਫ਼ਜ਼ ‘ਚਉਥਾ’ ਵਰਤਿਆ ਹੈ । ਪਰ ਲਫ਼ਜ਼ ‘ਪਹਿਲਾ, ਤੀਜਾ, ਚਉਥਾ ਪੁਲਿੰਗ ਹਨ ਅਤੇ ਲਫ਼ਜ਼ ‘ਮਹਿਲਾ’ (ਇਸਤ੍ਰੀ) ਇਸਤ੍ਰੀ-ਲਿੰਗ ਹੈ। ਜੇ ਸਿਰ-ਲੇਖ ਵਾਲਾ ਲਫ਼ਜ਼ ‘ਮਹਲਾ’ ਇਸਤ੍ਰੀ-ਵਾਚਕ ਹੁੰਦਾ ਤਾਂ ਅੰਕ ੧, ੩, ੪ ਵਾਸਤੇ ਲਫ਼ਜ਼ ਪਹਿਲੀ, ਤੀਜੀ, ਚਉਥੀ ਵਰਤਦੇ। ਇਸੇ ਤਰ੍ਹਾਂ ‘ਆਸਾ ਦੀ ਵਾਰ’ ਦੇ ਸਿਰ-ਲੇਖ ‘ਸਲੋਕ ਭੀ ਮਹਲੇ ਪਹਿਲੇ ਕੇ ਲਿਖੇ’, ਦੇ ਥਾਂ ‘ਸਲੋਕ ਭੀ ਮਹਿਲਾ ਪਹਿਲੀ ਕੇ ਲਿਖੇ’ ਹੁੰਦਾ । ਭੱਟਾਂ ਦੇ ਸਵਈਆਂ ਵਿੱਚ ਅਸੀਂ ਹੇਠ-ਲਿਖੇ ਸਿਰ-ਲੇਖ ਪੜ੍ਹਦੇ ਹਾਂ :-ਸਵਈਏ ਮਹਲੇ ਪਹਿਲੇ ਕੇ ੧,ਸਵਈਏ ਮਹਲੇ ਦੂਜੇ ਕੇ ੨,ਸਵਈਏ ਮਹਲੇ ਤੀਜੇ ਕੇ ੩,ਸਵਈਏ ਮਹਲੇ ਚਉਥੇ ਕੇ ੪,ਸਵਈਏ ਮਹਲੇ ਪੰਜਵੇਂ ਕੇ ੫

ਜੇ ਲਫ਼ਜ਼ ‘ਮਹਲਾ’ ਸੰਸਕ੍ਰਿਤ ਦਾ ਲਫ਼ਜ਼ ‘ਮਹਿਲਾ’ ਹੁੰਦਾ, ਤਾਂ ਇਹਨਾਂ ਸਿਰ-ਲੇਖਾਂ ਦੇ ਥਾਂ ਵੀ ਅਸੀਂ ਹੇਠ-ਲਿਖੇ ਸਿਰਲੇਖ ਵੇਖਦੇ :-ਸਵਈਏ ਮਹਿਲਾ ਪਹਿਲੀ ਕੇ ੧,ਸਵਈਏ ਮਹਿਲਾ ਦੂਜੀ ਕੇ ੨,ਸਵਈਏ ਮਹਿਲਾ ਤੀਜੀ ਕੇ ੩,ਸਵਈਏ ਮਹਿਲਾ ਚਉਥੀ ਕੇ ੪,ਸਵਈਏ ਮਹਿਲਾ ਪੰਜਵੀਂ ਕੇ ੫, ਇਥੇ ਨੋਟ ਕਰਨ ਯੋਗ ਗੱਲ ਹੈ ਕਿ ‘ਗੰਡਾ’ ‘ਝੰਡਾ’ ਆਦਿਕ ਲਫ਼ਜ਼ ਪੁਲਿੰਗ ਹਨ । ਇਹਨਾਂ ਨਾਲ ਕੋਈ ‘ਸੰਬੰਧਕ’ ਆਵੇ ਤਾਂ ਅਖ਼ੀਰਲੇ( ਾ ) ਦੀ ਥਾਂ ( ੇ ) ਬਣ ਜਾਂਦੀ ਹੈ। ਜਿਵੇਂ ਗੰਡੇ ਦੀ ਕਿਤਾਬ, ਝੰਡੇ ਦੀ ਦੁਕਾਨ । ਲਫ਼ਜ਼ ‘ਕਮਲਾ, ਬਿਮਲਾ’ ਇਸਤਰੀ-ਲਿੰਗ ਹਨ। ਸੰਬੰਧਕ ਦੇ ਨਾਲ ਇਹਨਾਂ ਦੀ ਸ਼ਕਲ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਜਿਵੇਂ, ਕਮਲਾ ਦੀ ਕਲਮ, ਬਿਮਲਾ ਦਾ ਕੁੜਤਾ। ਇਸੇ ਤਰ੍ਹਾਂ ਜੇ ਲਫ਼ਜ਼ ‘ਮਹਲਾ’ ਇਸਤ੍ਰੀ-ਵਾਚਕ ਹੁੰਦਾ ਤਾਂ, ‘ਮਹਲਾ’ ਤੋਂ ‘ਮਹਲੇ’ ਨਾ ਬਣਦਾ; ਸਲੋਕ ਭੀ ‘ਮਹਲੇ ਪਹਿਲੇ ਕੇ’ ਨਾ ਹੁੰਦਾ ।

ਸੋ, ਇਸ ਵਿੱਚ ਕੋਈ ਸ਼ੱਕ ਨਹੀਂ ਰਿਹਾ ਕਿ ਸਿਰ-ਲੇਖ ਵਾਲਾ ਲਫ਼ਜ਼ ‘ਮਹਲਾ’ ਸੰਸਕ੍ਰਿਤ ਦਾ ਲਫ਼ਜ਼ ‘ਮਹਿਲਾ’ ਨਹੀਂ ਹੈ ਅਤੇ ਇਸ ਦਾ ਅਰਥ ਭੀ ‘ਇਸਤ੍ਰੀ’ ਨਹੀਂ ।ਅਰਥ ਅਨੁਸਾਰ ਚਾਰ ਹਿੱਸੇ

ਗੁਰਬਾਣੀ ਵਿਚ ਵਰਤੇ ਲਫ਼ਜ਼ ‘ਮਹਲ’ ਅਤੇ ‘ਮਹਲਾ’ ਦੇ ਅਰਥ ਅਨੁਸਾਰ ਪ੍ਰਮਾਣਾਂ ਦੀ ਵੰਡ ਚਾਰ ਹਿੱਸਿਆਂ ਵਿੱਚ ਕੀਤੀ ਜਾ ਸਕਦੀ ਹੈ:-

(੧) ‘ਮਹਲਾ’— ਇਸਤ੍ਰੀ ‘ਮਹਲ’ ਕੁਚਜੀ ਮੜਵੜੀ ਕਾਲੀ ਮਨਹੁ ਕੁਸੁਧ।੧।੫॥

ਸ਼ਲੋਕ ਮ: ੧, ਮਾਰੂ ਕੀ ਵਾਰ ਮ: ੩ (ਪੰਨਾ ੧੦੮੮)

(੨) ‘ਮਹਲੁ’-ਘਰ, ਟਿਕਾਣਾ, ਉਹ ਆਤਮਕ ਅਵਸਥਾ ਜਿੱਥੇ ਆਤਮਾ ਤੇ ਪ੍ਰਮਾਤਮਾ ਦਾ



Scanned by CamScanner

ਮਿਲਾਪ ਹੋ ਜਾਂਦਾ ਹੈ :-

ਖੋਜਤ ਖੋਜਤ ਦੁਆਰੇ ਆਇਆ ॥ ਤਾਂ ਨਾਨਕ ਜੋਗੀ 'ਮਹਲੁ' ਘਰੁ ਪਾਇਆ ॥੪॥੧੨॥ (੮੮੬)

ਖੋਲਿ ਕਿਵਾਰਾ 'ਮਹਲਿ' ਬੁਲਾਇਆ ॥ ਰਾਮਕਲੀ ਮ: ਪ (ਮਹਲਿ-ਮਹਲ ਵਿਚ)

ਗੁਰਪ੍ਰਸਾਦਿ ਕੋ ਇਹ 'ਮਹਲੁ' ਪਾਵੈ ॥ ਰਾਮਕਲੀ ਮ: ਪ (ਪੰਨਾ ੮੮੯)

ਦੁਬਿਧਾ ਰਾਤੇ 'ਮਹਲੁ' ਨ ਪਾਵਹਿ ॥ ੭ ॥ ੪ ॥ ਰਾਮਕਲੀ ਮ: ੧ (ਪੰਨਾ ੯੦੪)

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ 'ਮਹਲੁ' ਸਿਞਾਪੈ ॥ ਮ: ੧ 'ਓਅੰਕਾਰ' (ਪੰਨਾ ੯੩੦)

(੩) 'ਮਹਲ', 'ਮਹਲਾ'— ਵੱਡੀਆਂ ਵੱਡੀਆਂ ਇਮਾਰਤਾਂ, ਪੱਕੇ ਘਰ।

ਦਾਤਾ ਦਾਨੁ ਕਰੈ ਤਹ ਨਾਹੀ, 'ਮਹਲ' ਉਸਾਰਿ ਨ ਬੈਠਾ ॥ ੨ ॥ ੧ ॥ (ਪੰਨਾ ੯੦੨)

ਗੜ ਮੰਦਰ 'ਮਹਲਾ' ਕਹਾ, ਜਿਉ ਬਾਜੀ ਦੀਬਾਨੁ ॥੪੨॥ ਓਅੰਕਾਰੁ (ਪੰਨਾ ੯੩੬)

ਆਪੇ ਕੁਦਰਤਿ ਸਾਜੀਅਨੁ ਕਰਿ 'ਮਹਲ' ਸਰਾਈ ॥੧॥

ਰਾਮਕਲੀ ਕੀ ਵਾਰ ਮ: ੩ (ਪੰਨਾ ੯੪੭)

(੪) 'ਮਹਲਾ'-ਕਾਇਆਂ, ਸਰੀਰ ।

ਸਬਦੇ ਪਤੀਜੈ ਅੰਕੁ ਭੀਜੈ, ਸੁ ਮਹਲੁ 'ਮਹਲਾ' ਅੰਤਰੇ ॥ ਪੰਨਾ ੭੬੭

ਮਹਲਾ ਅੰਤਰੇ-ਸਭ ਸਰੀਰਾਂ ਵਿਚ ।

'ਮਹਲਾ' ਅੰਦਰਿ ਗੈਰ ਮਹਲੁ ਪਾਏ, ਭਾਣਾ ਬੁਝਿ ਸਮਾਹਾ ਹੇ ॥(੧੦੫੮)

**ਮਹਲਾ ਅੰਦਰਿ-ਸਰੀਰਾਂ ਵਿਚ ।**

ਏਕ 'ਮਹਲਿ' ਤੂੰ ਹੋਹਿ ਅਫਾਰੋ, ਏਕ 'ਮਹਲਿ' ਨਿਮਾਨੋ ॥

ਏਕ 'ਮਹਲਿ' ਤੂੰ ਆਪੇ ਆਪੇ, ਏਕ 'ਮਹਲਿ' ਗਰੀਬਾਨੋ ॥ ੧ ॥

ਏਕ 'ਮਹਲਿ' ਤੂੰ ਪੰਡਿਤੁ ਬਕਤਾ, ਏਕ 'ਮਹਲਿ' ਖਲੁ ਹੋਤਾ ॥

ਏਕ 'ਮਹਲਿ' ਤੂੰ ਸਭੁ ਕਿਛੁ ਗ੍ਰਾਹਜੁ, ਏਕ 'ਮਹਲਿ' ਕਛੂ ਨ ਲੇਤਾ ॥੨॥੫॥੧੨੬॥ (ਪੰਨਾ ੨੦੬)

ਮਹਲੁ-ਸਰੀਰ । ਮਹਲਿ-ਸਰੀਰ ਵਿੱਚ ।ਸਤਿਗੁਰੂ ਜੀ ਦੀ ਲਿਖੀ ਹੋਈ ਬਾਣੀ ਵਿੱਚ ਨਾਮ ਕੇਵਲ 'ਨਾਨਕ' ਹੀ ਆਉਂਦਾ ਹੈ। ਇਹ ਨਿਰਣਾ ਕਰਨ ਲਈ ਕਿ ਕਿਹੜੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ, ਲਫ਼ਜ਼ 'ਮਹਲਾ' ਵਰਤਿਆ ਗਿਆ ਹੈ। ਅੰਕ ਨੰ: ੪ ਵਿਚ ਦਿੱਤੇ ਗਏ ਪ੍ਰਮਾਣਾਂ ਅਨੁਸਾਰ ਇਸ ਲਫ਼ਜ਼ 'ਮਹਲਾ' ਦਾ ਅਰਥ ਹੈ 'ਸਰੀਰ'।



Scanned by CamScanner

‘ਮਹਲਾ ਪਹਿਲਾ’ ਦਾ ਅਰਥ ਹੈ-ਗੁਰੂ ਨਾਨਕ ਪਹਿਲਾ ਸਰੀਰ

‘ਮਹਲਾ ਦੂਜਾ’ ਦਾ ਅਰਥ ਹੈ- ਗੁਰੂ ਨਾਨਕ ਦੂਜਾ ਸਰੀਰ (ਗੁਰੂ ਅੰਗਦ ਜੀ)

‘ਮਹਲਾ ਤੀਜਾ’ ਦਾ ਅਰਥ ਹੈ-ਗੁਰੂ ਨਾਨਕ ਤੀਜਾ ਸਰੀਰ (ਗੁਰੂ ਅਮਰਦਾਸ ਜੀ)

ਸੱਤੇ ਬਲਵੰਡ ਦੀ ਵਾਰ ਵਿਚ ਬਲਵੰਡ ਲਿਖਦਾ ਹੈ-

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥

ਜੋਤਿ ਓਹਾ ਜੁਗਤਿ ਸਾਇ, ਸਹਿ ‘ਕਾਇਆ’ ਫੇਰਿ ਪਲਟੀਐ ॥ ੨॥ (ਪੰਨਾ ੯੬੬)

ਭਾਈ ਗੁਰਦਾਸ ਜੀ ਭੀ ਲਿਖਦੇ ਹਨ-

ਅਰਜੁਨ ‘ਕਾਇਆ’ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ॥

ਇਸ ਦਾ ਉਚਾਰਨ ਕੀ ਕਰਨਾ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਲਫ਼ਜ਼ ਰਹਤ,ਬਹਰੇ,ਬਹਲੇ,ਸਹਜੇ; ਗਹਲਾ, ਟਹਲ, ਮਹਰੇਰ ਅਤੇ ਇਹੋ ਜਿਹੇ ਹੋਰ ਵੀ ਕਈ ਲਫ਼ਜ਼ ਆਉਂਦੇ ਹਨ, ਜਿੰਨ੍ਹਾਂ ਵਿਚ ਅੱਖਰ ‘ਹ’ ਆਉਂਦਾ ਹੈ। ਜਿਵੇਂ ਇਹਨਾਂ ਲਫ਼ਜ਼ਾਂ ਦਾ ਉੱਚਾਰਨ ਕੀਤਾ ਜਾਂਦਾ ਹੈ, ਤਿਵੇਂ ਲਫ਼ਜ਼ ‘ਮਹਲਾ’ ਦਾ ਉੱਚਾਰਨ ਕਰਨਾ ਹੈ।ਮੁਹੱਲਾ, ਮਹੱਲਾ, ਮਹਿਲਾ ਨਹੀਂ ਕਰਨਾ ਸਿਰਫ ਮਹਲਾ ਹੀ ਪੜ੍ਹਨਾ ਹੈ।

## ਰਹਾਉ

ਇਸ ਤੋਂ ਭਾਵ ‘ਰਹਾਉ’ ਦੀ ਤੁੱਕ ਤੋਂ ਹੋਇਆ ਕਰ ਦਾ ਹੈ।ਗੁਰਬਾਣੀ ਦੇ ਅੰਦਰ ਜੋ ਸ਼ਬਦ, ਅਸਟਪਦੀਆਂ, ਲੰਬੇਰੀਆਂ ਬਾਣੀਆਂ ਵਿੱਚ ਇਹ ਸ਼ਬਦ ਆਉਂਦਾ ਹੈ।ਜਿਸ ਦਾ ਭਾਵ ਰੁੱਕਣਾ,ਠਹਿਰਾਉ,ਟਿੱਕ ਜਾਣਾ, ਅਸਲ ਵਿੱਚ ਰੁੱਕ ਕੇ ਵੀਚਾਰਨ ਦੇ ਲਈ ਕਿਹਾ ਗਿਆ ਹੈ।ਰਹਾਉ ਦੇ ਬੰਦ ਵਿੱਚ ਸ਼ਬਦ ਦਾ ਕੇਂਦਰੀ ਭਾਵ ਹੋਇਆ ਕਰਦਾ ਹੈ।ਕੇਂਦਰੀ ਭਾਵ ਨੂੰ ਸਾਰੇ ਸ਼ਬਦ ਵਿੱਚ ਵਿਸਥਾਰ ਨਾਲ ਬਿਆਨ ਕੀਤਾ ਹੁੰਦਾ ਹੈ।ਰਾਗ ਮਾਝ ਨੂੰ ਛੱਡ ਕੇ ਤਕਰੀਬਨ ਦੂਜੀ ਸਾਰੀ ਰਚਿਤ ਬਾਣੀ ਵਿੱਚ ਰਹਾਉ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ।ਕਈ ਸ਼ਬਦਾਂ ਦੀ ਪਹਿਲੇ ਬੰਦ ਹੀ ਰਹਾਉ ਸਬਦ ਦੀ ਵਰਤੋਂ ਕੀਤੀ ਗਈ ਹੈ।ਲੇਕਿਨ ਜਿਆਦਾਤਰ ਦੂਜਾ ਬੰਦ ਰਹਾਉ ਦਾ ਹੁੰਦਾ ਹੈ।ਇਸ ਬੰਦ ਦੇ ਅੱਗੇ ੧ ਹੁੰਦਾ ਹੈ।ਇਸ ਬੰਦ ਦੀ ਗਿਣਤੀ ਸ਼ਬਦ ਦੀਆਂ ਪੰਗਤੀਆਂ ਵਿੱਚ ਨਹੀਂ ਹੁੰਦੀ।ਕਈਆਂ ਸ਼ਬਦਾਂ ਵਿੱਚ ੧,੨,੩,੪,੫ ਤੱਕ ਵੀ ਆਉਂਦੇ ਹਨ।ਰਹਾਉ ਦੇ ਗੁਰਬਾਣੀ ਦੇ ਅੰਦਰ ਵੀ ਅਰਥ ਭਾਵ ਵਿੱਚ ਆਉਂਦੇ ਹਨ।ਜਿਵੇਂ

(੧) ਰਹੋ “ਭਾਈ ਰੇ ਗੁਰਮਤਿ ਸਾਚਿ ਰਹਾਉ।” {੩੦}

(੨) ਟਿਕਿਆ ਹੋਇਆ ਹਾਂ “ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ।”

(੩) ਰਹਿੰਦਾ ਹਾਂ “ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ।”{੪੬}

(੪) ਰਹਿਣ ਦਿਆਂ, ਛੱਡ ਦਿਆਂ



Scanned by CamScanner

"ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉ ਗੋ।"
"ਜਿਉ ਤੂ ਰਾਖਹਿ ਤਿਵੈ ਰਹਾਉ।" (੧੪੧੯)

'ਸ਼ਬਦ' 'ਅਸਟਪਦੀਆਂ' ਤੋਂ ਛੁੱਟ ਕਈ ਹੋਰ ਲੰਮੀਆਂ ਬਾਣੀਆਂ ਵੀ ਹਨ, ਜਿਨ੍ਹਾਂ ਦੇ ਸ਼ੁਰੂ ਵਿੱਚ 'ਰਹਾਉ' ਦੀਆਂ ਤੁੱਕਾਂ ਮਿਲਦੀਆਂ ਹਨ । ਇਹਨਾਂ ਬਾਣੀਆਂ ਵਿੱਚ ਵੀ 'ਰਹਾਉ' ਲਿਖਣ ਦਾ ਭਾਵ ਇਹੀ ਹੈ ਕਿ ਇਸ ਸਾਰੀ ਬਾਣੀ ਦਾ 'ਮੁੱਖ ਭਾਵ' 'ਰਹਾਉ' ਦੀਆਂ ਤੁੱਕਾਂ ਵਿੱਚ ਹੈ । ਜਿਵੇਂ ਕਿ 'ਸਿਧ ਗੋਸਟਿ' ਇਸ ਬਾਣੀ ਦੀਆਂ ੭੩ ਪਉੜੀਆਂ ਹਨ, ਪਰ ਇਸ ਦੀ ਪਹਿਲੀ ਪਉੜੀ ਤੋਂ ਪਿਛੋਂ ਹੇਠ-ਲਿਖੀਆਂ ਦੋ ਤੁਕਾਂ 'ਰਹਾਉ' ਦੀਆਂ ਹਨ;

ਕਿਆ ਭਵੀਐ ਸਚਿ ਸੂਚਾ ਹੋਇ ॥
ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ਰਹਾਉ॥

ਸਾਰੀ 'ਸਿਧ ਗੋਸਟਿ' ਦਾ ਕੇਂਦਰੀ-ਭਾਵ ਇਹ ਦੋ ਤੁਕਾਂ ਦੱਸ ਰਹੀਆਂ ਹਨ । ਜੋਗੀ ਲੋਕ ਦੇਸ-ਰਟਨ ਨੂੰ ਮੁਕਤੀ ਤੇ ਪਵਿੱਤ੍ਰਤਾ ਦਾ ਸਾਧਨ ਸਮਝਦੇ ਹਨ, ਇਸ ਸਾਰੀ ਬਾਣੀ ਵਿੱਚ ਜੋਗੀਆਂ ਨਾਲ ਚਰਚਾ ਹੈ ਤੇ ਇਹਨਾਂ ਦੋ ਤੁੱਕਾਂ ਵਿੱਚ ਦੋ ਸਬਦਾਂ ਵਿੱਚ ਇਹ ਗੱਲ ਦੱਸੀ ਹੈ ਕਿ ਦੇਸ-ਰਟਨ ਜਾਂ ਤੀਰਥ-ਯਾਤਰਾ 'ਸੁੱਚ' ਤੇ 'ਮੁਕਤੀ' ਦਾ ਸਾਧਨ ਨਹੀਂ ਹੈ, ਗੁਰ-ਸ਼ਬਦ ਹੀ ਮਨੁੱਖ ਦੇ ਮਨ ਨੂੰ ਸੁੱਚਾ ਕਰ ਸਕਦਾ ਹੈ। ਸਾਰੀ ਬਾਣੀ ਇਸੇ ਖ਼ਿਆਲ ਦੀ ਵਿਆਖਿਆ ਹੈ ।

'ਓਅੰਕਾਰ' ਸਿਰਲੇਖ ਦੇ ਹੇਠਾਂ ਜੋ ਰਾਗ 'ਰਾਮਕਲੀ ਦੱਖਣੀ' ਵਿੱਚ ਹੈ। ਇਸ ਦੀਆਂ ਸਾਰੀਆਂ ੫੪ ਪਉੜੀਆਂ ਹਨ, ਪਰ ਇਸ ਦੀਆਂ ਵੀ ਪਹਿਲੀ ਪਉੜੀ ਤੋਂ ਪਿਛੋਂ ਇਉਂ ਲਿਖਿਆ ਹੈ :—

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ਰਹਾਉ॥

ਇਥੇ ਵੀ ਸਾਫ਼ ਪ੍ਰਗਟ ਹੈ ਕਿ ਇਹ ਸਾਰੀ ਬਾਣੀ ਕਿਸੇ ਪੰਡਿਤ ਦੇ ਪਰਥਾਇ ਹੈ ਜੋ 'ਵਿੱਦਿਆ' ਉਤੇ ਬਹੁਤੀ ਟੇਕ ਰੱਖਦਾ ਹੈ । ਸਤਿਗੁਰੂ ਜੀ ਨੇ ਇਸ ਸਾਰੀ ਬਾਣੀ ਦਾ ਸਾਰ-ਅੰਸ਼ ਇਹ ਦੱਸਿਆ ਹੈ ਕਿ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸਭ ਤੋਂ ਉੱਤਮ ਵਿੱਦਿਆ ਹੈ ।

ਇਸ ਤਰ੍ਹਾਂ ਦੀਆਂ ਹੋਰ ਵੀ ਕਈ ਬਾਣੀਆਂ ਹਨ, ਜਿਨ੍ਹਾਂ ਵਿਚੋਂ ਇੱਕ 'ਸੁਖਮਨੀ' ਵੀ ਹੈ। ਇਸ ਦੀਆਂ ੨੪ ਅਸਟਪਦੀਆਂ ਹਨ, ਪਰ ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਤੋਂ ਪਿਛੋਂ ਆਈ 'ਰਹਾਉ' ਦੀ ਤੁੱਕ ਦੱਸਦੀ ਹੈ ਕਿ ਇਸ ਸਾਰੀ ਬਾਣੀ ਦਾ ਦੋ-ਹਰਫ਼ਾ 'ਮੁੱਖ ਭਾਵ' 'ਰਹਾਉ' ਵਿੱਚ ਹੈ ਅਤੇ ਸਾਰੀਆਂ ੨੪ ਅਸਟਪਦੀਆਂ ਇਸ 'ਮੁੱਖ ਭਾਵ' ਦੀ ਵਿਆਖਿਆ ਹਨ । ਸੋ 'ਸੁਖਮਨੀ' ਦਾ 'ਮੁੱਖ ਭਾਵ' ਹੇਠ-ਲਿਖੀਆਂ ਤੁੱਕਾਂ ਹਨ :—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥

ਪ੍ਰਭੂ ਦਾ ਨਾਮ ਸਭ ਸੁਖਾਂ ਦਾ ਮੂਲ ਹੈ ਤੇ ਇਹ ਮਿਲਦਾ ਹੈ ਗੁਰਮੁਖਾਂ ਤੋਂ, ਕਿਉਂਕਿ ਇਹ



Scanned by CamScanner

ਵੱਸਦਾ ਹੀ ਉਹਨਾਂ ਦੇ ਹਿਰਦੇ ਵਿੱਚ ਹੈ ।

## ਘਰੁ/ਘਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਘਰ ਸਬਦ ਸਿਰਲੇਖਾਂ ਵਿੱਚ ਆਉਂਦਾ ਹੈ। ਇਹ ਘਰ ਦੇ ਨਾਲ ੧-੧੭ ਤੱਕ ਦੀ ਗਿਣਤੀ ਵੀ ਆਉਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਘਰ ਦੇ ਕਈ ਅਰਥਾਂ ਵਿੱਚ ਆਉਂਦੇ ਹਨ ਜਿਵੇਂ ਕਿ ਸ਼ਾਸਤਰ, ਹਿਰਦਾ, ਮਨ, ਮਕਾਨ {ਜਿਨ੍ਹਾਂ ਦੇ ਅੰਦਰ ਇਨਸਾਨ ਰਿਹਾ ਕਰਦੇ} ਇਹ ਸਭ ਅਰਥ ਆਉਂਦੇ ਹਨ।ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜੋ ਇਹ ਸਿਰਲ੍ਹੇਖ ਆਏ ਹਨ। ਉਹਨਾਂ ਦੇ ਅਰਥ ਘਰ ਨੂੰ ਤਾਲਾਂ ਨਾਲ ਜੋੜਿਆ ਹੈ ਤੇ ਕੁੱਝ ਵਿਦਵਾਨਾਂ ਤਾਲਾਂ ਦੇ ਵਿਭਾਗਾਂ ਦੇ ਨਾਲ ਜੋੜਿਆ ਹੈ।ਭਾਈ ਕਾਨ੍ਹ ਸਿੰਘ ਜੀ ਨਾਭਾ ਜੀ ਨੇ ਇਸ ਨੂੰ ਘਰੁ ਦਾ ਅਰਥ ਤਾਲ ਕੀਤਾ ਹੈ ।ਦੂਜਾ ਅਰਥ ਇੱਕ ਹੀ ਰਾਗ ਦੇ ਸਰਗਮ ਪ੍ਰਸਾਰ ਗਾਇਣ ਦੇ ਪ੍ਰਕਾਰ ਨੂੰ ਵੀ ਆਖਿਆ ਜਾਂਦਾ ਹੈ।ਪੰਡਿਤ ਵਿਅਕੰਟ ਨੇ ਆਪਣੇ ਗ੍ਰੰਥ "ਚਤੁਰਦੰਡ ਪ੍ਰਕਾਸ਼ਿਕਾ" ਵਿੱਚ ਰਾਹਾਂ ੧੦ ਲੱਛਣ ਵਰਣਨ ਕੀਤੇ ਹਨ।ਅਸਲ ਗੁਰਮਤਿ ਸੰਗੀਤ ਦੇ ਅੰਦਰ ਘਰ ਦੇ ੨ ਅਰਥ ਆਉਂਦੇ ਹਨ।੧. ਤਾਲ, ੨.ਸਵਰ। ਘਰ ਤਾਲ ਦਾ ਸੂਚਕ ਹੈ।ਈਰਾਨੀ ਰਾਗਾਂ ਦੇ ਅੰਦਰ ੨ ਗਾਹ,੪ ਗਾਹ, ੬ ਗਾਹ ਆਦਿ ਆਉਂਦੇ ਹਨ।ਅਮੀਰ ਖੁਸਰੋ ਨੇ ੧੭ ਰਾਗਾਂ ਦੀ ਸੂਚੀ ਨਿਸਚਿਤ ਕੀਤੀ ਸੀ।ਧਨਾਸਰੀ ਰਾਗ ਦੇ ਅੰਦਰ ੧, ੨, ੩, ੪, ੫, ੬, ੭, ੮, ੯, ੧੨ ਤੱਕ ਆਉਂਦਾ ਹੈ।ਸਾਧਾਰਨ ਤੌਰ ਤੇ ਸ਼ਬਦਾਂ ਦੇ ਸ਼ੁਰੂ ਵਿਚ ਸਿਰ-ਲੇਖ ਵਜੋਂ 'ਰਾਗ' ਅਤੇ 'ਮਹਲਾ' ਲਿਖ ਕੇ ਲਫ਼ਜ਼ 'ਘਰ' ਵੀ ਲਿਖਿਆ ਮਿਲਦਾ ਹੈ; ਜਿਵੇਂ:

ਸਿਰੀ ਰਾਗੁ ਮਹਲਾ ੧ ਘਰੁ ੧,ਸਿਰੀ ਰਾਗੁ ਮਹਲਾ ੧ ਘਰੁ ੪,ਸਿਰੀ ਰਾਗੁ ਮਹਲਾ ੩ ਘਰੁ ੧,ਸਿਰੀ ਰਾਗੁ ਮਹਲਾ ੪ ਘਰੁ ੧,ਸਿਰੀ ਰਾਗੁ ਮਹਲਾ ੫ ਘਰੁ ੧'ਅਸਟਪਦੀਆਂ' ਦੇ ਸ਼ੁਰੂ ਵਿਚ, 'ਛੰਤਾਂ' ਦੇ ਸ਼ੁਰੂ ਵਿੱਚ ਵੀ ਇਸੇ ਤਰ੍ਹਾਂ 'ਘਰੁ ੧', 'ਘਰੁ ੨', 'ਘਰੁ ੪' ਆਦਿਕ ਲਫ਼ਜ਼ ਲਿਖੇ ਮਿਲਦੇ ਹਨ ।ਲਫ਼ਜ਼ 'ਘਰੁ' ਵਰਤਣ ਸੰਬੰਧੀ ਭਗਤਾਂ ਦੇ ਸ਼ਬਦਾਂ ਵਿੱਚ ਵੀ ਇਹੀ ਨਿਯਮ ਵਰਤਿਆ ਮਿਲਦਾ ਹੈ; ਜਿਵੇਂ ਭੈਰਉ ਕਬੀਰ ਜੀਉ ਘਰੁ ੧,ਭੈਰਉ ਕਬੀਰ ਜੀਉ ਅਸਟਪਦੀ ਘਰੁ ੨,ਭੈਰਉ ਨਾਮਦੇਉ ਜੀਉ ਘਰੁ ੧,ਭੈਰਉ ਨਾਮਦੇਉ ਜੀਉ ਘਰੁ ੨

## ਸਿਰੀ ਰਾਗੁ

ਪੰਨਾ-੧੪

ਇਸ ਰਾਗ ਦਾ ਨਾਂ ਕੇਵਲ ਸ੍ਰੀ ਹੈ।ਇਹ ਰਾਗ ਸਬਦ ਰਾਗ ਨੂੰ ਸੰਬੋਧਨ ਕੀਤਾ ਗਿਆ ਹੈ।ਇਹ ਰਾਗ ਪੂਰਬੀ ਠਾਟ ਦੀ ਔੜਵ ਸੰਪੂਰਣ ਰਾਗ ਹੈ। ਭਾਵ ਅਰੋਹੀ ਵਿੱਚ ੫ ਸੁਰਾਂ ਅਤੇ ਅਵਰੋਹੀ ੭ ਸੁਰਾਂ ਆਉਂਦੀਆਂ ਹਨ।ਅਰੋਹੀ ਵਿੱਚ ਗਾਂਧਰ ਅਤੇ ਧੈਵਤ ਵਰਜਿਤ ਹਨ।ਰਿਸ਼ਭ



Scanned by CamScanner

ਵਾਦੀ ਅਤੇ ਪੰਚਮ ਸੰਵਾਦੀ ਸੁਰ ਹਨ। ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਤੀਵ੍ ਹਨ ਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ।

ਅਰੋਹੀ--ਸ ਰਾ ਮੀ ਪ ਨ ਸ

ਅਵਰੋਹੀ--ਸ ਨ ਧਾ ਪ ਮੀ ਗ ਰਾ ਸ

ਇਸ ਰਾਗ ਦੇ ਗਾਉਣ ਦਾ ਸਮਾਂ ਸਾਮਾਂ (ਲੌਢਾ ਦਾ) ਵੇਲੇ ਹੈ। ਇਸ ਰਾਗ ਦੇ ਗੁਰਬਾਣੀ ਦੇ ਅੰਦਰ ਵੀ ਅਰਥ ਆਉਂਦੇ ਹਨ।

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ {ਪੰਨਾ ੮੩}

(੧) ਸਿਰਜੀ, ਰਚੀ, ਉਪਾਈ "ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰ।" (੨੭)

(੨) ਸਿਰਿਆਂ/ਹੱਦਾਂ ਤੇ-ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ। (੩੦੩)

(੩) ਸਤਿਕਾਰ/ਸ਼ੋਭਾ ਸੂਚਕ, ਮੰਗਲ ਰੂਪ "ਜਪਿ ਮਨ ਸਿਰੀ ਰਾਮੁ।"(੧੨੦੨)
"ਸਿਰਿ ਗੁਰੂ ਸਾਹਿਬੁ ਸਭ ਊਪਰਿ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ।"(੧੪੦੧)

## ਰਾਗੁ ਮਾਝ

ਪੰਨਾ-੯੪

ਇਸ ਰਾਗ ਸੰਪੂਰਣ ਜਤਿ ਦਾ ਰਾਗ ਹੈ। ਇਹ ਰਾਗ ਵਿੱਚ ਰਿਸ਼ਭ ਮੱਧਮ ਪੰਚਮ ਅਤੇ ਧੈਵਤ, ਸ਼ੁੱਧ ਗਾਂਧਰ ਅਤੇ ਨਿਸ਼ਾਦ ਦੋਵੇ ਸ਼ੁੱਧ ਅਤੇ ਕੋਮਲ ਲੱਗਦੇ ਹਨ। ਗ੍ਰਹਿ ਸੁਰ ਅਤੇ ਸ਼ਾੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਰ ਹੈ।

ਅਰੋਹੀ-- ਸ ਰ ਮ ਪ ਨ ਸ

ਅਵਰੋਹੀ-- ਸ ਨ ਧ ਪ ਧ ਮ ਗ ਮ ਰ ਪ ਗ ਰ ਗ ਸ ਰ ਨ ਸ

ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਗੁਰਬਾਣੀ ਦੇ ਅੰਦਰ ਮਾਝ ਸਬਦ ਦੇ ਵੀ ਅਰਥ ਆਉਦੇ ਹਨ।

ਮਾਝ ਵਿੱਚ, ਹਿਰਦੇ ਦੇ ਅੰਦਰ, ਭੀਤਰ ਅੰਦਰ ਇਸ ਦੇ ਰਾਹੀਂ ਜੀਵ ਆਤਮਾ ਨੂੰ ਪ੍ਰਮਾਤਮਾ ਦੇ ਨਾਲ ਜੋੜਨ ਦੀ ਜੁਗਤਿ ਦੀ ਗੱਲ ਕੀਤੀ ਗਈ ਹੈ।

"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।"(੩੩੮)

"ਪਿਤਾ ਹਮਾਰੇ ਪ੍ਰਗਟੇ ਮਾਝ।" (੧੧੪੧)



Scanned by CamScanner

## ਰਾਗੁ ਗਉੜੀ

ਪੰਨਾ-੧੫੧

ਇਹ ਰਾਗ ਇੱਕ ਰਾਗਣੀ ਹੈ। ਇਹ ਪੂਰਬੀ ਠਾਟ ਦੀ ਔੜਵ ਸਾੜਵ ਹੈ। ਇਹ ਸ੍ਰੀਰਾਗ ਦਾ ਹੀ ਅੰਗ ਹੈ। ਇਸ ਦੀ ਅਰੋਹੀ ਵਿੱਚ ਗਾਂਧਰ ਅਤੇ ਧੈਵਤ ਵਰਜਿਤ ਹਨ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹਨ। ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਤੀਵ੍ਰ ਹਨ ਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਕੁੱਝ ਭੇਦ ਵੀ ਹਨ ਜਿਵੇਂ-ਗੁਆਰੇਰੀ, ਚੇਤੀ, ਪੂਰਬੀ, ਦੀਪਕੀ, ਬੈਰਾਗਣਿ, ਮਾਝ, ਮਾਲਵਾ, ਮਾਲਾ ਇਸ ਨਾਲ ਮਿਲਾ ਕੇ ਗਾਏ ਜਾਂਦੇ ਹਨ। ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥{ਪੰਨਾ ੩੧੧} ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ।

## ਰਾਗੁ ਆਸਾ

ਪੰਨਾ- ੩੪੭

ਇਹ ਰਾਗ ਸੰਪੂਰਣ ਜਾੜਿ ਇੱਕ ਦੇਸੀ ਰਾਗਣੀ ਹੈ। ਰਿਸ਼ਭ ਵਾਦੀ ਅਤੇ ਮੱਧਮ ਸੰਵਾਦੀ ਸੁਰ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਗ੍ਰਹਿ ਸੁਰ ਅਤੇ ਸ਼ਾੜਜ ਹੈ। ਕਈ ਵਿਦਵਾਨ ਇਸ ਨੂੰ ਮੇਘ ਰਾਗਣੀ ਵੀ ਲਿਖਿਆ ਹੈ।

ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਲੇਕਿਨ ਗੁਰਮਤਿ ਦੇ ਅਨੁਸਾਰ ਸੰਧਿਆ ਵਖਤ 'ਸੋ ਦਰ' ਦੀ ਚੌਕੀ ਦਾ ਵਿਧਾਨ ਹੈ।

ਅਰੋਹੀ--ਸ਼ ਰ ਮ ਪ ਧ ਨ ਸ਼

ਅਵਰੋਹੀ—ਰ ਸ਼ ਨ ਧ ਪ ਮ ਗ ਮ ਰ ਸ਼

## ਰਾਗੁ ਗੂਜਰੀ

ਪੰਨਾ- ੪੯੯

ਗੂਜਰੀ, ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ {ਪੰਨਾ ੫੧੬}

ਇਹ ਰਾਗ ਟੋਡੀ ਠਾਟ ਦੀ ਸ਼ਾੜਵ ਰਾਗਣੀ ਹੈ। ਇਹ ਪੂਰਬੀ ਠਾਟ ਦੀ ਔੜਵ ਸਾੜਵ ਹੈ। ਇਸ ਰਾਗ ਵਿੱਚ ਪੰਚਮ ਵਰਜਿਤ ਹੈ। ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਸੁਰ ਹਨ। ਰਿਸ਼ਭ, ਗਾਂਧਰ, ਅਤੇ ਧੈਵਤ ਕੋਮਲ ਹਨ। ਮੱਧਮ ਤੀਵ੍ਰ ਹਨ ਤੇ ਨਿਸ਼ਾਦ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਚੜ੍ਹੇ ਦਾ ਵੇਲਾ ਹੈ।

ਅਰੋਹੀ-- ਸ਼ ਰਾ ਗਾ ਮੀ ਧਾ ਨ ਸ਼

ਅਵਰੋਹੀ— ਸ਼ ਨ ਧਾ ਮੀ ਗਾ ਰਾ ਸ਼



Scanned by CamScanner

## ਰਾਗੁ ਦੇਵਗੰਧਾਰੀ

ਪੰਨਾ-੫੨੭

ਇਹ ਰਾਗ ਬਿਲਾਵਲ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਸ਼ਾੜਜ ਵਾਦੀ ਅਤੇ ਪੰਚਮ ਸੰਵਾਦੀ ਸੁਰ ਹਨ। ਇਸ ਵਿੱਚ ਗਾਂਧਰ ਦੁਰਬਲ ਹੋ ਕੇ ਲੱਗਦਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਦਾ ਵੇਲਾ ਹੈ।

ਅਰੋਹੀ-- ਸ਼ ਰ ਮ ਪ ਧ ਸ਼

ਅਵਰੋਹੀ— ਸ਼ ਨ ਧ ਮ ਗ ਰ ਸ਼

## ਰਾਗੁ ਬਿਹਾਗੜਾ

ਪੰਨਾ-੫੩੭

ਇਹ ਰਾਗ ਬਿਲਾਵਲ ਠਾਟ ਸੰਪੂਰਣ ਰਾਗ ਹੈ। ਇਹ ਬਿਹਾਗ ਵਿੱਚ ਕੋਮਲ ਨਿਸ਼ਾਦ ਲਾਉਣ ਤੇ ਬਿਹਾਗੜਾ ਹੋ ਜਾਂਦਾ ਹੈ। ਇਸ ਵਿੱਚ ਮੱਧਮ ਤੀਵ੍ਰ ਵੀ ਦੁਰਬਲ ਹੋ ਕੇ ਲੱਗਦਾ ਹੈ। ਵਾਦੀ ਸੁਰ ਗਾਂਧਾਰ ਅਤੇ ਸੰਵਾਦੀ ਕੋਮਲ ਨਿਸ਼ਾਦ ਹੈ। ਅੰਤਰੇ ਵਿੱਚ ਸ਼ੁੱਧ ਨਿਸ਼ਾਦ ਵੀ ਲੱਗਦਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੱਧੀ ਰਾਤ ਦਾ ਹੈ।

## ਰਾਗੁ ਵਡਹੰਸੁ

ਪੰਨਾ-੫੫੭

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ ॥ {ਪੰਨਾ ੫੮੫}

ਇਸ ਰਾਗ ਕਮਾਚ ਠਾਟ ਸੰਪੂਰਣ ਰਾਗ ਹੈ। ਇਸ ਵਿੱਚ ੨ ਨਿਸ਼ਾਦ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਵਾਦੀ ਸੁਰ ਪੰਚਮ ਅਤੇ ਸੰਵਾਦੀ ਰਿਸ਼ਭ ਸੁਰ ਲ਼ੱਗਦੇ ਹਨ। ਇਸ ਦਾ ਬਰਵੇ ਨਾਲ ਕਾਫ਼ੀ ਮੇਲ ਹੈ। ਕਈ ਵਡ਼ਹੰਸ ਨੂੰ ਦੇਸ਼ ਵੀ ਆਖਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦੁਪਿਹਰ ਵੇਲਾ, ਰਾਤ ਦੇ ਦੂਜੇ ਪਹਿਰ ਵੀ ਗਾਇਆ ਜਾਂਦਾ ਹੈ।

## ਰਾਗੁ ਸੋਰਠਿ

ਪੰਨਾ- ੫੯੫

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥ (ਪੰਨਾ ੧੪੨੫)

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ {ਪੰਨਾ ੬੪੨}

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥ {ਪੰਨਾ ੬੪੨}

ਇਸ ਰਾਗ ਕਮਾਚ ਠਾਟ ਔੜਵ ਸੰਪੂਰਣ ਰਾਗ ਹੈ। ਅਰੋਹੀ ਵਿੱਚ ੫ ਸੁਰਾਂ ਅਤੇ



Scanned by CamScanner

ਅਵਰੋਹੀ ੭ ਸੁਰਾਂ ਹਨ। ਇਸ ਵਿੱਚ ਗਾਂਧਰ ਦੁਰਬਲ ਹੋ ਕੇ ਲੱਗਦੇ ਹਨ। ਰਿਸ਼ਭ ਵਾਦੀ ਧੈਵਤ ਸੰਵਾਦੀ ਸੁਰ ਲੱਗਦੇ ਹਨ। ਅਰੋਹੀ ਵਿੱਚ ਗਾਂਧਰ ਅਤੇ ਧੈਵਤ ਵਰਜਿਤ ਹਨ। ਇਸ ਵਿੱਚ ੨ ਨਿਸ਼ਾਦ ਸ਼ੁੱਧ ਅਤੇ ਕੋਮਲ ਲੱਗਦੇ ਹਨ। ਅਰੋਹੀ ਵਿੱਚ ਨਿਸ਼ਾਦ ਸ਼ੁੱਧ ਅਤੇ ਅਵਰੋਹੀ ਵਿੱਚ ਕੋਮਲ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਦੂਜੇ ਪਹਿਰ ਵੀ ਗਾਇਆ ਜਾਂਦਾ ਹੈ।

ਅਰੋਹੀ-- ਸ ਰ ਮ ਪ ਨ ਸ

ਅਵਰੋਹੀ— ਸ ਨਾ ਧ ਪ ਮ ਗ ਰ ਸ਼

## ਰਾਗੁ ਧਨਾਸਰੀ

ਪੰਨਾ-੬੬੦

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥

(ਪੰਨਾ ੧੪੧੯)

ਇਹ ਰਾਗ ਕਾਫ਼ੀ ਠਾਟ ਦੀ ਸੰਪੂਰਣ ਰਾਗਣੀ ਹੈ। ਅਰੋਹੀ ਵਿੱਚ ਭੀਮਪਾਲਾਸੀ ਦਾ ਅੰਗ ਹੈ। ਅਵਰੋਹੀ ਵਿੱਚ ਧੈਵਤ ਦੁਰਬਲ ਹੋ ਕੇ ਲੱਗਦੇ ਹਨ। ਅਵਰੋਹੀ ਵਿੱਚ ਪੂਰਬੀ ਅਤੇ ਮੁਲਤਾਨੀ ਦੀ ਰੰਗਤ ਹੈ। ਪੰਚਮ ਗਾਂਧਾਰ ਦੀ ਸੰਗਤਿ ਹੈ। ਪੰਚਮ ਵਾਦੀ ਸੁਰ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਤੀਜਾ ਪਹਿਰ ਦਾ ਵੇਲਾ ਹੈ। ਪੰਚਮ, ਸ਼ਾੜਜ, ਗਾਂਧਾਰ, ਪੰਚਮ, ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ, ਮੱਧਮ ਤੀਵ੍ਰ ਲੱਗਦਾ ਹੈ।

ਅਰੋਹੀ-- ਸ਼ ਰਾ ਗ ਮੀ ਪ ਧਾ ਨ

ਅਵਰੋਹੀ— ਨ ਧਾ ਪ ਮੀ ਗਾ ਰਾ ਧ

## ਰਾਗੁ ਜੈਤਸਰੀ

ਪੰਨਾ-੬੯੬

ਇਹ ਪੂਰਬੀ ਠਾਟ ਦੀ ਔੜਵ ਸੰਪੂਰਣ ਰਾਗਣੀ ਹੈ। ਅਰੋਹੀ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹੈ। ਅਵਰੋਹੀ ਵਿੱਚ ਸਾਰੇ ਸੁਰ ਲੱਗਦੇ ਹਨ। ਗਾਂਧਾਰ ਵਾਦੀ ਵਿੱਚ ਲੱਗਦਾ ਹੈ। ਰਿਸ਼ਭ ਅਤੇ ਧੈਵਤ ਕੋਮਲ ਲੱਗਦੇ ਹਨ। ਮੱਧਮ ਤੀਵ੍ਰ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਚੜ੍ਹੇ ਦਾ ਵੇਲਾ ਹੈ।

ਅਰੋਹੀ-- ਸ਼ ਗ ਮੀ ਨ ਪ ਸ਼

ਅਵਰੋਹੀ— ਸ਼ ਨ ਧਾ ਪ ਮੀ ਗਾ ਰਾ ਸ਼



Scanned by CamScanner

## ਰਾਗੁ ਟੋਡੀ

ਪੰਨਾ-੭੧੧

ਇਹ ਰਾਗ ਟੋਡੀ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਰਾਗ ਵਿੱਚ ਗਾਂਧਾਰ,ਰਿਸ਼ਭ, ਧੈਵਤ ਕੋਮਲ, ਮੱਧਮ ਤੀਵਰ ਲੱਗਦਾ ਹੈ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਧੈਵਤ ਵਾਦੀ ਸੁਰ ਅਤੇ ਗਾਂਧਾਰ ਸੰਵਾਦੀ ਸੁਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਚ੍ਹਾ ਦੂਜਾ ਪਹਿਰ ਦਾ ਵੇਲਾ ਹੈ।

ਅਰੋਹੀ-- ਸ਼ ਰਾ ਗਾ ਮੀ ਧਾ ਨ ਸ਼

ਅਵਰੋਹੀ— ਸ਼ ਨ ਧਾ ਮੀ ਗਾ ਰਾ ਸ਼

## ਰਾਗੁ ਬੈਰਾੜੀ

ਪੰਨਾ- ੭੧੯

ਇਹ ਰਾਗ ਮਾਰੂ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਗਾਂਧਾਰ ਵਾਦੀ ਅਤੇ ਧੈਵਤ ਸੰਵਾਦੀ ਸੁਰ ਹਨ। ਇਸ ਵਿੱਚ ਸਾੜਜ ਗਾਂਧਰ,ਪੰਚਮ,ਰਿਸ਼ਭ,ਧੈਵਤ ਕੋਮਲ ਅਤੇ ਮੱਧਮ ਤੀਵ੍ਰ ਹੈ ਪਰ ਦੁਰਬਲ ਹੋ ਕੇ ਲੱਗਦਾ ਹੈ। ਇਸ ਰਾਗ ਵਿੱਚ ਗਾਂਧਾਰ ਅਤੇ ਪੰਚਮ ਦੀ ਸੰਗਤ ਰਹਿੰਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

## ਰਾਗੁ ਤਿਲੰਗ

ਪੰਨਾ-੭੨੧

ਇਸ ਰਾਗ ਨੂੰ ਸੰਸਕ੍ਰਿਤ ਦੇ ਗ੍ਰੰਥ ਦੇ ਅੰਦਰ ਤ੍ਰਿਕਲਿੰਗ ਅਤੇ ਤ੍ਰਿਲੰਗ ਆਖਿਆ ਜਾਂਦਾ ਹੈ। ਇਸ ਰਾਗ ਬਿਲਾਵਲ ਠਾਟ ਔੜਵ ਰਾਗ ਹੈ। ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਵਿੱਚ ਨਿਸ਼ਾਦ ਅਤੇ ਪੰਚਮ ਦੀ ਸੰਗਤ ਰਹਿੰਦੀ ਹੈ। ਇਸ ਵਿੱਚ ਵਾਦੀ ਸੁਰ ਗਾਂਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਅਰੋਹੀ-- ਸ਼ ਗ ਮ ਪ ਨ ਸ਼

ਅਵਰੋਹੀ— ਸ਼ ਨ ਪ ਮ ਗ ਸ਼



Scanned by CamScanner

## ਰਾਗੁ ਸੂਹੀ

ਪੰਨਾ-੭੨੯

ਇਸ ਰਾਗਣੀ ਨੂੰ ਸੂਹਾ ਵੀ ਆਖਦੇ ਹਨ। ਇਹ ਰਾਗ ਕਾਫ਼ੀ ਠਾਟ ਦੀ ਸ਼ਾੜਜ ਰਾਗਣੀ ਹੈ। ਇਸ ਰਾਗ ਵਿੱਚ ਧੈਵਤ ਵਰਜਿਤ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਵਾਦੀ ਸੁਰ ਮੱਧਮ ਅਤੇ ਸੰਵਾਦੀ ਸ਼ਾੜਜ ਸੁਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ੨ ਘੜੀ ਦਿਨ ਚੜ੍ਹੇ ਦਾ ਵੇਲਾ ਹੈ। ਇਸ ਰਾਗ ਦੇ ਅੰਦਰ ਨਿਸ਼ਾਦ ਅਤੇ ਗਾਂਧਾਰ ਕੋਮਲ ਲੱਗਦਾ ਹੈ।

ਅਰੋਹੀ-- ਸ਼ ਰੇ ਗਾ ਮਾ ਪਾ ਨਾ ਸ਼

ਅਵਰੋਹੀ— ਸ਼ ਨਾ ਮਾ ਪਾ ਗਾ ਰੇ ਸ਼

## ਰਾਗੁ ਬਿਲਾਵਲੁ

ਪੰਨਾ-੭੯੫

ਇਸ ਰਾਗ ਸੰਪੂਰਣ ਜਾਤਿ ਰਾਗ ਹੈ। ਇਸ ਦੇ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਦੇ ਵਾਦੀ ਸੁਰ ਸ਼ਾੜਜ ਅਤੇ ਸੰਵਾਦੀ ਪੰਚਮ ਹੈ। ਇਹ ਅਨੰਦ ਮੰਗਲ ਵੇਲੇ ਗਾਉਣ ਦਾ ਰਾਗ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ {ਪੰਨਾ ੮੪੯}

ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ ॥ {ਪੰਨਾ ੮੪੯}

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ {ਪੰਨਾ ੮੪੯}

## ਰਾਗੁ ਗੋਂਡ

ਪੰਨਾ- ੮੫੯

ਇਹ ਰਾਗ ਸੰਪੂਰਣ ਜਾਤਿ ਦਾ ਰਾਗ ਹੈ। ਇਹ ਰਾਗ ਵਿੱਚ ਸ਼ਾੜਜ ਗਾਂਧਾਰ, ਰਿਸ਼ਭ ਮੱਧਮ,ਪੰਚਮ ਨਿਸ਼ਾਦ,ਧੈਵਤ ਕੋਮਲ ਹਨ। ਗ੍ਰਿਹ ਸੁਰ ਗਾਂਧਾਰ, ਵਾਦੀ ਪੰਚਮ ਅਤੇ ਸੰਵਾਦੀ ਮੱਧਮ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦੁਪਿਹਰ ਦਾ ਹੈ।

ਸਰਗਮ-ਸ਼ ਰ ਮ ਪ ਦਾ ਸ਼ ਦਾਂ ਨ ਪ ਮ ਗਾ ਮ ਰ ਸ਼



Scanned by CamScanner

## ਰਾਗੁ ਰਾਮਕਲੀ

ਪੰਨਾ-੮੭੬

ਇਸ ਰਾਗ ਭੈਰਵ ਠਾਟ ਔੜਵ ਸੰਪੂਰਣ ਰਾਗਣੀ ਹੈ। ਇਸ ਵਿੱਚ ਅਰੋਹੀ ਮੱਧਮ ਅਤੇ ਨਿਸ਼ਾਦ ਵਰਜਿਤ ਹਨ। ਰਿਸ਼ਭ ਅਤੇ ਧੈਵਤ ਕੋਮਲ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਧੈਵਤ ਵਾਦੀ ਸੁਰ ਅਤੇ ਰਿਸ਼ਭ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜੇ ਤੱਕ ਗਾ ਸਕਦੇ ਹਾਂ।

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥ {ਪੰਨਾ ੯੫੦}

## ਰਾਗੁ ਨਟ ਨਾਰਾਇਨ

ਪੰਨਾ-੯੭੫

ਇਹ ਰਾਗ ਬਿਲਾਵਲ ਅਤੇ ਕਲਿਆਣ ਦੇ ਸੁਮੇਲ ਤੋਂ ਬਣਿਆ ਹੈ। ਇਸ ਰਾਗ ਸੰਪੂਰਣ ਜਾਤਿ ਦਾ ਰਾਗ ਹੈ। ਸਾਰੇ ਸੁਰ ਸ਼ੁੱਧ ਲੱਗਦੇ ਹਨ। ਗੁਰਮਤਿ ਸੰਗੀਤ ਅਨੁਸਾਰ ਇਹ ਕਮਾਚ ਠਾਟ ਦਾ ਔੜਵ ਸ਼ਾੜਵ ਰਾਗ ਹੈ। ਇਸ ਰਾਗ ਵਿੱਚ ਅਰੋਹੀ ਗਾਂਧਰ ਅਤੇ ਨਿਸ਼ਾਦ ਵਰਜਿਤ ਹਨ। ਅਵਰੋਹੀ ਵਿੱਚ ਗਾਂਧਰ ਵਰਜਿਤ ਹਨ। ਰਿਸ਼ਭ ਵਾਦੀ ਸੁਰ ਹਨ। ਇਸ ਵਿੱਚ ਸਾਰੰਗ ਦੀ ਝਲਕ ਪੈਂਦੀ ਹੈ। ਨਿਸ਼ਾਦ ਕੋਮਲ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਅਰੋਹੀ-- ਸ਼ ਰਾ ਮ ਪ ਧ ਸ਼

ਅਵਰੋਹੀ— ਸ਼ ਨਾ ਧ ਪ ਮ ਰ ਸ਼

## ਰਾਗੁ ਮਾਲੀ ਗਉੜਾ

ਪੰਨਾ-੯੮੪

ਇਹ ਰਾਗ ਮਾਰੂ ਠਾਟ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਦੋਵੇਂ ਧੈਵਤ ਲੱਗਦੇ ਹਨ। ਇਹ ਪੁਰੀਆਂ ਅਤੇ ਸ੍ਰੀ ਰਾਗ ਦੇ ਸੁਮੇਲ ਤੋਂ ਬਣਿਆ ਹੈ। ਇਸ ਅੰਦਰ ਰਿਸ਼ਭ ਵਾਦੀ ਅਤੇ ਸੰਵਾਦੀ ਧੈਵਤ ਹੈ। ਰਿਸ਼ਭ ਕੋਮਲ ਧੈਵਤ ਦੋਵੇਂ ਅਤੇ ਮੱਧਮ ਤੀਵ੍ਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ।

ਅਰੋਹੀ-- ਸ਼ ਰਾ ਗ ਮੀ ਪ ਧ ਨ ਸ਼

ਅਵਰੋਹੀ— ਸ਼ ਨ ਧ ਪ ਮੀ ਗ ਰਾ ਸ਼



Scanned by CamScanner

## ਰਾਗੁ ਮਾਰੂ

ਪੰਨਾ-੯੯੪

ਇਹ ਰਾਗ ਸਾੜਵ ਜਾਤਿ ਦਾ ਰਾਗ ਹੈ। ਇਸ ਰਾਗ ਵਿੱਚ ਪੰਚਮ ਵਰਜਿਤ ਹੈ। ਮਾਰੂ ਨੂੰ ਸ਼ਾੜਜ,ਗਾਂਧਾਰ ਦੈਵਤ ਅਤੇ ਨਿਸ਼ਾਦ ਸ਼ੁੱਧ,ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲੱਗਦੇ ਹਨ। ਇਸ ਰਾਗ ਵਿੱਚ ਗਾਂਧਾਰ ਵਾਦੀ ਸੁਰ ਹੈ,ਧੈਵਤ ਸੰਵਾਦੀ ਸੁਰ ਹੈ। ਇਸ ਰਾਗ ਨੂੰ ਯੁੱਧ ਸਮੇਂ ਜੋ ਚਲਾਣੇ ਵਕਤ ਪੜਿਆ ਜਾਂਦਾ ਹੈ।

## ਰਾਗੁ ਤੁਖਾਰੀ

ਪੰਨਾ-੧੧੦੭

ਇਹ ਰਾਗ ਸੰਪੂਰਣ ਜਾਤਿ ਦੀ ਰਾਗਣੀ ਹੈ। ਇਹ ਰਾਗ ਵਿੱਚ ਗ੍ਰਿਹ ਸੁਰ ਸ਼ਾੜਜ ਹੈ। ਰਿਸ਼ਭ ਵਾਦੀ ਸੁਰ ਹੈ। ਪੰਚਮ ਸੰਵਾਦੀ ਹੈ। ਗਾਂਧਾਰ ਮੱਧਮ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ੪ ਪਹਿਰ ਹੈ।

ਸਰਗਮ-ਸ਼ ਰਾ ਗ ਗਾ ਮ ਮਾ ਪ ਧਾ ਨ

## ਰਾਗੁ ਕੇਦਾਰਾ

ਪੰਨਾ-੧੧੧੮

ਇਹ ਰਾਗ ਕਲਿਆਣ ਦਾ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਮੱਧਮ ਸ਼ੁੱਧ ਵਾਦੀ ਸੁਰ ਹਨ। ਇਸ ਰਾਗ ਵਿੱਚ ਤੀਵ੍ਰ,ਨਿਸ਼ਾਦ ਦੋਵੇਂ ਲੱਗਦੇ ਹਨ। ਮੱਧਮ ਸ਼ੁੱਧ ਵਾਦੀ ਸੁਰ ਹੈ,ਸਾੜਜ ਸੰਵਾਦੀ ਹੈ। ਤੀਵ੍ਰ ਮੱਧਮ ਅਤੇ ਗਾਂਧਾਰ ਦੁਰਬਲ ਹੋ ਕੇ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਰਾਤ ਦਾ ਦੂਜਾ ਪਹਿਰ ਹੈ।

ਸਰਗਮ-ਨ ਸ਼ ਮ, ਗ ਪ, ਮੀ ਪ ਧ ਨ ਧਾ ਪ, ਸ਼ ਨਾ ਧ ਪ ਮੀ ਪ ਧ ਪ ਮ ਰ ਸ਼

## ਰਾਗੁ ਭੈਰਉ

ਪੰਨਾ- ੧੧੨੫

ਇਹ ਇੱਕ ਐਸਾ ਰਾਗ ਹੈ ਜਿਸ ਅੰਦਰ ੬ ਰਾਗਾਂ ਦੀ ਗਿਣਤੀ ਆਉਦੀ ਹੈ। ਇਹ ਸੰਪੂਰਣ ਜਾਤਿ ਦਾ ਮਾਰਗੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲੇ ਦਾ ਹੈ। ਰਿਸ਼ਭ ਤੇ ਧੈਵਤ ਕੋਮਲ ਹਨ। ਇਸ ਰਾਗ ਵਿੱਚ ਅਰੋਹੀ ਰਿਸ਼ਭ ਕੋਮਲ ਅਤੇ ਸ਼ੜਜ ਗਾਂਧਾਰ ਮੱਧਮ ਪੰਚਮ ਨਿਸ਼ਾਦ ਸੁੱਧ ਹਨ। ਧੈਵਤ ਵਾਦੀ ਸੁਰ ਹੈ,ਰਿਸ਼ਭ ਸੰਵਾਦੀ ਹੈ।



Scanned by CamScanner

ਅਰੋਹੀ-- ਸ਼ ਰਾ ਗ ਮ ਪ ਧਾ ਨ ਸ਼

ਅਵਰੋਹੀ— ਸ਼ ਨਾ ਧਾ ਮ ਪ ਗ ਰਾ ਸ਼

ਅਲਾਪ—ਧਾ ਧਾ ਪ ਧਾ ਧਾ ਪ ਮ ਗ ਰਾ ਗ ਮ ਗ ਰਾ ਰਾ ਰਾ ਸ਼

## ਰਾਗੁ ਬਸੰਤੁ

ਪੰਨਾ- ੧੧੯੮

ਇਹ ਰਾਗ ਪੂਰਬੀ ਠਾਟ ਦਾ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਮੱਧਮ ਦੋਵੇਂ ਲੱਗਦੇ ਹਨ। ਇਹ ਰਾਗ ਵਿੱਚ ਸ਼ਾੜਜ,ਗਾਂਧਾਰ,ਪੰਚਮ,ਧੈਵਤ ਅਤੇ ਨਿਸ਼ਾਦ ਸ਼ੁੱਧ,ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਬਸੰਤ ਰੁੱਤ ਵਿੱਚ ਰਾਤ ਦਾ ਸਮਾਂ ਹੈ।

ਬਨਸਪਤਿ ਮਉਲੀ ਚੜਿਆ ਬਸੰਤੁ ॥

ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ {ਪੰਨਾ ੧੧੭੬}

ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥ {ਪੰਨਾ ੧੧੭੬}

ਅਰੋਹੀ-- ਸ਼ ਗ ਮ ਧ ਰਾ ਸ਼

ਅਵਰੋਹੀ— ਰਾ ਨ ਧ ਪ ਮੀ ਗ ਮ ਰਾ ਸ਼

## ਰਾਗੁ ਸਾਰਗ

ਪੰਨਾ-੧੧੯੭

ਇਹ ਰਾਗ ਕਾਫ਼ੀ ਠਾਟ ਦੀ ਸੰਪੂਰਣ ਔੜਵ ਸ਼ਾੜਜ ਰਾਗ ਹੈ। ਇਸ ਵਿੱਚ ਅਰੋਹੀ ਵਿੱਚ ੫ ਸੁਰਾਂ ਅਤੇ ਅਵਰੋਹੀ ਵਿੱਚ ੬ ਸੁਰਾਂ ਲੱਗਣ ਗਈਆਂ। ਇਸ ਵਿੱਚ ਨਿਸ਼ਾਦ ਸੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਵਿੱਚ ਰਿਸ਼ਭ ਵਾਦੀ ਸੁਰ ਹੈ ਅਤੇ ਸੰਵਾਦੀ ਪੰਚਮ ਸੁਰ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਦੁਪਹਿਰ ਦਾ ਵੇਲਾ ਹੈ।

ਅਰੋਹੀ-- ਸ ਰ ਮ ਪ ਨ ਸ

ਅਵਰੋਹੀ— ਸ ਧ ਨਾ ਪ ਮ ਰ ਧ

## ਰਾਗੁ ਮਲਾਰ

ਪੰਨਾ-੧੨੫੪

ਇਸ ਰਾਗ ਵਿੱਚ ਕਈ ਭੇਦ ਵੀ ਹਨ। ਇਹ ਸਾਰੇ ਭੇਦ ਪੂਰਣ ਜਾਤਿ ਦੇ ਹਨ। ਪਰ ਇਥੇ ਅਸੀਨ ਸ਼ੁੱਧ ਮਲਾਰ ਲਿਖਦੇ ਹਾਂ। ਇਹ ਰਾਗ ਕਮਾਚ ਠਾਟ ਦੀ ਔੜਵ ਸੰਪੂਰਣ ਰਾਗ



Scanned by CamScanner

ਹੈ। ਗਾਂਧਾਰ ਅਤੇ ਨਿਸ਼ਾਦ ਵਰਜਿਤ ਹਨ। ਸ਼ਾੜਜ ਰਿਸ਼ਭ, ਮੱਧਮ ਪੰਚਮ, ਧੈਵਤ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਵੇਲਾ ਹੈ। ਮੁੱਖ ਤੌਰ ਤੇ ਰੁੱਤ ਬਰਸਾਤ ਦੀ ਹੈ। ਇਹ ਠੰਡ ਪਾਉਣ ਵਾਲਾ ਰਾਗ ਮੰਨਿਆ ਜਾਂਦਾ ਹੈ। (ਮੁੱਖ ਤੌਰ ਤੇ ਦੇਸੀ ਮਹੀਨਿਆਂ ਦੇ ਅੰਦਰ ਸਾਵਣ ,ਭਾਦਰੋਂ ਵਿੱਚ ਹੀ ਗਾਇਆ ਜਾਂਦਾ ਹੈ।)

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ (ਪੰਨਾ ੧੨੯੩)

ਅਰੋਹੀ-- ਸ਼ ਰ ਮ ਪ ਧ ਨ ਸ਼

ਅਵਰੋਹੀ— ਸ਼ ਧ ਪ ਮ ਧ

## ਰਾਗੁ ਕਾਨੜਾ

ਪੰਨਾ-੧੨੯੪

ਇਸ ਰਾਗ ਦੇ ਅੰਦਰ ਕਾਨੜੇ ਦਾ ਸਰੂਪ ਹੈ- ਇਹ ਆਸਾਵਰੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ। ਇਸ ਵਿੱਚ ਅਰੋਹੀ ਵਿੱਚ ੬ ਸੁਰਾਂ ਅਤੇ ਅਵਰੋਹੀ ਵਿੱਚ ੭ ਸੁਰਾਂ ਲੱਗਣ ਗਈਆਂ। ਅਰੋਹੀ ਵਿੱਚ ਗਾਂਧਾਰ ਦੁਰਬਲ ਹੋ ਕੇ ਲੱਗਦਾ ਹੈ। ਇਸ ਵਿੱਚ ਰਿਸ਼ਭ ਵਾਦੀ ਸੁਰ ਹੈ ਅਤੇ ਸੰਵਾਦੀ ਪੰਚਮ ਸੁਰ ਹਨ। ਰਿਸ਼ਭ ਅਤੇ ਪੰਚਮ ਨਿਸ਼ਾਦ ਦੀ ਸੰਗਤਿ ਹੈ। ਗਾਂਧਾਰ ਧੈਵਤ,ਨਿਸ਼ਾਦ ਕੋਮਲ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਦੂਜੇ ਪਹਿਰ ਦਾ ਵੇਲਾ ਹੈ।

ਅਰੋਹੀ-- ਨ ਸ਼ ਰ ਮ ਪ ਧਾ ਨਾ ਸ਼

ਅਵਰੋਹੀ— ਸ਼ ਧਾ ਨਾ ਪ ਗਾ ਮ ਰ ਸ਼

## ਰਾਗੁ ਕਲਿਆਨ

ਪੰਨਾ-੧੩੧੯

ਇਹ ਰਾਗ ਕਲਿਆਣ ਠਾਟ ਦੀ ਔੜਵ ਸੰਪੂਰਣ ਰਾਗਣੀ ਹੈ। ਇਹ ਰਾਗ ਦੇ ਕਈ ਭੇਦ ਹਨ। ਇਸ ਥਾਂ ਤੇ ਇਸ ਦਾ ਸਹੀ ਰੂਪ ਪ੍ਰਗਟ ਕੀਤਾ ਗਿਆ ਹੈ। ਅਰੋਹੀ ਵਿੱਚ ਮੱਧਮ ਨਿਸ਼ਾਦ ਵਰਜਿਤ ਹੈ। ਗਾਂਧਾਰ ਵਾਦੀ ਸੁਰ ਹੈ,ਧੈਵਤ ਸੰਵਾਦੀ ਹੈ। ਮੱਧਮ ਤੀਵ੍ਰ ਅਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਹੈ।

ਅਰੋਹੀ-- ਸ਼ ਰ ਗ ਪ ਧ ਨ ਸ਼

ਅਵਰੋਹੀ— ਸ਼ ਨ ਧ ਪ ਮੀ ਗ ਰ ਸ਼



Scanned by CamScanner

## ਰਾਗੁ ਪ੍ਰਭਾਤੀ

ਪੰਨਾ-੧੩੨੭

ਇਸ ਰਾਗ ਭੈਰਵੀ ਠਾਟ ਦੀ ਸੰਪੂਰਣ ਜਾਤਿ ਦੀ ਰਾਗਣੀ ਹੈ। ਇਸ ਵਿੱਚ ਸ਼ੜਜ ਗਾਂਧਾਰ ਮੱਧਮ ਪੰਚਮ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਅਤੇ ਧੈਵਤ ਕੋਮਲ ਹਨ। ਗ੍ਰਿਹ ਸੁਰ ਮੱਧਮ ਹੈ। ਇਸ ਵਿੱਚ ਮੱਧਮ ਵਾਦੀ ਸੁਰ ਅਤੇ ਸ਼ਾੜਜ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ।

ਅਰੋਹੀ-- ਸ਼ ਰਾ ਗ ਮ ਪ ਧਾ ਨ ਸ਼

ਅਵਰੋਹੀ— ਸ਼ ਨ ਧਾ ਪ ਮ ਗ ਰਾ ਸ਼

## ਰਾਗੁ ਜੈਜਾਵੰਤੀ

ਪੰਨਾ-੧੩੫੨

ਇਸ ਰਾਗ ਕਮਾਚ ਠਾਟ ਦੀ ਔੜਵ ਸੰਪੂਰਣ ਜਾਤੀ ਹੈ। ਜੋ ਧੁਲ ਸ੍ਰੀ ਬਿਲਾਵਲ ਅਤੇ ਸੋਰਠਿ ਦੇ ਮੇਲ ਤੋਂ ਬਣਦੀ ਹੈ। ਇਸ ਵਿੱਚ ਦੋਵੇਂ ਗਾਂਧਾਰ ਅਤੇ ਦੋਵੇਂ ਨਿਸ਼ਾਦ ਲੱਗਦੇ ਹਨ। ਅਰੋਹੀ ਵਿੱਚ ਨਿਸ਼ਾਦ ਸ਼ੁੱਧ ਅਤੇ ਸ਼ੁੱਧ ਗਾਂਧਾਰ ਲੱਗਦਾ ਹੈ। ਅਵਰੋਹੀ ਵਿੱਚ ਦੋਵੇਂ ਕੋਮਲ ਲੱਗਦੇ ਹਨ। ਪੰਚਮ ਅਤੇ ਰਿਸ਼ਭ ਦੀ ਸੰਗਤ ਵਿੱਚ ਹੈ। ਇਸ ਵਿੱਚ ਰਿਸ਼ਭ ਵਾਦੀ ਸੁਰ ਅਤੇ ਪੰਚਮ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਇਸ ਰਾਗ ਦੇ ਅੰਦਰ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਹੀ ਬਾਣੀ ਅੰਕਿਤ ਹੈ।

ਅਰੋਹੀ-- ਸ਼ ਰੇ ਗ ਮ ਪ ਧਾ ਨ ਸ਼

ਅਵਰੋਹੀ— ਸ਼ ਨਾ ਧ ਪ ਮ ਗਾ ਰ ਸ਼

## ਗਉੜੀ ਗੁਆਰੇਰੀ

ਇਹ ਔੜਵ ਸ਼ਾੜਵ ਜਾਤਿ ਦੀ ਰਾਗਣੀ ਹੈ। ਵਰਜਿਤ ਸੁਰ "ਪ" ਆਰੋਹ ਵਿੱਚ "ਰ" ਹਨ। ਗਾਂਧਾਰ ਵਾਦੀ ਧੈਵਤ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

ਅਰੋਹੀ-- ਸ਼ ਗ ਮ ਧ ਨ ਸ਼

ਅਵਰੋਹੀ— ਸ਼ ਨ ਧ ਗ ਸ਼ ਗ ਰ ਸ ਨ ਰ



Scanned by CamScanner

## ਗਉੜੀ ਚੇਤੀ

ਇਹ ਔੜਵ ਜਾਤਿ ਦੀ ਰਾਗਣੀ ਹੈ। ਇਸ ਨੂੰ ਸ਼ਾੜਜ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਗਾਂਧਾਂਰ ਕੋਮਲ ਅਤੇ ਮੱਧਮ ਤੀਵ੍ਰ ਲੱਗਦਾ ਹੈ। ਗਾਂਧਾਰ ਵਾਦੀ ਸੁਰ ਹੈ ਤੇ ਧੈਵਤ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ੪ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਬੈਰਾਗਣਿ

ਇਹ ਸੰਪੂਰਣ ਜਾਤਿ ਦੀ ਰਾਗਣੀ ਹੈਂ। ਇਸ ਨੂੰ ਸ਼ਾੜਜ ਗਾਂਧਾਰ, ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਗਾਂਧਾਰ ਕੋਮਲ ਅਤੇ ਮੱਧਮ ਤੀਵ੍ਰ ਲੱਗਦਾ ਹੈ। ਮੱਧਮ ਵਾਦੀ ਸੁਰ ਹੈ ਤੇ ਰਿਸ਼ਭ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ। ।

## ਗਉੜੀ ਮਾਲਵਾ

ਇਸ ਨੂੰ ਮਾਲਵੀ ਵੀ ਆਖਦੇ ਹਨ। ਇਹ ਦਸਮ ਗ੍ਰੰਥ ਦੇ ਅੰਦਰ ਵੱਖਰਾ ਰਾਗ ਹੈ। ਲੇਕਿਨ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲੌ ਕੇ ਗਾਇਆ ਜਾਂਦਾ ਹੈ। ਇਹ ਪੂਰਬੀ ਠਾਟ ਦਾ ਸ਼ਾੜਜ ਰਾਗ ਹੈ। ਆਰੋਹੀ ਵਿੱਚ ਨਿਸ਼ਾਦ ਵਰਜਿਤ ਹੈ। ਜੇ ਲਗਾਇਆ ਜਾਵੇ ਤਾਂ ਵੀ ਬਹੁਤ ਹੀ ਕੋਮਲ ਕਰਕੇ ਲਗਾਇਆ ਜਾ ਸਕਦਾ ਹੈ। ਇਸ ਨੂੰ ਸ਼ਾੜਜ ਗਾਂਧਾਰ ਪੰਚਮ ਨਿਸ਼ਾਦ ਸ਼ੁੱਧ, ਰਿਸ਼ਭ ਧੈਵਤ ਕੋਮਲ ਹੋ ਕੇ ਲੱਗਦਾ ਹੈ। ਰਿਸ਼ਭ ਵਾਦੀ ਸੁਰ ਹੈ ਤੇ ਧੈਵਤ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ।

ਅਰੋਹੀ-- ਸ਼ ਰਾ ਗ ਮੀ ਪ ਧਾ ਸ਼
ਅਵਰੋਹੀ— ਸ਼ ਨ ਪ ਮੀ ਗ ਰਾ ਸ਼

## ਗਉੜੀ ਮਾਝ

ਇਹ ਸੰਪੂਰਣ ਜਾਤਿ ਦੀ ਰਾਗ ਹੈ। ਇਸ ਨੂੰ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁੱਧ ਗਾਂਧਾਰ ਅਤੇ ਨਿਸ਼ਾਦ ਦੋਵੇਂ ਸ਼ੁੱਧ ਅਤੇ ਕੋਮਲ ਲੱਗਦੇ ਹਨ। ਗ੍ਰਿਹ ਸੁਰ ਅਤੇ ਸ਼ੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਾਰ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ



Scanned by CamScanner

ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਦੱਖਣੀ

ਇਹ ਸੰਪੂਰਣ ਜਾਤਿ ਦੀ ਰਾਗ ਹੈ। ਇਸ ਵਿੱਚ ਕੋਈ ਸੁਰ ਵੀ ਵਰਜਿਤ ਨਹੀਂ ਹੈ। ਇਸ ਨੂੰ ਗਾਂਧਾਰ,ਧੈਵਤ ਵਰਜਿਤ ਸੁਰ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਰ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਮਾਲਾ

ਇਹ ਸੰਪੂਰਣ ਜਾਤਿ ਦਾ ਰਾਗ ਹੈ। ਇਸ ਅੰਦਰ ਕੋਈ ਸੁਰ ਵੀ ਵਰਜਿਤ ਨਹੀ ਹੈ। ਵਾਦੀ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਵਿੱਚ ਗਾਇਆ ਜਾਂਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਗਉੜੀ ਪੂਰਬੀ ਦੀਪਕੀ

ਇਹ ਸੰਪੂਰਣ ਜਾਤਿ ਦਾ ਰਾਗ ਹੈ। ਇਸ ਅੰਦਰ ਕੋਈ ਸੁਰ ਵੀ ਵਰਜਿਤ ਨਹੀ ਹੈ। ਇਸ ਨੂੰ ਰਿਸ਼ਭ ਕੋਮਲ ਦੋਵੇਂ ਮੱਧਮ ਦੋਵੇਂ ਧੈਵਤ ਲੱਗਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਸ਼ਾਮ ਦਾ ਸੰਧੀ ਪ੍ਰਕਾਸ਼ ਵਿੱਚ ਗਾਇਆ ਜਾਂਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗਉੜੀ ਰਾਗ ਦੇ ਨਾਲ ਮਿਲਾ ਕੇ ਗਾਇਆ ਜਾਂਦਾ ਹੈ।

## ਹਿੰਡੋਲ

ਇਹ ਰਾਗ ਕਲਿਆਣ ਠਾਟ ਦਾ ਔੜਵ ਸੰਪੂਰਣ ਰਾਗ ਹੈ। ਇਸ ਦੀ ਗਿਣਤੀ ੬ ਰਾਗਾਂ ਵਿੱਚ ਹੁੰਦੀ ਹੈ। ਇਸ ਵਿੱਚ ਰਿਸ਼ਭ ਅਤੇ ਪੰਚਮ ਸੁਰ ਵਰਜਿਤ ਹਨ। ਇਸ ਰਾਗ ਵਿੱਚ ਸ਼ਾੜਜ, ਗਾਂਧਾਰਧੈਵਤ,ਅਤੇ ਨਿਸ਼ਾਦ ਸ਼ੁੱਧ ਅਤੇ ਮੱਧਮ ਤੀਵਰ ਸੁਰ ਲੱਗਦੇ ਹਨ। ਧੈਵਤ ਵਾਦੀ ਸੁਰ ਹੈ, ਗਾਂਧਾਰ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਹ ਕੋਈ ਵੱਖਰਾ ਰਾਗ ਨਹੀਂ ਬਲਕਿ ਬਸੰਤ ਰਾਗ ਨਾਲ ਮਿਲਾ ਕਿ ਗੁਰੂ ਸਾਹਿਬਾਨ ਨੇ ਲਿਖਿਆ ਹੈ।

ਅਰੋਹੀ-- ਸ਼ ਗ ਮੀ ਧ ਨ ਸ਼

ਅਵਰੋਹੀ— ਸ਼ ਨ ਧ ਮੀ ਗ ਸ਼



Scanned by CamScanner

## ਭੋਪਾਲੀ

ਇਹ ਰਾਗ ਕਲਿਆਣ ਠਾਟ ਦਾ ਔੜਵ ਸੰਪੂਰਣ ਰਾਗਣੀ ਹੈ। ਇਸ ਦੀ ਗਿਣਤੀ ੬ ਰਾਗਾਂ ਵਿੱਚ ਹੁੰਦੀ ਹੈ। ਇਸ ਵਿੱਚ ਮੱਧਮ ਅਤੇ ਨਿਸ਼ਾਦ ਸੁਰ ਵਰਜਿਤ ਹਨ। ਪੰਚਮ ਵਾਦੀ ਸੁਰ ਹੈ, ਨਿਸ਼ਾਦ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਹ ਕੋਈ ਵੱਖਰਾ ਰਾਗ ਨਹੀਂ ਬਲਕਿ ਕਲਿਆਣ ਰਾਗ ਨਾਲ ਮਿਲਾ ਕਿ ਗੁਰੂ ਸਾਹਿਬਾਨ ਨੇ ਲਿਖਿਆ ਹੈ।

## ਬਿਭਾਸ

ਇਹ ਰਾਗ ਭੈਰਵ ਠਾਟ ਦਾ ਔੜਵ ਸੰਪੂਰਣ ਰਾਗ ਹੈ। ਇਸ ਰਾਗ ਵਿੱਚ ਸ਼ਾੜਜ, ਗਾਂਧਾਰ, ਪੰਚਮ ਸ਼ੁੱਧ, ਧੈਵਤ ਅਤੇ ਰਿਸ਼ਾਭ ਕੋਮਲ ਸੁਰ ਲੱਗਦੇ ਹਨ। ਧੈਵਤ ਵਾਦੀ ਸੁਰ ਹੈ, ਗਾਂਧਾਰ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਇਹ ਕੋਈ ਵੱਖਰਾ ਰਾਗ ਨਹੀਂ ਬਲਕਿ ਬਸੰਤ ਰਾਗ ਨਾਲ ਮਿਲਾ ਕਿ ਗੁਰੂ ਸਾਹਿਬਾਨ ਨੇ ਲਿਖਿਆ ਹੈ।

ਅਰੋਹੀ-- ਸ਼ ਰਾ ਗ ਪ ਧਾ ਸ਼

ਅਵਰੋਹੀ— ਸ਼ ਧਾ ਪ ਗ ਰਾ ਸ਼

### ੩੧ ਰਾਗਾਂ ਵਿਚ ਦੀ ਬਾਣੀ:-

| | ਸ਼ਬਦ | ਅਸਟਪਦੀਆਂ | ਛੰਤ | ਜੋੜ |
|---|---|---|---|---|
| ਮਹਲਾ ੧- | ੨੦੯ | ੧੨੩ | ੨੫ | ੩੫੭ |
| ਮਹਲਾ ੩- | ੧੭੨ | ੭੯ | ੧੯ | ੨੭੦ |
| ਮਹਲਾ ੪- | ੨੯੪ | ੫੮ | ੩੮ | ੩੯੦ |
| ਮਹਲਾ ੫- | ੧੩੨੨ | ੪੫ | ੯੩ | ੧੪੩੦ |
| ਮਹਲਾ ੯- | ੫੯ | | | ੫੯ |
| ਜੋੜ | ੨੦੨੯ | ੩੦੫ | ੧੪੫ | ੨੪੭੯ |



Scanned by CamScanner

# ਧੁਨੀ

ਧੁਨੀ ਸ਼ਬਦ ਦਾ ਪਿਛੋਕੜ ਧਵਨੀ ਸਬਦ ਨਾਲ ਜੁੜਿਆ ਮੰਨਿਆ ਜਾਂਦਾ ਹੈ। ਜਿਸ ਦੇ ਅਰਥ ਨਾਦ ,ਅਵਾਜ, ਗਾਉਣ ਦਾ ਢੰਗ ਜਾਂ ਤਰੀਕਾ ਉਸ ਨੂੰ ਧੁਨੀ ਆਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ੨੨ 'ਵਾਰਾਂ' ਵਿਚੋਂ ੯ ਵਾਰਾਂ ਦੇ ਸਿਰਲੇਖਾਂ ਤੇ ਧੁਨੀ ਦਾ ਪ੍ਰਯੋਗ ਮਿਲਦਾ ਹੈ। ਇਹ ੯ ਧੁਨਾਂ ਰਾਗ ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਰਾਮਕਲੀ, ਸਾਰੰਗ, ਮਲਾਰ, ਕਾਨੜਾ ਵਿੱਚ ਹਨ। ਜਦੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਉਸ ਸਮੇਂ ਇਹ ਰਬਾਬ ਦੇ ਨਾਲ ਗਾਇਣ ਕੀਤੇ ਜਾਂਦੇ ਰਹੇ। ਬਾਅਦ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਹੀ ਧੁਨਾਂ ਨੂੰ ਢਾਡੀਆਂ ਕੋਲੋਂ ਬੀਰ ਰਸ ਲਈ ਗਵਾਈਆਂ। ਪੁਰਾਤਨ ਕੀਰਤਨੀਆਂ ਦੇ ਬਾਅਦ ਹੁਣ ਤਾਂ ਧੁਨਾਂ ਦੇ ਸਰੂਪ ਵੀ ਅਲੋਪ ਹੋ ਗਏ।

(੧) ਨਾਦ, ਸੰਗੀਤ "ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ।" (੪੨)

(੨) ਅਲਾਪੀ; ਗਾਈ "ਸੋਰਠਿ ਗੋਂਡ ਮਲਾਰੀ ਧੁਨੀ।" (੧੪੩੦)

## ਵਾਰ ਮਾਝ ਕੀ ਤਥਾ ਸਲੋਕ ਮਹਲਾ ੧

### ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥

ਪੰਨਾ- ੧੩੭

ਮੁਰੀਦ ਖ਼ਾਂ ਤੇ ਚੰਦ੍ਰਹੜਾ ਦੋਵੇਂ ਰਾਜਪੂਤ ਸਰਦਾਰ ਹੋਏ ਹਨ। ਅਕਬਰ ਦੇ ਦਰਬਾਰ ਵਿੱਚ ਪਹਿਲੇ ਦੀ ਜਾਤਿ ਸੀ 'ਮਲਕ' ਦੂਜੇ ਦੀ 'ਸੋਹੀ'। ਦੋਹਾਂ ਦੀ ਆਪਸ ਵਿੱਚ ਲੱਗਦੀ ਸੀ। ਇੱਕ ਵਾਰੀ ਬਾਦਸ਼ਾਹ ਨੇ ਮੁਰੀਦ ਖ਼ਾਂ ਨੂੰ ਕਾਬੱਲ ਦੀ ਮੁਹਿੰਮ ਤੇ ਘੱਲਿਆ, ਉਸ ਨੇ ਵੈਰੀ ਨੂੰ ਜਿੱਤ ਤਾਂ ਲਿਆ, ਪਰ ਉਥੋਂ ਦੇ ਰਾਜ-ਪ੍ਰਬੰਧ ਕਰਨ ਵਿੱਚ ਕੁਝ ਦੇਰ ਲੱਗ ਗਈ। ਚੰਦ੍ਰਹੜੇ ਨੇ ਅਕਬਰ ਪਾਸ ਚੁਗਲੀ ਕੀਤੀ ਕਿ ਮੁਰੀਦ ਖ਼ਾਂ ਆਕੀ {ਹੁਕਮ ਅਦੂਲੀ} ਹੋ ਬੈਠਾ ਗਿਆ ਹੈ। ਸੋ ਮਾਲਕ ਦੇ ਵਿਰੁੱਧ ਫ਼ੌਜ ਦੇ ਕੇ ਇਸ ਨੂੰ ਘੱਲਿਆ ਗਿਆ। ਦੋਵੇਂ ਜੰਗ ਵਿੱਚ ਆਪੋ ਵਿੱਚ ਲੜ ਕੇ ਮਾਰੇ ਗਏ। ਢਾਡੀਆਂ ਨੇ ਇਸ ਜੰਗ ਦੀ 'ਵਾਰ' ਲਿਖੀ, ਦੇਸ ਵਿੱਚ ਪ੍ਰਚਿੱਲਤ ਹੋਈ । ਗੁਰੂ ਅਰਜਨ ਸਾਹਿਬ ਨੇ ਉਪਰ ਲਿਖਿਆਂ ਸਿਰ-ਲੇਖ ਦੇ ਕੇ ਆਗਿਆ ਕੀਤੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਇਹ ਮਾਝ ਦੀ ਵਾਰ ਉਸ ਧੁਨੀ (ਸੁਰ) ਵਿੱਚ ਗਾਉਣੀ ਹੈ। ਜਿਸ ਵਿੱਚ ਮੁਰੀਂਦ ਖਾਂ ਵਾਲੀ ਗਾਈ ਜਾਂਦੀ ਸੀ।

ਮੁਰੀਦ ਖ਼ਾਂ ਵਾਲੀ ਵਾਰ ਦਾ ਨਮੂਨਾ :—

"ਕਾਬਲ ਵਿਚ ਮੁਰੀਦ ਖ਼ਾਂ ਫੜਿਆ ਵਡ ਜੋਰ ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ ਬਡ ਤੋਰ॥



Scanned by CamScanner

ਦੋਹਾਂ ਕੰਧਾਰਾਂ ਮੂੰਹ ਜੁੜੇ ਦਮਾਮੇ ਦੌਰ॥ ਸ਼ਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ॥
ਹੋਲੀ ਖੇਲੇਂ ਚੰਦ੍ਰਹੜਾ ਰੰਗ ਲਗੇ ਸੌਰ॥ ਦੋਵੇਂ ਤਰਫਾਂ ਜੁੱਟੀਆਂ ਸਰ ਵਗਨ ਕੌਰ॥
ਸੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ॥ ਦੋਵੇਂ ਸੂਰੇ ਸ਼ਾਹਮਣੇ ਜੂਝੇ ਉਸ ਠੌਰ॥"

ਪਉੜੀ॥

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥
ਇਕਿ ਆਵਹਿ ਇਕਿ ਜਾਹਿ ਉਠਿ, ਬਿਨੁ ਨਾਵੈ ਮਰਿ ਜਾਤੀ ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥
ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥
ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥
ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ,
ਬਲਿ ਬਲਿ ਹਉ ਤਿਨ ਜਾਤੀ ॥੧॥ (ਪੰਨਾ ੧੩੮)

## ਗਉੜੀ ਕੀ ਵਾਰ ਮਹਲਾ ੫

### ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

ਪੰਨਾ- ੩੧੮

ਇਹ ਵਾਰ ਗੁਰੂ ਅਰਜਨ ਦੇਵ ਜੀ ਨੇ ਰਾਇ ਕਮਾਲਦੀ ਮੋਜਦੀ ਕੀ ਵਾਰ ਦੀ ਸੁਰ ਉਤੇ ਗਾਉਣ ਦਾ ਹੁਕਮ ਕੀਤਾ ਹੈ । ਬਾਰ ਵਿੱਚ ਇੱਕ ਚੌਧਰੀ ਕਮਾਲੁੱਦੀਨ ਰਹਿੰਦਾ ਸੀ, ਉਸ ਨੇ ਆਪਣੇ ਭਰਾ ਸਾਰੰਗ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ, ਸਾਰੰਗ ਦਾ ਇੱਕ ਪੁੱਤਰ ਸੀ ਜੋ ਅਜੇ ਛੋਟਾ ਹੀ ਸੀ, ਜਿਸ ਦਾ ਨਾਮ ਮੁਆਜ਼ੁੱਦੀਨ ਸੀ। ਸਾਰੰਗ ਦੀ ਵਹੁਟੀ ਆਪਣੇ ਇਸ ਪੁੱਤਰ ਨੂੰ ਲੈ ਕੇ ਪੇਕੇ ਚਲੀ ਗਈ, ਜਦੋਂ ਇਹ ਵੱਡਾ ਹੋਇਆ ਤਾਂ ਨਾਨਕੇ ਫ਼ੌਜ ਲੈ ਕੇ ਕਮਾਲੁੱਦੀਨ ਨਾਲ ਆ ਲੜਿਆ। ਕਮਾਲੁੱਦੀਨ ਦੇ ਰਾਜ ਉਪਰ ਜਿੱਤ ਪ੍ਰਾਪਤ ਕੀਤੀ ਅਤੇ ਇਸ ਰਾਜੇ ਨੂੰ ਮਾਰਿਆ ਗਿਆ। ਇਹ ਸਾਰੀ ਵਾਰਤਾ ਢਾਢੀਆਂ ਨੇ 'ਵਾਰ' ਵਿੱਚ ਗਾਇਆ ਗਿਆ। ਇਸ 'ਵਾਰ' ਦੀ ਚਾਲ ਦਾ ਨਮੂਨਾ ਇਸ ਤਰ੍ਹਾਂ ਹੈ-

'ਰਾਣਾ ਰਾਇ ਕਮਾਲ ਦੀਂ ਰਣ ਭਾਰਾ ਬਾਹੀਂ ॥
ਮੋਜੁੱਦੀਂ ਤਲਵੰਡੀਓਂ ਚੜਿਆ ਸਾਬਾਹੀ' ॥
ਢਾਲੀ ਅੰਬਰ ਛਾਇਆ ਫੁਲੇ ਅੱਕ ਕਾਹੀ॥



Scanned by CamScanner

ਜੁੱਟੇ ਆਹਮੋ ਸਾਹਮਣੇ ਨੇਝੇ ਝੁਲਕਾਹੀ॥
ਮੌਜੇ ਘਰ ਵਧਾਈਆਂ ਗਰ ਚਾਚੇ ਧਾਹੀਂ॥

ਪਉੜੀ ॥
ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥
ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥
ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥
ਸਾਧ ਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ ॥
ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥੧॥ (ਪੰਨਾ ੩੧੮)

## ਆਸਾ ਮਹਲਾ ੧ ॥

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥
(ਪੰਨਾ ੪੬੨)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖੋ ਵੱਖਰੇ ਸ਼ਬਦਾਂ ਅਤੇ ਬਾਣੀਆਂ ਦੇ ਮੁੱਢ ਵਿਚ ਸਿਰਲੇਖ ਵੀ ਗੁਰੂ ਅਰਜਨ ਸਾਹਿਬ ਜੀ ਨੇ ਹੀ ਭਾਈ ਗੁਰਦਾਸ ਜੀ ਤੋਂ ਲਿਖਾਏ ਸਨ। ਆਸਾ ਦੀ ਵਾਰ ਦੇ ਮੁੱਢ ਤੇ ਵੀ ਇਹ ਪੰਕਤੀ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਇਸ ਤੋਂ ਭਾਵ ਇਹ ਹੈ ਕਿ ਇਹ ਵਾਰ ਦੇ ਸਲੋਕ ਅਤੇ ਪਉੜੀਆਂ ਵੀ ਗੁਰੂ ਨਾਨਕ ਦੇਵ ਜੀ ਦੀਆਂ ਹੀ ਲਿਖਾਈ ਹੋਈਆਂ ਹਨ। ਉਹ ਆਪ ਹੀ ਲਿਖ ਰਹੇ ਹਨ ਕਿ ਇਸ ਵਾਰ ਦੇ 'ਨਾਲਿ' ਸਲੋਕ ਭੀ ਅਸਾਂ ਮਹਲੇ ਪਹਿਲੇ ਕੇ ਲਿਖ ਦਿੱਤੇ ਹਨ। ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆ਼ਰ ਹੋਣ ਤੋਂ ਪਹਿਲਾਂ 'ਆਸਾ ਦੀ ਵਾਰ' ਕੇਵਲ ੨੪ ਪਉੜੀਆਂ ਹੀ ਸੀ। ਸਾਰੇ ਗੁਰ-ਮਹਲਾਂ ਦੀ ਅਤੇ ਭਗਤਾਂ ਆਦਿਕਾਂ ਦੀ ਬਾਣੀ ਨੂੰ ਤਰਤੀਬ ਦੇਣ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਹਰੇਕ ਰਾਗ ਦੇ 'ਸ਼ਬਦ' ਫੇਰ 'ਅਸਟਪਦੀਆਂ', 'ਛੰਤ' ਤੇ 'ਵਾਰ' ਆਦਿਕ ਲਿਖਾਏ ਅਤੇ ਰਾਗ ਦੇ ਅੰਖ਼ੀਰ ਵਿੱਚ ਭਗਤਾਂ ਦੇ ਸ਼ਬਦ ਲਿਖੇ ਹਨ। ਏਸੇਂ ਤਰ੍ਹਾਂ ਸਾਰੇ ਗੁਰ-ਮਹਲਾਂ ਦੇ ਸਲੋਕਾਂ ਨੂੰ ਆਪ ਜੀ ਨੇ ਵਾਰਾਂ ਦੀਆਂ ਪਉੜੀਆਂ ਦੇ ਨਾਲ ਦੋ-ਦੋ,ਤਿੰਨ-ਤਿੰਨ ਕਰ ਕੇ ਜੋੜ ਦਿੱਤਾ। ਜਿਹੜੇ ਸਲੋਕ ਵੱਧ ਗਏ ਸਨ। ਉਹਨਾਂ ਨੂੰ ਬੀੜ ਦੇ ਅੰਖ਼ੀਰ ਵਿੱਚ ਦਰਜ ਕੀਤਾ ਤੇ ਸਿਰਲੇਖ ਵਜੋਂ ਲਿਖਿਆ 'ਸਲੋਕ ਵਾਰਾਂ ਤੇ ਵਧੀਕ' ਵਿੱਚ ਹਨ।



Scanned by CamScanner

## ਟੁੰਡੇ ਅਸਰਾਜੈ ਕੀ ਧੁਨੀ ॥

{ਪੰਨਾ ੪੬੨}

ਅਸਰਾਜ ਇੱਕ ਰਾਜੇ ਦਾ ਪੁੱਤਰ ਸੀ, ਜਿਸ ਦਾ ਨਾਮ ਸਾਰੰਗ ਸੀ । ਆਪਣੀ ਇਸਤ੍ਰੀ ਮਰ ਜਾਣ ਕਰਕੇ ਰਾਜਾ ਸਾਰੰਗ ਨੇ ਪਿਛਲੀ ਉਮਰੇ ਇੱਕ ਹੋਰ ਵਿਆਹ ਕਰ ਲਿਆ । ਨਵੀਂ ਰਾਣੀ ਆਪਣੇ ਮੜ੍ਹੇਏ ਪੁੱਤਰ ਅਸਰਾਜ ਤੇ ਰੀਝ ਪਈ,ਪਰ ਅਸਰਾਜ ਆਪਣੇ ਧਰਮ ਤੇ ਕਾਇਮ ਰਿਹਾ।ਜਦੋਂ ਰਾਣੀ ਦੀ ਹੋਰ ਕੋਈ ਚਾਲ ਪੁੱਤਰ ਨੂੰ ਧਰਮ ਤੋਂ ਡੇਗਣ ਵਿੱਚ ਕਾਮਯਾਬ ਨਾ ਹੋ ਸਕੀ ਤਾਂ ਉਸ ਨੇ ਰਾਜੇ ਪਾਸ ਅਸਰਾਜ ਦੇ ਉਲਟਾ ਝੂਠਾ ਇਲਜ਼ਾਮ ਲਗਾ ਦਿੱਤਾ । ਰਾਜੇ ਨੇ ਕ੍ਰੋਧ ਵਿੱਚ ਆ ਕੇ ਪੁੱਤਰ ਵਾਸਤੇ ਫਾਂਸੀ ਦਾ ਹੁਕਮ ਦੇ ਦਿੱਤਾ ।

ਰਾਜੇ ਦਾ ਵਜ਼ੀਰ ਸਿਆਣਾ ਸੀ।ਉਸ ਨੇ ਅਸਰਾਜ ਨੂੰ ਜਾਨੋਂ ਤਾਂ ਨਾ ਮਾਰਿਆ ਪਰ ਉਸ ਦਾ ਇੱਕ ਹੱਥ ਕੱਟ ਕੇ ਉਸ ਨੂੰ ਸ਼ਹਿਰੋਂ ਬਾਹਰ ਕਿਸੇ ਉਜਾੜ ਵਿੱਚ ਇੱਕ ਖੂਹ ਤੇ ਛੱਡ ਦਿੱਤਾ।ਉੱਥੋਂ ਦੀ ਵਣਜਾਰਿਆਂ ਦਾ ਇੱਕ ਕਾਫ਼ਲਾ ਲੰਘਿਆ । ਉਹਨਾਂ ਵਿੱਚੋਂ ਇੱਕ ਵਣਜਾਰੇ ਨੇ ਅਸਰਾਜ ਨੂੰ ਆਪਣੇ ਨਾਲ ਲੈ ਲਿਆ । ਵਣਜਾਰੇ ਕਿਸੇ ਹੋਰ ਰਾਜੇ ਦੇ ਸ਼ਹਿਰ ਵਿੱਚੋਂ ਦੀ ਲੰਘੇ।ਉਥੇ ਅਸਰਾਜ ਇੱਕ ਧੋਬੀ ਦੇ ਪਾਸ ਵੇਚ ਦਿੱਤਾ ਗਿਆ ।

ਅਸਰਾਜ ਉੱਥੇ ਧੋਬੀ ਦੇ ਘਰ ਰਹਿ ਕੇ ਸੇਵਾ ਵਿੱਚ ਆਪਣੇ ਦਿਨ ਬਿਤਾਉਣ ਲੱਗ ਪਿਆ । ਸਮਾਂ ਪਾ ਕੇ ਉਸ ਸ਼ਹਿਰ ਦਾ ਰਾਜਾ ਸੰਤਾਨ-ਹੀਨ ਹੀ ਮਰ ਗਿਆ।ਵਜ਼ੀਰਾਂ ਨੇ ਆਪੋ ਵਿੱਚ ਫ਼ੈਸਲਾ ਕੀਤਾ ਕਿ ਸਵੇਰੇ ਜੋ ਮਨੁੱਖ ਸਭ ਤੋਂ ਪਹਿਲਾਂ ਸ਼ਹਿਰ ਦਾ ਦਰਵਾਜ਼ਾ ਖੜਕਾਏ, ਉਸ ਨੂੰ ਰਾਜ ਦੇ ਦਿੱਤਾ ਜਾਏ।ਅਸਰਾਜ ਦੇ ਭਾਗ ਜਾਗੇ ਧੋਬੀ ਦਾ ਬਲਦ ਖੁੱਲ੍ਹ ਗਿਆ ਬਲਦ ਦੀ ਢੂੰਡ ਭਾਲ ਵਿੱਚ ਅਸਰਾਜ ਸਵੇਰੇ ਹੀ ਉੱਠ ਤੁਰਿਆ ਤੇ ਦਰਵਾਜ਼ਾ ਜਾ ਖੜਕਾਇਆ।ਇਸ ਤਰ੍ਹਾਂ ਉਸ ਦੇਸ਼ ਦਾ ਰਾਜ ਇਸ ਨੂੰ ਮਿਲ ਗਿਆ ।

ਰਾਜੇ ਦਾ ਪੁੱਤਰ ਹੋਣ ਕਰਕੇ ਅਸਰਾਜ ਦੇ ਅੰਦਰ ਰਾਜ-ਪ੍ਰਬੰਧ ਵਾਲੇ ਸੰਸਕਾਰ ਮੌਜੂਦ ਸਨ। ਸੋ ਉਸ ਨੇ ਦੇਸ਼ ਦੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸੰਭਾਲ ਲਿਆ।ਕੁਝ ਸਮਾਂ ਪਾ ਕੇ ਗੁਆਂਢੀ ਦੇਸ਼ਾਂ ਵਿੱਚ ਕਾਲ ਪੈ ਗਿਆ, ਪਰ ਅਸਰਾਜ ਦੇ ਦੇਸ਼ ਵਿੱਚ ਚੰਗਾ ਧਨ ਅਨਾਜ ਸੀ।ਦੂਸਰੇ ਦੇਸ਼ਾਂ ਦੇ ਲੋਕ ਇਸ ਦੇ ਰਾਜ ਵਿੱਚੋਂ ਅੰਨ ਦਾਣਾ ਮੁੱਲ ਲੈਣ ਵਾਸਤੇ ਆਉਣ ਲੱਗ ਪਏ।ਇਸ ਦੇ ਪਿਤਾ ਦਾ ਵਜ਼ੀਰ ਵੀ ਆਇਆ।ਅਸਰਾਜ ਨੇ ਵਜ਼ੀਰ ਨੂੰ ਪਛਾਣ ਲਿਆ।ਆਪੋ ਵਿੱਚ ਦੋਵੇਂ ਬੜੇ ਪ੍ਰੇਮ ਨਾਲ ਮਿਲੇ।ਅਸਰਾਜ ਨੇ ਵਜ਼ੀਰ ਦੀ ਬੜੀ ਸੇਵਾ ਕੀਤੀ, ਤੇ ਕੁੱਝ ਦਿਨ ਕੋਲ ਰੱਖ ਕੇ ਆਪਣੇ ਪਿਤਾ ਦੇ ਦੇਸ਼-ਵਾਸੀਆਂ ਵਾਸਤੇ ਬਹੁਤ ਸਾਰਾ ਅੰਨ ਮੁੱਲ ਲੈਣ ਤੋਂ ਬਿਨਾਂ ਹੀ ਭੇਟ ਕੀਤਾ ।

ਵਜ਼ੀਰ ਨੇ ਵਾਪਸ ਆ ਕੇ ਇਹ ਸਾਰਾ ਬ੍ਰਿਤਾਂਤ ਰਾਜੇ ਨੂੰ ਦੱਸਿਆ ਤੇ ਪ੍ਰੇਰਿਆ ਕਿ ਆਪਣੇ ਪੁੱਤਰ ਨੂੰ ਹੀ ਆਪਣਾ ਰਾਜ ਵੀ ਦੇ ਦਿੱਤਾ। ਰਾਜੇ ਨੂੰ ਆਪਣੇ ਪੁੱਤਰ ਦੇ ਨੇਕ



Scanned by CamScanner

ਆਚਰਨ ਦਾ ਪਤਾ ਲੱਗ ਚੁੱਕਾ ਹੋਇਆ ਸੀ। ਉਸ ਨੇ ਆਪਣੇ ਵਜ਼ੀਰ ਦੀ ਇਹ ਭਲੀ ਸਲਾਹ ਮੰਨ ਲਈ ਤੇ ਆਪਣੇ ਪੁੱਤਰ ਨੂੰ ਸਦਵਾ ਕੇ ਆਪਣਾ ਰਾਜ ਵੀ ਉਸ ਦੇ ਹਵਾਲੇ ਕਰ ਦਿੱਤਾ ।

ਢਾਡੀਆਂ ਨੇ ਇਹ ਸਾਰਾ ਬ੍ਰਿਤਾਂਤ 'ਵਾਰ' ਵਿੱਚ ਜੋੜ ਕੇ ਰਾਜਾ ਦੇ ਦਰਬਾਰ ਵਿੱਚ ਗਾਇਆ ਤੇ ਇਨਾਮ ਹਾਸਿਲ ਕੀਤੇ । ਉਸ ਸਮੇਂ ਤੋਂ ਢਾਡੀ ਇਹ ਵਾਰ ਗਾਉਂਦੇ ਚਲੇ ਆ ਰਹੇ ਹਨ। ਸਤਿਗੁਰੂ ਜੀ ਨੇ 'ਆਸਾ ਦੀ ਵਾਰ' ਵੀ ਇਸੇ 'ਵਾਰ' ਦੀ ਸੁਰ ਉਤੇ ਗਾਉਣ ਦੀ ਆਗਿਆ ਕੀਤੀ ਹੈ। ਪੁਰਾਤਨ ਵਾਰ ਦਾ ਸਰੂਪ ਇਹ ਹੈ।

ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਸੁਲਤਾਨ ਖਾਨ ਬਡ ਸੂਰਮੇ ਵਿੱਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਗੇ।
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤਿਹ ਪਾਈ ਅਸਰਾਜ ਜੀ ਸ਼ਾਹੀ ਪਰ ਸੱਜੇ।

ਪਉੜੀ ॥

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥ {ਪੰਨਾ ੪੬੩}

## ਗੂਜਰੀ ਕੀ ਵਾਰ ਮਹਲਾ ੩

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ॥

{੫੦੮}

ਸਿਕੰਦਰ ਤੇ ਇਬਰਾਹੀਮ ਇੱਕੋ ਕੁੱਲ ਵਿੱਚੋਂ ਸਨ ਅਤੇ ਦੋਵੇਂ ਛੋਟੀਆਂ-ਛੋਟੀਆਂ ਰਿਆਸਤਾਂ ਦੇ ਰਾਜੇ ਸਨ। ਦੋਵੇਂ ਸ਼ਰੀਕੇ ਵਿੱਚੋਂ ਭਰਾ ਸਨ। ਇਬਰਾਹੀਮ ਮੰਦ-ਕਰਮੀ ਵਾਲਾ ਜੀਵਨ ਸੀ। ਇਸ ਨੇ ਇੱਕ ਵਾਰੀ ਇੱਕ ਨੌ-ਜਵਾਨ ਬ੍ਰਾਹਮਣ ਦੀ ਨਵੀਂ ਵਿਆਹੀ ਵਹੁਟੀ ਤੇ ਮਾੜੀ ਨਜ਼ਰ ਰੱਖਣੀ ਸ਼ੁਰੂ ਕੀਤੀ, ਬ੍ਰਾਹਮਣ ਨੇ ਸਿਕੰਦਰ ਪਾਸ ਫ਼ਰਿਆਦ ਕੀਤੀ । ਸਿਕੰਦਰ ਤੇ ਇਬਰਾਹੀਮ ਦੋਹਾਂ ਵਿੱਚ ਟਾਕਰਾ ਹੋਇਆ, ਇਬਰਾਹੀਮ ਫੜਿਆ ਗਿਆ, ਪਰ ਜਦੋਂ ਉਹ ਆਪਣੇ ਕੀਤੇ ਤੇ ਪਛਤਾਇਆ ਤਾਂ ਸਿਕੰਦਰ ਨੇ ਉਸ ਨੂੰ ਛੱਡ ਦਿੱਤਾ। ਇਹ ਸਾਕਾ ਢਾਡੀਆਂ ਨੇ 'ਵਾਰ' ਵਿੱਚ ਗਾਇਆ । ਉਸੇ ਹੀ ਸੁਰ ਤੇ ਗੁਰੂ ਅਮਰਦਾਸ ਜੀ ਦੀ ਇਹ ਵਾਰ ਗਾਉਣ



Scanned by CamScanner

ਲਈ ਆਗਿਆ ਹੈ । ਉਸ ਪੁਰਾਤਨ ਵਾਰ ਦਾ ਸਰੂਪ ਇਹ ਹੈ।

ਪਾਪੀ ਖਾਨ ਬਿਰਾਹਮ ਪਰ ਚੜਿਆ ਸੇਕੰਦਰ ।
ਭੇੜ ਦੁਹਾਂ ਦਾ ਮੱਚਿਆ ਬਡ ਰਣ ਦੇ ਅੰਦਰ ।
ਫੜਿਆ ਖਾਨ ਬਿਹਰਾਮ ਨੂੰ ਕਰ ਬਡ ਅਡਬੰਰ।
ਬੱਧਾ ਸੰਗਲ ਪਾਇਕੈ ਜਣ ਕੀਲੇ ਬੰਦਰ।
ਅਪਨਾ ਹੁਕਮ ਮਨਾਇਕੈ ਛੱਡਿਆ ਜਗ ਅੰਦਰ।
ਪਉੜੀ ॥
ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥੧॥

(ਪੰਨਾ ੫੦੯)

## ਵਡਹੰਸ ਕੀ ਵਾਰ ਮਹਲਾ ੪

### ਲਲਾਂ ਬਹਲੀਮਾ ਕੀ ਧੁਨਿ ਗਾਵਣੀ

{ਪੰਨਾ ੫੮੫}

ਲੋਕ ਰਵਾਇਤ ਅਨੁਸਾਰ ਲਲਾਂ ਤੇ ਬਹਲੀਮਾ ਦੋ ਛੋਟੇ-ਛੋਟੇ ਰਾਜਪੂਤ ਰਾਜੇ ਸਨ। ਇਹ ਰਾਜੇ ਕਾਂਗੜੇ ਦੇ ਇਲਾਕੇ ਵਿੱਚ ਰਾਜ ਕਰਿਆ ਕਰਦੇ ਸਨ। ਇੱਕ ਵਾਰੀ ਲਲਾਂ ਦੇ ਇਲਾਕੇ ਵਿੱਚ ਔੜ ਲੱਗ ਗਈ, ਉਸ ਨੇ ਆਪਣੀ ਪੈਦਾਵਾਰ ਦਾ ਛੇਵਾਂ ਹਿੱਸਾ ਦੇਣ ਦਾ ਇਕਰਾਰ ਕਰ ਕੇ ਬਹਲੀਮਾ ਦੀ ਨਹਿਰ ਤੋਂ ਪਾਣੀ ਲਿਆ। ਫ਼ਸਲ ਦਾ ਵੇਲਾ ਆਇਆ ਤਾਂ ਇਸ ਨੇ ਇਕਰਾਰ ਪੂਰਾ ਨਾ ਕੀਤਾ। ਦੋਹਾਂ ਵਿੱਚ ਲੜਾਈ ਹੋ ਪਈ ਪਰ ਬਹਲੀਮਾ ਜਿੱਤ ਗਿਆ। ਇਸ ਲੜਾਈ ਦਾ ਹਾਲ ਕਿਸੇ ਢਾਡੀ ਨੇ 'ਵਾਰ' ਵਿਚ ਗਾਂਵਿਆਂ, ਜਿਸ ਦਾ ਨਮੂਨਾ ਇਸ ਤਰ੍ਹਾਂ ਹੈ :—

ਕਾਲ ਲਲਾਂ ਦੇ ਦੇਸ਼ ਦਾ ਖੋਇਆ ਬਹਿਲੀਮਾ ॥
ਹਿੱਸਾ ਛਟਾ ਮਨਾਇ ਕੈ ਜਲੁ ਨਹਰੋਂ ਦੀਨਾ ॥
ਫਿਰਾਊਨ ਹੋਇ ਲਲਾਂ ਨੇ ਰਣ ਮੰਡਿਆ ਧੀਮਾ ॥
ਭੇੜ ਦੁਹੂ ਦਿਸ ਮੱਚਿਆ ਸੱਟ ਪਈ ਅਜੀਮਾ ॥
ਸਿਰ ਧੜ ਡਿੱਗੇ ਖੇਤ ਵਿਚ ਜਿਉ ਵਾਹਣ ਢੀਮਾ ॥
ਦੇਖਿ ਮਾਰੇ ਲਲਾਂ ਬਹਲੀਮ ਨੇ ਰਣ ਮਹਿ ਬਰਛੀਮਾ ॥



Scanned by CamScanner

ਸਤਿਗੁਰੂ ਜੀ ਨੇ ਆਗਿਆ ਕੀਤੀ ਹੈ ਕਿ ਇਸ ਵਾਰ ਦੀ ਸੁਰ ਤੇ ਗੁਰੂ ਰਾਮਦਾਸ ਜੀ ਦੀ ਇਹ ਵਡਹੰਸ ਦੀ ਵਾਰ ਗਾਉਣੀ ਹੈ ।

ਪਉੜੀ ॥
ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥
ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥
ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥
ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥
ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥
{ਪੰਨਾ ੮੮੫}

## ਰਾਮਕਲੀ ਕੀ ਵਾਰ ਮਹਲਾ ੩॥

ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥

{ਪੰਨਾ ੯੪੭}

ਇੱਕ ਰਾਜਪੂਤ ਰਾਜਾ ਸੀ ਜਿਸ ਦਾ ਨਾਂ ਪੂਰਬਾਣ ਸੀ। ਇਸ ਰਾਜੇ ਦੇ ੨ ਪੁੱਤਰ ਸਨ । ਇੱਕ ਜੋਧਾ ਤੇ ਦੂਜਾ ਵੀਰਾ ਸੀ। ਇਹ ਦੋਵੇ ਜੰਗਲ ਵਿੱਚ ਰਹਿੰਦੇ ਹੋਇਆ ਲੁੱਕ ਛੁੱਪਕੇ ਡਾਕੇ ਮਾਰਿਆ ਕਰ ਦੇ ਸਨ । ਬਾਦਸ਼ਾਹ ਅਕਬਰ ਨੇ ਇਹਨਾਂ ਦੇ ਬਹਾਦਰੀ ਦੇ ਬਹੁਤ ਕਿੱਸੇ ਸੁਣੇ ਸਨ। ਬਾਦਸ਼ਾਹ ਅਕਬਰ ਨੇ ਇਹਨਾਂ ਨੂੰ ਫੌਜ਼ ਵਿੱਚ ਨੌਕਰੀ ਲਈ ਪੇਸ਼ਕਸ ਭੇਜੀ ਪਰ ਇਹਨਾਂ ਨੇ ਠੁਕਰਾ ਦਿੱਤੀ। ਬਾਦਸ਼ਾਹ ਅਕਬਰ ਤੋਂ ਬਾਗ਼ੀ ਹੋਏ ਬੈਠੇ ਸਨ। ਬਾਦਸ਼ਾਹ ਅਕਬਰ ਗੁੱਸੇ ਵਿੱਚ ਆ ਕੇ ਇਹਨਾਂ ਤੇ ਚੜ੍ਹਾਈ ਕੀਤੀ, ਇਹ ਬੜੀ ਬੀਰਤਾ ਨਾਲ ਰਣ ਵਿੱਚ ਲੜ ਕੇ ਵੀਰ ਗਤੀ ਪ੍ਰਾਪਤ ਕਰ ਗਏ । ਢਾਡੀਆਂ ਨੇ ਇਹਨਾਂ ਦੀ ਸੂਰਮਤਾ ਦੀ ਵਾਰ ਬਣਾਈ, ਇਸ ਵਾਰ ਵਿਚੋਂ ਨਮੂਨੇ ਦੇ ਤੌਰ ਹੇਠ-ਲਿਖੀ ਪਉੜੀ ਹੈ :

ਜੋਧੇ ਵੀਰ ਪੂਰਬਾਣੀਏਂ ਦੋ ਗੱਲਾਂ ਕਰੀਨ ਕਰਾਰੀਆਂ ॥
ਫੌਜਾਂ ਚਾੜ੍ਹੀਆਂ ਬਾਦਸ਼ਾਹ ਅਕਬਰ ਨੇ ਭਾਰੀਆਂ ॥
ਸਨਮੁਖ ਹੋਏ ਰਾਜਪੂਤ ਸੁਤਰੀ ਰਣ ਕਾਰੀਅ੍ਹਾਂ ॥
ਇੰਦਰ ਸਣੇ ਅਪੱਛਰਾਂ ਮਿਲਿ ਕਰਨਿ ਜੁਹਾਰੀਆਂ ॥
ਏਹੀ ਕੀਤੀ ਜੋਧ ਵੀਰ ਪਤਸ਼ਾਹੀ ਗੱਲਾਂ ਸਾਰੀਆਂ ॥

ਪਉੜੀ ॥
ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥



Scanned by CamScanner

ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ ॥
ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ॥
ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥
ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ ॥੧॥ (ਪੰਨਾ ੯੪੭)

## ਸਾਰੰਗ ਕੀ ਵਾਰ ਮਹਲਾ ੪

### ਰਾਇ ਮਹਮੇ ਹਸਨੇ ਕੀ ਧੁਨਿ

ਮਹਿਮਾ ਤੇ ਹਸਨਾ ਦੋਵੇਂ ਭੱਟੀ ਰਾਜਪੂਤ ਸਰਦਾਰ ਸਨ। ਮਹਿਮਾ ਕਾਂਗੜੇ ਦਾ ਰਹਿਣ ਵਾਲਾ ਸੀ ਅਤੇ ਹਸਨਾ ਧੌਲੇ ਦਾ ਰਹਿਣ ਵਾਲਾ ਰਜਵਾੜਾ ਸੀ। ਹਸਨੇ ਨੇ ਚਲਾਕੀ ਨਾਲ ਮਹਿਮੇ ਨੂੰ ਅਕਬਰ ਦੇ ਕੋਲ ਕੈਦ ਕਰਾ ਦਿੱਤਾ। ਪਰ ਮਹਿਮੇ ਨੇ ਆਪਣੀ ਬਹਾਦਰੀ ਦੇ ਕਾਰਨਾਮੇ ਵਿਖਾ ਕੇ ਬਾਦਸ਼ਾਹ ਨੂੰ ਖ਼ੁਸ਼ ਕਰ ਲਿਆ ਤੇ ਸ਼ਾਹੀ ਫ਼ੌਜ ਲੈ ਕੇ ਹਸਨੇ ਤੇ ਆ ਚੜ੍ਹਿਆ। ਚੋਖਾ ਚਿਰ ਦੋਹੀਂ ਧਿਰੀਂ ਲੜਾਈ ਹੋਈਂ ਤੇ ਆਖ਼ਿਰ ਮਹਿਮੇ ਦੀ ਜਿੱਤ ਹੋਈ। ਇਸ ਨੂੰ ਕੈਦ ਕਰ ਲਿਆ ਪ੍ਰੰਤੂ ਇਸ ਨੇ ਆਪਣੀ ਗਲਤੀ ਦੀ ਮੁਆਫ਼ੀ ਮੰਗੀ ਤਾਂ ਮਹਿਮੇ ਨੇ ਇਸ ਨੂੰ ਛੱਡ ਦਿੱਤਾ। ਢਾਢੀਆਂ ਨੇ ਇਸ ਗੱਲ ਨੂੰ ਦੇਖਕੇ ਜੰਗ ਦੀ ਜਿੱਤ ਨੂੰ ਮੁੱਖ ਰੱਖ ਕੇ ਇਹ ਵਾਰ ਲਿਖੀ। ਇਸੇ ਵਾਰ ਦੀ ਸੁਰ ਤੇ ਗੁਰੂ ਰਾਮਦਾਸ ਸਾਹਿਬ ਦੀ ਰਚੀ ਹੋਈ ਸਾਰੰਗ ਰਾਗ ਵੀ ਵਾਰ ਦੇ ਗਾਉਣ ਦੀ ਹਿਦਾਇਤ ਕੀਤੀ ਗਈ ਹੈ। ਉਸ ਵਾਰ ਵਿਚੋਂ ਨਮੂਨੇ ਲਈ ਹੇਠ-ਲਿਖੀ ਪਉੜੀ ਹੈ:—

ਮਹਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ ॥
ਹਸਨੇ ਬੇ-ਈਮਾਨਗੀ ਨਾਲ ਮਹਮੇ ਥੱਟੀ ॥
ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ ।
ਮਹਮੇ ਪਾਈ ਫਤਹ ਰਣ ਗਲ ਹਸਨੇ ਘੱਟੀ ॥
ਬੰਨ੍ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ ॥

ਪਉੜੀ ॥

ਆਪੇ ਆਪਿ ਨਿਰੰਜਨਾ, ਜਿਨਿ ਆਪੁ ਉਪਾਇਆ॥
ਆਪੇ ਖੇਲੁ ਰਚਾਇਓਨੁ, ਸਭੁ ਜਗਤੁ ਸਬਾਇਆ ॥
ਤ੍ਰੈ ਗੁਣ ਆਪਿ ਸਿਰਜਿਅਨੁ, ਮਾਇਆ ਮੋਹੁ ਵਧਾਇਆ ॥
ਗੁਰ ਪਰਸਾਦੀ ਉਬਰੇ, ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ, ਸਭ ਸਚਿ ਸਮਾਇਆ ॥੧॥ (ਪੰਨਾ ੧੨੩੭)



Scanned by CamScanner

# ਵਾਰ ਮਲਾਰ ਕੀ ਮਹਲਾ ੧

ਰਾਣੈ ਕੈਲਾਸ ਤਥਾ ਮਾਲ ਦੇ ਕੀ ਧੁਨਿ ॥

(ਪੰਨਾ ੧੨੭੯)

ਕੈਲਾਸ ਦੇਉ ਤੇ ਮਾਲ ਦੇਉ ਦੋਵੇਂ ਸੱਕੇ ਭਰਾ ਸਨ। ਇਹ ਜੰਮੂ ਕਸ਼ਮੀਰ ਦੇ ਰਾਜੇ ਤੇ ਜਹਾਂਗੀਰ ਦਾ ਕੋਲ ਟੈਕਸ ਭਰਦੇ ਸਨ। ਇਹਨਾਂ ਨੂੰ ਕਮਜ਼ੋਰ ਕਰਨ ਲਈ ਜਹਾਂਗੀਰ ਨੇ ਕਿਸੇ ਭੇਤੀ ਨੂੰ ਵਿੱਚ ਪਾ ਕੇ ਇਹਨਾਂ ਨੂੰ ਆਪੋ ਵਿੱਚ ਲੜਾ ਦਿੱਤਾ। ਇਹਨਾਂ ਵਿੱਚ ਤਕੜਾ ਯੁੱਧ ਹੋਇਆ, ਮਾਲ ਦੇਉ ਜਿੱਤ ਗਿਆ, ਕੈਲਾਸ ਦੇਉ ਪਕੜਿਆ ਗਿਆ। ਉਸ ਨੇ ਅਪਨੇ ਭਰਾ ਕੋਲੋਂ ਮੁਆਫ਼ੀ ਮੰਗੀ ਮਾਲ ਦੇਉ ਨੇ ਮੁਆਫ਼ ਕਰ ਦਿੱਤਾ। ਫਿਰ ਦੋਵੇਂ ਭਰਾ ਸੁਲਹ ਕਰ ਕੇ ਪਿਆਰ ਨਾਲ ਰਲ ਬੈਠੇ, ਅੱਧਾ-ਅੱਧਾ ਰਾਜ ਵੰਡ ਲਿਆ। ਢਾਡੀਆਂ ਨੇ ਇਸ ਜੰਗ ਦੀ ਵਾਰ ਲਿਖੀ । ਇਸ 'ਵਾਰ' ਵਿਚੋਂ ਨਮੂਨੇ ਦੀ ਪਉੜੀ:—

ਧਰਤ ਘੋੜਾ, ਪਰਬਤ ਪਲਾਣ, ਸਿਰ ਟੱਟਰ ਅੰਬਰ ॥
ਨੌ ਸੌ ਨਦੀ ਨੜਿੰਨਵੇ ਰਾਣਾ ਜਲ ਕੰਬਰ ॥
ਢੁਕਾ ਰਾਇ ਅਮੀਰ ਦੇਵ ਕਰਿ ਮੇਘ ਅਡੰਬਰ ॥
ਆਣਿਤ ਖੰਡਾ ਰਾਣਿਆਂ ਕੈਲਾਸ਼ੈ ਅੰਦਰ ॥
ਬਿਜਲੀ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ ॥
ਮਾਲਦੇਉ ਕੈਲਾਸ਼ ਨੂੰ ਬੱਧਾ ਕਰਿ ਸੰਬਰ ॥
ਫਿਰ ਅੱਧਾ ਧਨ ਮਾਲਦੇਉ ਛਡਿਆ ਗੜ੍ਹ ਅੰਦਰ ॥
ਮਾਲਦੇਉ ਜਸੁ ਖਟਿਆ ਵਾਂਗ ਸ਼ਾਹ ਸਿਕੰਦਰ ॥

ਜਿਸ ਸੁਰ ਵਿਚ ਮਾਲਦੇਉ ਦੀ ਇਹ ਵਾਰ ਲੋਕ ਗਾਉਂਦੇ ਸਨ, ਉਸੇ ਸੁਰ ਵਿਚ ਗੁਰੂ ਨਾਨਕ ਦੇਵ ਜੀ ਦੀ ਇਹ ਵਾਰ ਗਾਉਣ ਦੀ ਹਿਦੈਤ ਹੈ ।

ਆਪੀਨੈ ਆਪੁ ਸਾਜਿ, ਆਪੁ ਪਛਾਣਿਆ ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ (੧੨੭੯)



Scanned by CamScanner

# ਕਾਨੜੇ ਕੀ ਵਾਰ ਮਹਲਾ ੪

## ਮੂਸੇ ਕੀ ਵਾਰ ਕੀ ਧੁਨੀ

ਗੁਰੂ ਰਾਮਦਾਸ ਜੀ ਦੀ ਇਸ ਵਾਰ ਨੂੰ ਮੂਸੇ ਦੀ ਵਾਰ ਦੀ ਧੁਨ ਉਪਰ ਗਾਉਣ ਲਈ ਆਦੇਸ਼ ਕੀਤਾ ਹੈ। ਮੂਸਾ ਇੱਕ ਸੂਰਮਾ ਸੀ, ਇਸ ਦੀ ਮੰਗੇਤ੍ਰ ਕਿਸੇ ਰਾਜੇ ਨਾਲ ਵਿਆਹੀ ਗਈ। ਮੂਸੇ ਨੇ ਉਸ ਰਾਜੇ ਤੇ ਚੜ੍ਹਾਈ ਕਰ ਕੇ ਰਾਜੇ ਨੂੰ ਤੇ ਉਸ ਆਪਣੀ ਮੰਗੇਤ੍ਰ ਨੂੰ ਪਕੜ ਲਿਆਂਦਾ। ਪਰ ਜਦੋਂ ਉਸ ਨੇ ਇਸਤ੍ਰੀ ਪਾਸੋਂ ਪੁੱਛਿਆ ਕਿ ਤੂੰ ਕਿਸ ਨਾਲ ਰਹਿਣਾ ਚਾਹੁੰਦੀ ਹੈ। ਉਸ ਨੇ ਉੱਤਰ ਦਿੱਤਾ ਕਿ ਜਿਸ ਨਾਲ ਮੈਂ ਵਿਆਹੀ ਗਈ ਹਾਂ ਉਸ ਨਾਲ ਹੀ ਰਹਿਣਾ ਹੈ। ਮੂਸੇ ਨੇ ਇਹ ਸੁਣ ਕੇ ਰਾਜੇ ਨੂੰ ਤੇ ਉਸ ਦੀ ਇਸਤ੍ਰੀ ਨੂੰ ਮਾਫ਼ ਕਰ ਕੇ ਇੱਜ਼ਤ ਨਾਲ ਮੋੜ ਦਿੱਤਾ। ਮੂਸੇ ਦੀ ਇਸ ਬਹਾਦਰੀ ਤੇ ਖੁੱਲ੍ਹ ਦਿਲੀ ਤੇ ਢਾਡੀਆਂ ਨੇ ਵਾਰ ਲਿਖਕੇ ਗਾਇਆ। ਜਿਸ ਦੀ ਨਮੂਨੇ ਦੀ ਇਕ ਪਉੜੀ ਇਉਂ ਹੈ—

ਤ੍ਰੈ ਸੈ ਸੱਠ ਮਰਾਤਬਾ ਇਕ ਗੁਰੀਏ ਡੱਗੈ ॥
ਚੜ੍ਹਿਆ ਮੂਸਾ ਪਾਤਸ਼ਾਹ ਸਭ ਜੱਗ ਪਰੱਥੈ ॥
ਚੰਦ ਚਿਟੇ ਬਡ ਹਾਥੀਆਂ ਕਹੁ ਕਿਤ ਵਰੱਗੇ ॥
ਰੁਤ ਪਛਾਤੀ ਬਗਲਿਆਂ ਘਟ ਕਾਲੀ ਅੱਗੈ ॥
ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੈ ॥

ਪਉੜੀ॥

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ ॥
ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ
ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹ
ਰਿ ਬੋਲਤ ਸਭਿ ਪਾਪ ਲਹੋਗੀਆ ॥੧॥ (ਪੰਨਾ ੧੩੧੩)



Scanned by CamScanner

# ਰਾਮਕਲੀ ਕੀ ਵਾਰ

## ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

੯੬੬

ਬਲਵੰਡ ਤੇ ਸੱਤਾ ਗੁਰੂ ਘਰ ਅੰਦਰ ਕੀਰਤਨ ਕਰਿਆ ਕਰ ਦੇ ਸਨ। ਸੱਤੇ ਦੀ ਲੜਕੀ ਦੀ ਸ਼ਾਦੀ ਆ ਗਈ ਤੇ ਖ਼ਰਚ ਲਈ ਮਾਇਆ ਲੈਣ ਲਈ ਆਏ ਪਰ ਗੁਰੂ ਘਰ ਅੰਦਰ ਮੁਸ਼ਕਿਲ ਸਮਾਂ ਸੀ। ਲੰਗਰ ਵੀ ਮਸਤਾਨਾ ਹੋਣ ਲੱਗ ਪਿਆ ਸੀ। ਉਸ ਸਮੇਂ ਬਾਬਾ ਪ੍ਰਿਥੀ ਚੰਦ ਨੇ ਗੁਰੂ ਅਰਜਨ ਸਾਹਿਬ ਜੀ ਦੇ ਰਾਹ ਵਿੱਚ ਰੋਕਾਂ ਪਾਣ ਲਈ ਤੁੱਲੇ ਹੋਏ ਸਨ। ਅੰਮ੍ਰਿਤਸਰ ਵਿੱਚ ਵੱਸਦੇ ਕਈ ਬੰਦਿਆਂ ਨੂੰ ਲਾਲਚ ਦੇ ਕੇ ਚੁੱਕਦੇ ਹੋਣਗੇ। ਸੰਗਤਾਂ ਨੂੰ ਭੁਲੇਖੇ ਵਿੱਚ ਪਾਉਣ ਲਈ ਬਾਬਾ ਪ੍ਰਿਥੀ ਚੰਦ ਨੇ ਕੁਝ ਸਾਥੀ ਵੀ ਨਾਲ ਰਲਾਏ ਹੋਏ ਸਨ। ਇਹ ਵੀ ਹੋ ਸਕਦਾ ਹੈ ਕਿ ਸੱਤੇ ਬਲਵੰਡ ਨੂੰ ਵੀ ਪ੍ਰੇਰਨਾ ਕੀਤੀ ਗਈ ਹੋਵੇ। ਪਰ ਉਹ ਨਾ ਮੰਨੇ ਹੋਣ। ਇਹ ਵੀ ਹੋ ਸਕਦਾ ਹੈ ਕਿ ਲੜਕੀ ਦੀ ਸ਼ਾਦੀ ਸਮੇਂ ਗੁਰੂ ਅਰਜਨ ਸਾਹਿਬ ਪਾਸੋਂ ਵਿਤੋਂ ਵਧੀਕ ਮਾਇਆ ਮੰਗਣ ਦੀ ਪ੍ਰੇਰਨਾ ਬਾਬਾ ਪ੍ਰਿਥੀ ਚੰਦ ਜੀ ਦੇ ਆਦਮੀਆਂ ਵੱਲੋਂ ਕਰਾਈ ਕੀਤੀ ਗਈ ਹੋਵੇ। ਜੇ ਇਹ ਚੁੱਕ ਜਾਂ ਪ੍ਰੇਰਨਾ ਨਾ ਵੀ ਹੋਵੇ ਤਾਂ ਵੀ ਇਹ ਹੋ ਸਕਦਾ ਹੈ ਕਿ ਗੁਰੂ ਅਰਜਨ ਸਾਹਿਬ ਦੇ ਦਰ ਤੋਂ ਉਸ ਵੇਲੇ ਆਪਣੀ ਲੋੜ ਪੂਰੀ ਨਾ ਹੁੰਦੀ ਵੇਖ ਕੇ ਸੱਤਾ ਤੇ ਬਲਵੰਡ ਇਹ ਆਸ ਬਣਾ ਬੈਠੇ ਹੋਣ ਕਿ ਜੇ ਬਾਬਾ ਪ੍ਰਿਥੀ ਚੰਦ ਜੀ ਦਾ ਵਧੀਕ ਜ਼ੋਰ ਪੈ ਗਿਆ ਤੇ ਗੁਰੂ ਅਰਜਨ ਸਾਹਿਬ ਵਾਲਾ ਪਾਸਾ ਢਿੱਲਾ ਹੋ ਗਿਆ ਤਾਂ ਦੂਜੇ ਪਾਸੇ ਚੱਲ ਕੀਰਤਨ ਕਰਾਂਗੇ। ਸੋ ਇਹ ਰੁੱਸ ਪਏ। ਗੁਰੂ ਅਰਜਨ ਸਾਹਿਬ ਇਹਨਾਂ ਨੂੰ ਮੰਨਾਣ ਗਏ । ਮਾਇਆ ਹੁੰਦੀ ਤਾਂ ਇਹ ਰੁੱਸਦੇ ਹੀ ਕਿਉਂ? ਗੁਰੂ ਅਰਜਨ ਸਾਹਿਬ ਦੀ ਉਮਰ ਵੀ ਅਜੇ ਅਠਾਰਾਂ ਉੱਨੀ ਸਾਲ ਦੀ ਹੀ ਸੀ, ਅਜੇ ਤੱਕ ਇਹਨਾਂ ਲੋਕਾਂ ਨੇ ਸਤਿਗੁਰੂ ਜੀ ਦੇ ਜੀਵਨ ਵਿੱਚੋਂ ਕੋਈ ਐਸੇ ਉੱਚੇ ਚੁਮਕਾਰੇ ਵੀ ਨਹੀਂ ਵੇਖੇ ਸਨ, ਜੋ ਬਾਬਾ ਲਹਿਣਾ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਗੁਰੂ ਬਣਨ ਤੋਂ ਪਹਿਲਾਂ ਵਿਖਾ ਚੁੱਕੇ ਸਨ । ਗੁਰੂ ਅਰਜਨ ਸਾਹਿਬ ਜੀ ਦਾ ਆਪ ਚੱਲ ਕੇ ਜਾਣਾ ਵੀ ਸੱਤੇ ਬਲਵੰਡ ਨੂੰ ਨਾ ਲਿਆ ਸਕੇ। ਇਹ ਸਗੋਂ ਹੋਰ ਵੀ ਖੁੰਝ ਗਏ। ਸਮਝ ਬੈਠੇ, ਪ੍ਰਿਥੀ ਚੰਦ ਜੀ ਦੀ ਵਿਰੋਧਤਾ ਦੇ ਕਾਰਨ ਗੁਰੂ ਅਰਜਨ ਸਾਹਿਬ ਦੀ ਗੁਰੂ-ਪਦਵੀ ਵੀ ਸਾਡੇ ਹੀ ਆਸਰੇ ਹੈ। ਹਉਮੈ ਵਿਚ ਆ ਗਏ ਤੇ ਗੁਰੂ ਨਾਨਕ ਸਾਹਿਬ ਦੀ ਸ਼ਾਨ ਵਿੱਚ ਵੀ ਬੋਲ ਕੁਬੋਲ ਬੋਲੇ ਨੇ ਇਹਨਾਂ ਨੇ। ਬੱਸ ਫਿਰ ਕੀ ਸੀ! ਗੁਰੂ ਘਰ ਦੇ ਨਾਲੋਂ ਇਹਨਾਂ ਦੇ ਸੰਬੰਧ ਟੁੱਟ ਗਏ। ਸਤਿਗੁਰੂ ਜੀ ਨੇ ਆ ਕੇ ਸੰਗਤਾਂ ਨੂੰ ਸੱਤੇ ਬਲਵੰਡ ਤੋਂ ਕੀਰਤਨ ਸੁਣਨ ਤੋਂ ਮਨ੍ਹਾ ਕਰ ਦਿੱਤਾ। ਰਬਾਬੀਆਂ ਨੇ ਸੰਗਤਾਂ ਨੂੰ ਮੋਹਣ ਲਈ ਆਪਣੇ ਹੁਨਰ ਦਾ ਬਥੇਰਾ ਜ਼ੋਰ ਲਾਇਆ ਹੋਵੇਗਾ। ਪਰ ਸਿੱਖ-ਭੌਰੇ ਅਸਲ ਫੁੱਲ ਨੂੰ ਪਛਾਣ ਚੁੱਕੇ ਸਨ। ਕਿਸੇ ਨੇ ਟਪਲਾ ਨਾ ਖਾਧਾ। ਗੁਰੂ ਅਰਜਨ ਦੇਵ ਜੀ ਆਪ ਕੀਰਤਨ ਕਰਨ ਲੱਗ



Scanned by CamScanner

ਪਏ ਸਨ। ਉਧਰੋਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਉੱਦਮ ਸੰਗਤ ਨੂੰ ਪ੍ਰੇਰਨਾ ਨਾਲ ਸੰਗਤ ਗੁਰੂ ਅਰਜਨ ਦੇਵ ਜੀ ਦੇ ਦਰ ਤੇ ਸੰਗਤਾਂ ਆਉਣੀਆਂ ਸੁਰੂ ਹੋ ਗਈਆਂ ਕਿਉਕਿ ਗੁਰਸਿੱਖਾਂ ਨੂੰ ਬਾਬਾ ਬੁੱਢਾ ਜੀ ਉਪਰ ਪੂਰਾ ਵਿਸ਼ਵਾਸ ਸੀ। ਜਿਸ ਨਾਲ ਗੁਰੂ ਘਰ ਦੇ ਅੰਦਰ ਭੇਟਾ ਤੇ ਲੰਗਰ ਆਉਣ ਲੱਗ ਪਿਆ। ਗੁਰੂ ਦੇ ਲੰਗਰ ਲਗਾਤਾਰ ਚੱਲਣ ਲੱਗ ਪਏ। ਸੱਤਾ ਬਲਵੰਡ ਜਦੋਂ ਇਸ ਗੱਲ ਦਾ ਪਤਾ ਲੱਗਾ ਤੇ ਇਹਨਾਂ ਨੂੰ ਜਦੋਂ ਕਿਸੇ ਨੇ ਮੂੰਹ ਵੀ ਨਾ ਲਾਇਆ ਤਾਂ ਇਹ ਕਿਸੇ ਥਾਂ ਜੋਗੇ ਵੀ ਨਾਂ ਰਹੇ। ਜਦੋਂ ਭੁੱਖ ਨਾਲ ਬਹੁਤ ਦੁੱਖੀ ਹੋ ਗਏ ਤਾਂ ਆਪ ਨੇ ਸਤਿਗੁਰੂ ਅਰਜਨ ਸਾਹਿਬ ਦੇ ਉੱਘੇ ਸਿੱਖ ਭਾਈ ਲੱਧਾ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਕੋਲੋਂ ਮੁਆਫ਼ ਕਰਵਾਇਆ। ਜਦੋਂ ਸਤਿਗੁਰਾਂ ਦੇ ਕੋਲੋਂ ਮੁਆਫ਼ੀ ਮੰਗੀ ਤਾਂ ਸਤਿਗੁਰਾਂ ਨੇ ਕਿਹਾ ਕਿ ਗੁਰੂ ਨਾਨਕ ਸਹਿਬ ਜੀ ਦੇ ਪ੍ਰਤੀ ਜੋ ਬੋਲ ਕੁਬੋਲ ਬੋਲੇ ਸਨ ਇਸੇ ਜੁਬਾਨ ਨਾਲ ਸਤਿਗੁਰਾਂ ਦੀ ਤਾਰੀਫ਼ ਕਰੋ। ਫਿਰ ਇਹਨਾਂ ਇਹ ਵਾਰ ਦੇ ਰੂਪ ਵਿੱਚ ਇਹ ਰਚਨਾ ਕੀਤੀ ਸਤਿਗੁਰਾਂ ਦੀ ਤਾਰੀਫ਼ ਦੇ ਇਹ ਬਚਨ ਹਨ। ਇਸ ਵਿੱਚ ਭਾਈ ਸੱਤੇ ਜੀ ਦੀਆਂ ੫ ਪਉੜੀਆਂ ਅਤੇ ਭਾਈ ਬਲਵੰਡ ਜੀ ਦੀਆਂ ੩ ਪਉੜੀਆਂ ਆਉਂਦੀਆਂ ਹਨ।

## ਸੁਧੁ/ਸੁਧੁ ਕੀਚੈ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੨੨ ਵਾਰਾਂ ਆਉਂਦੀਆਂ ਹਨ। ਇਹਨਾਂ ਵਿੱਚੋਂ ਹੇਠ ਲਿਖੀਆਂ ੧੬ 'ਵਾਰਾਂ' ਦੇ ਖ਼ਤਮ ਹੋਣ ਦੇ ਅਖ਼ੀਰ ਵਿੱਚ ਲਫ਼ਜ਼ ਸੁਧੁ ਲਿਖਿਆ ਮਿਲਦਾ ਹੈ:-

| | |
|---|---|
| ੧. ਸਿਰੀ ਰਾਗ ਕੀ ਵਾਰ ਮ: ੪ । | ੨. ਮਾਝ ਕੀ ਵਾਰ ਮਹਲਾ ੧ । |
| ੩. ਗਉੜੀ ਕੀ ਵਾਰ ਮ: ੪ । | ੪. ਆਸਾ ਦੀ ਵਾਰ ਮ: ੧ । |
| ੫. ਗੂਜਰੀ ਕੀ ਵਾਰ ਮ: ੩ । | ੬. ਗੂਜਰੀ ਕੀ ਵਾਰ ਮ: ੫ । |
| ੭. ਬਿਹਾਗੜੇ ਕੀ ਵਾਰ ਮ: ੪ । | ੮. ਵਡਹੰਸ ਕੀ ਵਾਰ ਮ: ੪ । |
| ੯. ਸੋਰਠਿ ਕੀ ਵਾਰ ਮ: ੪ । | ੧੦. ਬਿਲਾਵਲ ਕੀ ਵਾਰ ਮ: ੪ । |
| ੧੧. ਰਾਮਕਲੀ ਕੀ ਵਾਰ ਮ: ੩ । | ੧੨. ਰਾਮਕਲੀ ਕੀ ਵਾਰ ਮ: ੫ । |
| ੧੩. ਮਾਰੂ ਕੀ ਵਾਰ ਮ: ੩ । | ੧੪. ਸਾਰੰਗ ਕੀ ਵਾਰ ਮ: ੪ । |
| ੧੫. ਮਲਾਰ ਕੀ ਵਾਰ ਮ: ੧ । | ੧੬. ਕਾਨੜੇ ਕੀ ਵਾਰ ਮ: ੪ । |

ਹੇਠ-ਲਿਖੀ ਇੱਕ 'ਵਾਰ' ਦੇ ਅਖ਼ੀਰ ਤੇ ਲਫ਼ਜ਼ 'ਸੁਧੁ ਕੀਚੇ' ਆਉਂਦਾ ਹੈ :

੧. ਗਉੜੀ ਕੀ ਵਾਰ ਮ: ੫ ।

ਹੇਠ-ਲਿਖੀਆਂ ੫ 'ਵਾਰਾਂ' ਦੇ ਅਖ਼ੀਰ ਤੇ 'ਸੁਧੁ' ਜਾਂ 'ਸੁਧੁ ਕੀਚੇ' ਕੋਈ ਲਫ਼ਜ਼



Scanned by CamScanner

ਨਹੀਂ ਹੈ :

੧. ਜੈਤਸਰੀ ਕੀ ਵਾਰ ਮ: ੫ ।

੨. ਸੂਹੀ ਕੀ ਵਾਰ ਮ: ੩ ।

੩. ਸੱਤੇ ਬਲਵੰਡ ਦੀ ਵਾਰ (ਰਾਗ ਰਾਮਕਲੀ) ।

੪. ਮਾਰੂ ਕੀ ਵਾਰ ਮ: ੫ ।

੫. ਬਸੰਤ ਕੀ ਵਾਰ ਮਹਲੁ ੫ ।

ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿ ਜੀ ਦੀ ਬੀੜ ਕਰਤਾਰਪੁਰ ਸਾਹਿਬ ਹੈ,ਉਸ ਵਿੱਚ ਵਾਰਾਂ ਦੇ ਸੰਬੰਧੀ ਦੋ ਅਨੋਖੀਆਂ ਗੱਲਾਂ ਵੇਖਣ ਨੂ ਮਿਲਦੀਆਂ ਹਨ :—

(ੳ) ਜਿਥੇ ਵਾਰ ਖ਼ਤਮ ਹੁੰਦੀ ਹੈ।ਬਾਕੀ ਦਾ ਪੰਨਾ ਖ਼ਾਲੀ ਰਹਿਣ ਦਿੱਤਾ ਗਿਆ ਹੈ।(ਨੋਟ:—ਖ਼ਾਲੀ ਸਫ਼ੇ ਹੋਰ ਵੀ ਕਈ ਥਾਈਂ ਹਨ)। ਫਿਰ ਵੀ ਇਹ ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਸਫ਼ੇ ਦੇ ਹਾਸ਼ੀਏ ਤੋਂ ਬਾਹਰਲੇ ਪਾਸੇ ਲਿਖਿਆ ਹੈ। ਜਿਵੇਂ ਛਾਪੇ ਦੀਆਂ ਬੀੜਾਂ ਵਿੱਚ ਵਾਰ ਦੇ ਨਾਲ ਹੀ ਅਖ਼ੀਰ ਤੇ ਦਰਜ ਹੈ,ਪ੍ਰੰਤੂ ਉਥੇ ਇਹ ਕਿਉਂ ਨਹੀਂ ਆਉਂਦਾ।

(ਅ) ਪਉੜੀਆਂ ਦੇ ਨਾਲ ਜੋ ਲਫ਼ਜ਼ 'ਸਲੋਕ ਮ: ੧' ਆਦਿਕ ਵਰਤੇ ਹੋਏ ਹਨ। ਉਹ ਬਾਰੀਕ ਕਲਮ ਦੇ ਲਿਖੇ ਹੋਏ ਹਨ। ਇਉਂ ਜਾਪਦਾ ਹੈ ਜਿਵੇਂ ਸਲੋਕ ਲਿਖਣ ਵੇਲੇ 'ਸਿਰ-ਲੇਖ' ਵਾਸਤੇ ਥਾਂ ਖ਼ਾਲੀ ਰੱਖਿਆ ਤੇ ਮੁੜ ਉਹ ਬਾਰੀਕ ਕਲਮ ਨਾਲ ਪੂਰਾ ਕੀਤਾ ਗਿਆ ।

ਨੋਟ :—ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਸਿਰਫ਼ 'ਵਾਰਾਂ' ਦੇ ਅਖ਼ੀਰ ਤੇ ਹੀ ਲਿਖੇ ਹੋਏ ਹਨ (ਹਾਂ,ਟੋਡੀ ਮਹਲਾ ੫ "ਹਰਿ ਹਰਿ ਚਰਨ ਰਿਦੈ ਉਰਧਾਰੈ" ਦੇ ਅਖ਼ੀਰ ਤੇ ਵੀ ਲਫ਼ਜ਼ 'ਸੁਧੁ' ਸਾਹਮਣੇ ਪਾਸੇ ਹਾਸ਼ੀਏ ਵਿੱਚ ਹੀ ਹੈ) ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਿਸ 'ਵਾਰ' ਦੇ ਅਖ਼ੀਰ ਤੇ ਲਫ਼ਜ਼ 'ਸੁਧੁ ਕੀਚੇ' ਹੈ, ਉਹ 'ਵਾਰ' ਗੁਰੂ ਅਰਜਨ ਸਾਹਿਬ ਦੀ ਆਪਣੀ ਉਚਾਰੀ ਹੋਈ ਹੈ ਤੇ ਉਸ ਵਿੱਚ ਸਾਰੇ ਹੀ ਸਲੋਕ ਗੁਰੂ ਅਰਜਨ ਸਾਹਿਬ ਦੇ ਹੀ ਹਨ ।ਗਹੁ ਨਾਲ ਵਿਚਾਰਿਆਂ ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਬਾਰੇ ਅਸੀਂ ਹੇਠ-ਲਿਖੇ ਨਤੀਜਿਆਂ ਤੇ ਅੱਪੜਦੇ ਹਾਂ। (੧) ਹਾਸ਼ੀਏ ਤੋਂ ਬਾਹਰ ਇਹ ਲਫ਼ਜ਼ ਲਿਖੇ ਜਾਣ ਕਰਕੇ ਇਹ ਸਿਰਫ਼ ਭਾਈ ਗੁਰਦਾਸ ਜੀ ਨੂੰ ਹਿਦਾਇਤ ਕੀਤੀ ਗਈ ਸੀ। 'ਬੀੜ' ਵਿੱਚ ਦੇ ਸਿਰਲੇਖਾਂ ਅਤੇ ਗਿਣਤੀ ਦੇ ਅੰਕਾਂ ਦੀ ਗਿਣਤੀ ਦੇ ਵਾਂਗ ਲਫ਼ਜ਼ 'ਸੁਧੁ' ਜਾਂ 'ਸੁਧੁ ਕੀਚੇ' ਦਾ ਸੰਬੰਧ ਮੂਲ-ਬਾਣੀ ਦੇ ਨਾਲ ਨਹੀਂ ।

(੨) 'ਵਾਰਾਂ ਦੇ ਲਫ਼ਜ਼ਾਂ ਦੇ 'ਜੋੜਾਂ, ਲਗਾਂ-ਮਾਤ੍ਰਾਂ' ਨਾਲ ਵੀ ਲਫ਼ਜ਼ 'ਸੁਧੁ' ਦਾ ਕੋਈ ਸੰਬੰਧ ਨਹੀਂ ਹੈ। ਇਹ 'ਸੁਧਾਈ' ਸਿਰਫ਼ ਇਹ ਵੇਖਣ ਵਾਸਤੇ ਕੀਤੀ ਗਈ ਸੀ ਕਿ ਪਉੜੀਆਂ



Scanned by CamScanner

ਦੇ ਨਾਲ ਜੋ ਸ਼ਲੋਕ ਦਰਜ ਕੀਤੇ ਗਏ ਹਨ,ਉਹਨਾਂ ਦੇ ਕਰਤਾ-ਗੁਰੂ ਦਾ ਅੰਕ (ਮਹਲਾ ੧, ੨, ੩, ੪, ੫) ਲਿਖਣ ਵਿੱਚ ਕਿਤੇ ਉਕਾਈ ਨਾ ਹੋ ਗਈ ਹੋਵੇ ।

(੩) ਜਿਸ 'ਵਾਰ' (ਗਉੜੀ ਕੀ ਵਾਰ ਮ: ੫) ਦੇ ਅਖ਼ੀਰ ਤੇ ਹਿਦਾਇਤ ਹੈ 'ਸੁਧੁ ਕੀਚੇ', ਉਸ 'ਵਾਰ' ਵਿੱਚ ਗੁਰੂ ਅਰਜਨ ਸਾਹਿਬ ਦੇ ਆਪਣੇ ਹੀ ਸਲੋਕ ਤੇ ਪਉੜੀਆਂ ਹਨ। ਇਥੇ ਬਹੁਤੀ ਇਹਤੀਆਤ ਦੀ ਲੋੜ ਨਹੀਂ ਸੀ ।

(੪) ਖ਼ਾਲੀ 'ਵਾਰਾਂ' (ਜੈਤਸਰੀ, ਮਾਰੂ) ਦੋਵੇਂ ਹੀ ਗੁਰੂ ਅਰਜਨ ਸਾਹਿਬ ਦੀਆਂ ਹਨ, ਸਲੋਕਾਂ ਸਮੇਤ ਹੀ। ਸ਼ਲੋਕਾਂ ਦੇ ਕਰਤਾ-ਗੁਰੂ ਬਾਰੇ ਇਥੇ ਵੀ ਕਿਸੇ ਤਰ੍ਹਾਂ ਦੇ ਭੁਲੇਖੇ ਦੀ ਸੰਭਾਵਨਾ ਨਹੀਂ ਸੀ ।

(੫) 'ਵਾਰ' ਬਸੰਤ ਮਹਲੁ ੫ ਅਤੇ ਸੱਤੇ ਬਲਵੰਡ ਦੀ ਵਾਰ ਦੇ ਨਾਲ ਕੋਈ ਵੀ ਸ਼ਲੋਕ ਨਹੀਂ ਹੈ। ਇਸ ਵਾਸਤੇ ਇਥੇ ਤਾਂ ਸ਼ਲੋਕਾਂ ਦੇ ਕਰਤਾ-ਗੁਰੂ ਬਾਰੇ ਕਿਸੇ 'ਸੁਧਾਈ' ਦਾ ਸੁਆਲ ਹੀ ਨਹੀਂ ਉੱਠਦਾ। ਇਹਨਾਂ ਨਾਲ ਵੀ ਲਫ਼ਜ਼ 'ਸੁਧੁ' ਨਹੀਂ ਵਰਤਿਆ ਗਿਆ ।

(੬) ਬਾਕੀ ਰਹਿ ਗਈ 'ਸੂਹੀ ਕੀ ਵਾਰ ਮ: ੩'। 'ਵਾਰਾਂ' ਦੇ ਪਰਸਪਰ ਟਾਕਰੇ ਤੋਂ ਜਿਸ ਨਤੀਜੇ ਤੇ ਅਸੀਂ ਅੱਪੜੇ ਹਾਂ, ਉਸ ਅਨੁਸਾਰ ਇਸ 'ਵਾਰ' ਦੇ ਅਖ਼ੀਰ ਤੇ ਲਫ਼ਜ਼ 'ਸੁਧੁ' ਦੀ ਵਰਤੋਂ ਫਬ ਸਕਦੀ ਹੈ ਪਰ ਇਥੇ ਇਹ ਲਿਖਿਆ ਨਹੀਂ ਮਿਲਦਾ ।

ਅਸਲ ਵਿੱਚ ਅਸੀਂ ਇਸ ਨਿਰਣੇ ਤੇ ਪਹੁੰਚ ਦੇ ਹਾਂ ਕਿ ਇਹ ਵਾਰ ਦੇ ਅੰਤ ਵਿੱਚ ਅੰਕਾਂ ਦੀ ਗਿਣਤੀ ਦੇ ਬਾਅਦ ਵਿੱਚ ਆਉਂਦਾ ਹੈ ਇਹ ਪੜ੍ਹਨਾ ਉਚਿਤ ਨਹੀਂ ਹੈ। ਇਹ ਸਤਿਗੁਰਾਂ ਨੇ ਲਿਖਾਰੀ ਦੀ ਸੁਚੇਤਤਾ ਅਤੇ ਇਹਨਾਂ ਬਚਨਾਂ ਨੂੰ ਸੋਧਣ ਦੇ ਲਈ ਜਾਂ ਸ਼ੁੱਧ ਕਰਨ ਦੇ ਲਈ ਕਿ ਕਿਤੇ ਕੋਈ ਗਲਤੀ ਨਾ ਰਹਿ ਜਾਵੇ।

## ਪਹਰੇ

ਪੰਨਾ ੭੪

ਪਹਿਲੈ ਪਹਿਰੈ ਰੈਣਿ ਕੇ, ਵਣਜਾਰਿਆ ਮਿਤ੍ਰਾ, ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ {੭੪}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਪਹਰੇ ਸਿਰਲੇਖ ਆਇਆ ਹੈ ਜਿਸ ਤੋਂ ਭਾਵ ਹੈ ਸਮੇਂ ਦੀ ਵੰਡ ਦੇ ਨਾਲ ਹੈ। ੪ ਪਹਿਰ ਦਿਨ ਦੇ ਹੁੰਦੇ ਹਨ ਅਤੇ ੪ ਪਹਿਰ ਰਾਤ ਹੁੰਦੇ ਹਨ। ਸਤਿਗੁਰਾਂ ਨੇ ਜਿੰਦਗੀ ਦੇ ੪ ਪਹਿਰਾਂ ਵਿੱਚ ਵੰਡ ਕੇ ਇਸ ਮਨੁੱਖ ਜੀਵ ਆਤਮਾ ਨੂੰ ਸਮਝਾਉਣ ਲਈ ਇਹ ਸ਼ਬਦ ਉਚਾਰਣ ਕੀਤੇ ਹਨ। ਕੁੱਝ ਵਿਦਵਾਨ ਇਸ ਨੂੰ ਪੁਰਤਾਨ ਸਮਿਆਂ ਦੇ ਅੰਦਰ ਸ਼ੀਸ਼ੇ, ਸੁਰਮਾ, ਸਲਾਈਆਂ, ਚੂੜੀਆਂ ਆਦਿਕ ਇਸਤਰੀਆਂ ਦੇ ਸ਼ਿੰਗਾਰ ਦੀਆਂ ਨਿੱਕੀਆਂ ਨਿੱਕੀਆਂ ਚੀਜ਼ਾਂ ਲੈ ਕੇ ਪਿੰਡ-ਪਿੰਡ ਵੇਚਣ ਵਾਲੇ ਆਇਆ ਕਰਦੇ ਸਨ। ਉਹਨਾਂ



Scanned by CamScanner

ਲੋਕਾਂ ਨੂੰ ਵਣਜਾਰਾ ਕਿਹਾ ਜਾਂਦਾ ਹੈ। ਆਪਣੇ ਨਗਰ ਸ਼ਹਿਰ ਤੋਂ ਦੂਰ ਆਇਆ ਹੋਇਆ ਵਣਜਾਰਾ ਰਾਤ ਦੇ ਚਾਰ ਪਹਿਰ ਜਿਸ ਪਿੰਡ ਰਾਤ ਪਈ ਉਥੇ ਗੁਜ਼ਾਰਦੇ ਸਨ।

ਸਤਿਗੁਰਾਂ ਨੇ ਜੀਵ ਆਤਮਾ ਵੀ ਵਣਜਾਰਾ ਕਿਹਾ ਹੈ! ਪ੍ਰਭੂ ਦੇ ਦਰ ਤੋਂ ਦੂਰ ਇਥੇ ਸੰਸਾਰ ਵਿੱਚ ਪ੍ਰਮਾਤਮਾ ਦੇ ਨਾਮ ਦਾ ਵਣਜ ਵਿਹਾਜਣ ਲਈ ਆਏ ਹਾਂ। ਜਿਹੜੇ ਜੀਵ ਜ਼ਿੰਦਗੀ ਰੂਪੀ ਰਾਤ ਪ੍ਰਾਣੀ ਪ੍ਰਮਾਤਮਾ ਦੇ ਨਾਮ ਨੂੰ ਸੰਭਾਲਦੇ ਹਨ, ਉਹ ਪਰਮਾਤਮਾ ਵਿੱਚ ਜਾ ਮਿਲਦੇ ਹਨ। ਸਿਰਲੇਖ 'ਪਹਰਿਆ ਕੈ ਘਰਿ ਗਾਵਣਾ' ਭਗਤ ਬੇਣੀ ਜੀ ਨੇ ਨਹੀਂ ਲਿਖਿਆ। ਗੁਰੂ ਨਾਨਕ ਦੇਵ ਜੀ ਨੇ ਜਾਂ ਗੁਰੂ ਅਰਜਨ ਸਾਹਿਬ ਨੇ ਲਿਖਿਆ ਹੈ। ਇਹ ਸਿਰਲੇਖ ਇਹ ਗੱਲ ਪ੍ਰਗਟ ਕਰਦਾ ਹੈ ਕਿ ਭਗਤ ਬੇਣੀ ਜੀ ਦਾ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਪਾਸ ਮੌਜੂਦ ਸੀ। ਕਿਉਂਕਿ ਭਗਤਾਂ ਦੀ ਬਾਣੀ ਗੁਰੂ ਨਾਨਕ ਸਾਹਿਬ ਨੇ ਆਪ ਹੀ ਇਕੱਠੀ ਕੀਤੀ ਸੀ।

## ਵਣਜਾਰਾ

ਪੰਨਾ-੮੧

ਪੁਰਾਤਨ ਸ਼ਮੇਂ ਵਿੱਚ ਇੱਕ ਸਥਾਨ ਤੋਂ ਦੂਜੀ ਥਾਂ ਤੱਕ ਸਮਾਨ ਲਿਜਾਣ ਲਈ ਵਪਾਰੀਆਂ ਦੀ ਮਦਦ ਲਈ ਜਾਂਦੀ ਸੀ। ਇਹਨਾਂ ਲੋਕਾਂ ਨੂੰ ਵਣਜਾਰੇ ਕਿਹਾ ਜਾਂਦਾ ਸੀ। ਸਤਿਗੁਰਾਂ ਨੇ ਇਹਨਾਂ ਨੂੰ ਮੁੱਖ ਰੱਖਕੇ ਇਨਸਾਨ ਨੂੰ ਸਮਝਾਉਣ ਲਈ ਇਹ ਸਬਦ ਵਣਜ (ਵਾਪਾਰ) ਕਰਨ ਵਾਲਾ, ਵਪਾਰੀ, ਸੌਦਾਗਰ ਵਰਤਿਆ ਹੈ ਅਤੇ ਇਨਸਾਨ ਨੂੰ ਇਹ ਸਮਝਾਇਆ ਹੈ ਕਿ ਐ ਜੀਵ ਤੂੰ ਇਸ ਸੰਸਾਰ ਦੇ ਅੰਦਰ ਵਣਜਾਰਿਆਂ ਵਾਂਗ ਸੰਸਾਰ ਤੇ ਆਇਆ ਹੈ। ਇਸ ਜਗਤ ਦੇ ਅੰਦਰ ਆ ਕੇ ਨਾਮ ਦਾ ਵਾਪਾਰ ਕਰਨਾ ਹੈ। ਇਸ ਸੰਸਾਰ ਅੰਦਰ ਤੂੰ ਕਮਾਈ ਕਰਕੇ ਮਾਲਿਕ ਦੇ ਦਰ ਤੇ ਪ੍ਰਵਾਨ ਹੋ ਜਾਣਾ ਹੀ ਤੇਰਾ ਮੁੱਖ ਮਕਸਦ ਹੈ। ਇਹ ਛੋਟੀ ਹੀ ਬਾਣੀ ਹੈ। ਸਿਰਫ ੬ ਪਦਿਆਂ ਦੀ ਹੀ ਬਾਣੀ ਹੈ।

"ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ।" (੧੪੦)

## ਏਕੁ ਸੁਆਨੁ ਕੈ ਘਰਿ ਗਾਵਣਾ ॥

ਪੰਨਾ ੯੨

ਜਨਨੀ ਜਾਨਤ, ਸੁਤੁ ਬਡਾ ਹੋਤੁ ਹੈ, ਇਤਨਾ ਕੁ ਨ ਜਾਨੈ,
ਜਿ ਦਿਨ ਦਿਨ ਅਵਧ ਘਟਤੁ ਹੈ ॥ {ਪੰਨਾ ੯੨}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ"ਏਕ ਸੁਆਨ ਕੈ ਘਰਿ ਗਾਵਣਾ" ਸਿਰਲੇਖ ਆਇਆ ਹੈ। ਇਹ ਸਿਰਲੇਖ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਹ ਸ਼ਬਦ ਉਸ'ਘਰ' ਵਿੱਚ ਗਾਉਣਾ ਹੈ ਜਿਸ 'ਘਰ' ਵਿੱਚ ਉਹ ਸ਼ਬਦ ਗਾਇਆ ਹੈ ਜਿਸ ਦੀ ਪਹਿਲੀ ਤੁੱਕ ਹੈ "ਏਕ ਸੁਆਨੁ ਦੁਇ ਸੁਆਨੀ ਨਾਲਿ"। ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਹੈ ਜੋ ਕਿ



Scanned by CamScanner

ਸਿਰੀ ਰਾਗੁ ਵਿੱਚ ਦਰਜ ਹੈ। ਇਥੇ ਇਹ ਸ਼ਬਦ ਕਬੀਰ ਜੀ ਦਾ ਹੈ,ਪਰ ਇਸ ਨੂੰ ਗਾਉਣ ਲਈ ਜਿਸ ਸ਼ਬਦ ਵੱਲ ਇਸ਼ਾਰਾ ਹੈ ਉਹ ਗੁਰੂ ਨਾਨਕ ਦੇਵ ਜੀ ਦਾ ਹੈ ।

ਇਹ ਸਿਰਲੇਖ—"ਏਕੁ ਸੁਆਨੁ ਕੈ ਘਰਿ ਗਾਵਣਾ"—ਕਬੀਰ ਜੀ ਦਾ ਨਹੀਂ ਹੋ ਸਕਦਾ। ਇਸ ਸ਼ਬਦ ਦੇ ਸਿਰਲੇਖ ਨਾਲ ਲਫ਼ਜ਼ "ਏਕੁ ਸੁਆਨੁ ਕੈ ਘਰਿ ਗਾਵਣਾ" ਕਿਉਂ ਵਰਤੇ ਗਏ ਹਨ? ਇਸ ਪ੍ਰਸ਼ਨ ਦਾ ਉੱਤਰ ਲੱਭਣ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਦਾ ਉਹ ਸ਼ਬਦ ਪੜ੍ਹ ਵੇਖੀਏ, ਜਿਸ ਦੇ ਸ਼ੁਰੂ ਦੇ ਲਫ਼ਜ਼ ਹਨ "ਏਕੁ ਸੁਆਨੁ"—ਸਿਰੀ ਰਾਗੁ ਮਹਲਾ ੧ ਘਰੁ ੪ ॥

ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥
{ਪੰਨਾ ੨੪}

ਕਬੀਰ ਜੀ ਨੇ ਆਪਣੇ ਸ਼ਬਦ ਵਿੱਚ ਲਿਖਿਆ ਹੈ "ਇਤੁ ਸੰਗਤਿ ਨਿਹਚਉ ਮਰਣਾ "।ਉਹ ਕਿਹੜੀ 'ਸੰਗਤਿ' ਹੈ ਜਿਸ ਕਰਕੇ 'ਨਿਹਚਉ ਮਰਣਾ' ਹੁੰਦਾ ਹੈ? ਕਬੀਰ ਜੀ ਨੇ ਇਸ ਦੇ ਉੱਤਰ ਵਿਚ ਸਿਰਫ਼ ਲਫ਼ਜ਼ 'ਮਾਇਆ' ਜਾਂ 'ਬਿਖਿਆ ਰਸ' ਵਰਤੇ ਹਨ। 'ਮਾਇਆ' ਦਾ ਕੀ ਸਰੂਪ ਹੈ ? ਉਹ 'ਬਿਖਿਆ ਰਸ' ਕਿਹੜੇ ਹਨ? ਇਹ ਗੱਲ ਕਬੀਰ ਜੀ ਨੇ ਖੋਲ੍ਹ ਕੇ ਨਹੀਂ ਦੱਸੀ।ਗੁਰੂ ਨਾਨਕ ਦੇਵ ਜੀ ਦਾ ਇਹ ਉੱਪਰਲਾ ਸ਼ਬਦ—ਸੁਆਨ, ਸੁਆਨੀ, ਕੂੜੁ, ਮੁਰਦਾਰੁ, ਨਿੰਦਾ, ਪਰ ਘਰੁ, ਕਾਮੁ ਕ੍ਰੋਧੁ ਆਦਿਕ ਇਹ ਸਾਰੇ'ਬਿਖਿਆ' ਦੇ 'ਰਸ' ਹਨ।ਜਿਨ੍ਹਾਂ ਦੀ ਸੰਗਤਿ ਵਿੱਚ 'ਨਿਹਚਉ ਮਰਣਾ' ਹੈ, ਕਿਉਂਕਿ ਇਹਨਾਂ ਦੇ ਵੱਸ ਵਿੱਚ ਪਿਆ ਜੀਵ 'ਧਾਣਕ ਰੂਪਿ' ਰਹਿੰਦਾ ਹੈ । ਜੋ ਗੱਲ ਕਬੀਰ ਜੀ ਨੇ ਇਸ਼ਾਰੇ ਮਾਤਰ ਲਫ਼ਜ਼ 'ਬਿਖਿਆ ਰਸ' ਵਿੱਚ ਦੱਸੀ ਹੈ, ਗੁਰੂ ਨਾਨਕ ਸਾਹਿਬ ਨੇ ਵਿਸਥਾਰ ਨਾਲ ਇੱਕ ਸੁੰਦਰ ਢੰਗ ਵਿੱਚ ਇਸ ਸਾਰੇ ਸ਼ਬਦ ਦੀ ਰਾਹੀਂ ਖੋਲ੍ਹ ਕੇ ਦੱਸੀ ਹੈ।ਇਸ ਸਿਰਲੇਖ ਦੀ ਸਾਂਝ ਅਤੇ ਮਜ਼ਮੂਨ ਦੀ ਸਾਂਝ ਇਸ ਨਤੀਜੇ ਉੱਤੇ ਅਪੜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣਾ ਇਹ ਸ਼ਬਦ ਕਬੀਰ ਜੀ ਦੇ ਸ਼ਬਦ ਦੀ ਵਿਆਖਿਆ ਵਿੱਚ ਉਚਾਰਿਆ ਹੈ।ਕਬੀਰ ਜੀ ਦਾ ਇਹ ਸ਼ਬਦ ਸਤਿਗੁਰੂ ਜੀ ਪਾਸ ਮੌਜੂਦ ਸੀ ।ਇਹ ਸਿਰਲੇਖ 'ਏਕੁ ਸੁਆਨੁ ਕੈ ਘਰਿ ਗਾਵਣਾ' ਵੀ ਗੁਰੂ ਨਾਨਕ ਦੇਵ ਜੀ ਦਾ ਹੀ ਹੋ ਸਕਦਾ ਹੈ, ਜਾਂ, ਗੁਰੂ ਅਰਜਨ ਸਾਹਿਬ ਦਾ।ਕਬੀਰ ਜੀ ਦਾ ਕਿਸੇ ਹਾਲਤ ਵਿੱਚ ਨਹੀਂ ਹੋ ਸਕਦਾ।

## ਬਾਰਹਮਾਹਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ੨ ਬਾਰਹਮਾਹ ਦੇ ਸਿਰਲੇਖ ਹੇਠਾਂ ਬਾਣੀ ਦਰਜ ਹੈ। ਤੁਖਾਰੀ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਲਿਖਿਆ ਹੋਇਆ ਹੈ।ਗੁਰੂ ਅਰਜਨ ਸਾਹਿਬ ਜੀ ਦਾ ਲਿਖਿਆ ਹੋਇਆ ਬਾਰਾਮਾਹ ਰਾਗ ਮਾਝ ਵਿੱਚ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ



Scanned by CamScanner

ਤੁਖਾਰੀ ਰਾਗ ਵਿੱਚ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਦੇ ਲਿਖੇ ਹੋਏ ਬਾਰਹ ਮਾਹ ਵਿੱਚ ਜਿਹੜੇ ਦਿਲ-ਤਰੰਗ ਔਖੀ ਬੋਲੀ ਵਿੱਚ ਲਿਖੇ ਹਨ। ਉਹੀ ਦਿਲ-ਤਰੰਗ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਦੇ ਬਾਰਹਮਾਹ ਵਿੱਚ ਸੌਖੀ ਬੋਲੀ ਵਰਤ ਕੇ ਲਿਖ ਦਿੱਤੇ ਹਨ। ਦੋਹੀਂ ਪਾਸੀਂ ਪਉੜੀਆਂ ਵਿੱਚ ਕਈ ਕਈ ਲਫ਼ਜ਼ ਵੀ ਸਾਂਝੇ ਵਰਤੇ ਹੋਏ ਹਨ। ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹ ਤੋਂ ਪ੍ਰੇਰਿਤ ਹੋ ਕੇ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਵਿੱਚ ਸੌਖੀ ਬੋਲੀ ਵਰਤ ਕੇ ਆਪਣਾ ਬਾਰਹਮਾਹ ਲਿਖਿਆ । ਇਥੇ ਇੱਕ ਪ੍ਰਸ਼ਨ ਵੀ ਖੜ੍ਹਾ ਹੋ ਜਾਂਦਾ ਹੈ ਕਿ ਬਾਰਾਮਾਹਾ ਦੀ ਬਾਣੀ ਦਾ ਸੰਗ੍ਰਾਂਦ ਨਾਲ ਕੀ ਸਬੰਧ ਹੈ ?

'ਸੰਗ੍ਰਾਂਦ' ਸੰਸਕ੍ਰਿਤ ਦੇ ਲਫ਼ਜ਼ 'ਸਾਂਕ੍ਰਾਂਤਿ ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ 'ਸੂਰਜ ਦਾ ਇੱਕ ਰਾਸਿ ਤੋਂ ਦੂਜੀ ਰਾਸਿ ਵਿੱਚ ਲੰਘਣਾ'। 'ਸਾਂਕ੍ਰਾਂਤਿ' ਉਹ ਦਿਨ ਹੈ ਜਦੋਂ ਸੂਰਜ ਨਵੀਂ ਰਾਸ਼ਿ ਵਿਚ ਦਾਖ਼ਲ ਹੁੰਦਾ ਹੈ। ਬਿਕ੍ਰਮਾਜੀਤੀ ਸਾਲ ਦੇ ਇਹਨਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ । ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸੂਰਜ ਇੱਕ 'ਰਾਸਿ' ਨੂੰ ਛੱਡ ਕੇ ਦੂਜੀ 'ਰਾਸਿ' ਵਿੱਚ ਪੈਰ ਧਰਦਾ ਹੈ । ਬਾਰਾਂ ਮਹੀਨੇ ਹਨ ਤੇ ਬਾਰਾਂ ਹੀ ਰਾਸਾਂ ਹਨ। ਜੋ ਲੋਕ ਸੂਰਜ ਦੇਵਤੇ ਦੇ ਉਪਾਸਕ ਹਨ। ਉਹਨਾਂ ਲਈ ਹਰੇਕ 'ਸੰਗ੍ਰਾਂਦ'ਦਾ ਦਿਨ ਪਵਿੱਤ੍ਰ ਹੈ ਕਿਉਂਕਿ ਉਸ ਦਿਨ ਸੂਰਜ-ਦੇਵਤਾ ਇੱਕ 'ਰਾਸਿ' ਨੂੰ ਛੱਡ ਕੇ ਦੂਜੀ ਵਿੱਚ ਆਉਂਦਾ ਹੈ। ਉਸ ਦਿਨ ਖ਼ਾਸ ਉਚੇਚਾ ਪੂਜਾ-ਪਾਠ ਕੀਤਾ ਜਾਂਦਾ ਹੈ ਤਾਂ ਜੋ ਸੂਰਜ-ਦੇਵਤਾ ਉਸ ਨਵੀਂ 'ਰਾਸਿ' ਵਿੱਚ ਰਹਿ ਕੇ ਉਪਾਸਕ ਲਈ ਸਾਰਾ ਮਹੀਨਾ ਚੰਗਾ ਲੰਘਾਏ।

ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਦੇਸ ਵਿੱਚ ਇੱਕ ਨਵੀਂ ਸੋਚ,ਨਵੇਂ ਸਿਧਾਂਤ,ਨਵਾਂ ਮਾਰਗ, ਇੱਕ ਨਵਾਂ ਜੀਵਨ ਪੈਦਾ ਕਰਨਾ ਸੀ। ਵਾਰਤਕ ਨਾਲੋਂ ਕਵਿਤਾ ਵਧੀਕ ਖਿੱਚ ਪਾਂਦੀ ਹੈ। ਕਵਿਤਾ ਦੇ ਜੋ ਛੰਦ ਪੰਜਾਬ ਵਿੱਚ ਵਧੀਕ ਪ੍ਰਚਿਲੱਤ ਸਨ, ਸਤਿਗੁਰੂ ਜੀ ਨੇ ਉਹੀ ਵਰਤੇ। ਸਤਿਗੁਰੂ ਜੀ ਨੇ ਇੱਕ 'ਬਾਰਹਮਾਹ' ਵੀ ਲਿਖਿਆ ਜੋ ਤੁਖਾਰੀ ਰਾਗ ਵਿੱਚ ਦਰਜ ਹੈ। ਗੁਰੂ ਅਰਜਨ ਸਾਹਿਬ ਨੇ ਵੀ ਇੱਕ 'ਬਾਰਹਮਾਹ' ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਝ ਰਾਗ ਵਿੱਚ ਦਰਜ ਕੀਤਾ। ਪਰ ਇਹਨਾਂ ਦੋਹਾਂ 'ਬਾਰਹਮਾਹਾਂ' ਦਾ ਸੂਰਜ ਦੀ 'ਸੰਗ੍ਰਾਂਦ' ਨਾਲ ਕੋਈ ਸੰਬੰਧ ਨਹੀਂ ਹੈ। ਇਹ ਤਾਂ ਦੇਸ ਵਿਚ ਪ੍ਰਚਿਲੱਤ 'ਕਾਵਿ ਛੰਦਾਂ' ਵਿਚੋਂ ਇੱਕ ਕਿਸਮ ਸੀ। ਸਾਰੀ ਬਾਣੀ ਵਿੱਚ ਕਿਤੇ ਕੋਈ ਐਸਾ ਬਚਨ ਨਹੀਂ ਮਿਲਦਾ, ਜਿਥੇ ਸਤਿਗੁਰੂ ਜੀ ਨੇ ਸਾਧਾਰਨ ਦਿਨਾਂ ਵਿਚੋਂ ਕਿਸੇ ਇੱਕ ਖ਼ਾਸ ਦਿਨ ਦੇ ਚੰਗਾ ਜਾਂ ਮੰਦਾ ਹੋਣ ਦਾ ਵਿਤਕਰਾ ਦੱਸਿਆ ਹੋਵੇ। ਬਲਕਿ ਗੁਰੂ ਪਾਤਸ਼ਾਹ ਨੇ ਦਿਨਾਂ ਵਾਰਾਂ ਵਿੱਚੋਂ ਕੱਢਕੇ ਆਤਮਾ ਨੂੰ ਪ੍ਰਮਾਤਮਾਂ ਨਾਲ ਜੁੜਨ ਦੀ ਗੱਲ ਕੀਤੀ ਗਈ ਹੈ।

ਅਸਲ ਵਿੱਚ ਗੁਰੂ ਸਾਹਿਬ ਜੀ ਨੇ ਇਸ ਬਾਣੀ ਦੇ ਰਾਹੀਂ ਜੀਵ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਾਉਣ ਦੀ ਗੱਲ ਕੀਤੀ ਹੈ। ਵਿਛੋੜੇ ਤੋਂ ਮਿਲਾਪ ਦੀ ਦੀ ਅਵਸਥਾ ਦਰਸਾਈ ਹੈ। ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ ॥{ਪੰਨਾ ੧੩੩}



Scanned by CamScanner

ਜਿਨਿ ਜਿਨਿ ਨਾਮੁ ਧਿਆਇਆ, ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ, ਢਰਗਹਿ ਸਚਿ ਖਰੇ ॥ {ਪੰਨਾ ੧੩੬}

ਜਿਸ ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਜਪਦਾ,ਸਿਮਰਦਾ,ਧਿਆਉ ਦਾ ਹੈ।ਉਹਨਾਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਜਿਨ੍ਹਾਂ ਇਨਸਾਨ ਨੇ ਪ੍ਰਭੂ ਨੂੰ ਪੂਰੇ ਗੁਰੂ ਨੂੰ ਆਰਾਧਿਆ ਹੈ। ਉਹ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਸੁਰਖ਼ਰੂ ਹੋ ਜਾਂਦੇ ਹਨ। ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ। ਉਹਨਾਂ ਵਾਸਤੇ ਸਾਰੇ ਮਹੀਨੇ ਸਾਰੇ ਦਿਹਾੜੇ ਸਾਰੇ ਹੀ ਮੁਹੂਰਤ ਸੁਲੱਖਣੇ ਹਨ।

ਜਦੋਂ ਮਨੁੱਖ ਕਿਸੇ 'ਸੰਗ੍ਰਾਂਦ' ਆਦਿਕ ਨੂੰ ਇੱਕ ਉਚੇਚਾ ਭਾਗਾਂ ਵਾਲਾ ਸ਼ੁਭ ਦਿਹਾੜਾ ਸਮਝਦਾ ਹੈ ਤੇ ਧਰਮ-ਅਸਥਾਨ ਤੇ ਜਾਂਦਾ ਹੈ, ਉਹ ਉਸ ਦਿਨ ਇਹ ਵੀ ਤਾਂਘ ਰੱਖਦਾ ਹੈ ਕਿ 'ਵਰ੍ਹੇ ਦਿਨ ਦੇ ਦਿਨ' ਕਿਸੇ ਭਲੇ ਦੇ ਮੱਥੇ ਲੱਗਾਂ। ਉਹ ਕਿਸੇ ਖ਼ਾਸ ਮਨੁੱਖ ਦੇ ਮੂੰਹੋਂ 'ਮਹੀਨਾ' ਸੁਣਦਾ ਹੈ। ਜੇ ਉਸ ਸਾਰੇ ਮਹੀਨੇ ਵਿੱਚ ਕੋਈ ਕਸ਼ਟ-ਤਕਲੀਫ਼ ਆ ਪਏ ਤਾਂ ਸਹਿਜ-ਸੁਭਾਇ ਆਖਦਾ ਹੈ ਕਿ ਐਤਕੀ ਵਰ੍ਹੇ ਦਿਨ ਦੇ ਦਿਨ ਫਲਾਣਾ ਚੰਦਰਾ ਬੰਦਾ ਮੱਥੇ ਲੱਗਾ ਸੀ। ਜਿਸ ਵਹਿਮ-ਪ੍ਰਸਤੀ ਨੂੰ ਹਟਾਣ ਲਈ, ਜੋ ਵਿਤਕਰੇ ਦੂਰ ਕਰਨ ਲਈ, ਸਿੱਖ ਨੇ ਗੁਰਦੁਆਰੇ ਵਿੱਚ ਜਾਣਾ ਹੈ। ਇਸ ਸੰਗ੍ਰਾਂਦ ਦੇ ਮਨਾਣ ਨਾਲ ਉਹ ਵਹਿਮ-ਪ੍ਰਸਤੀ ਤੇ ਵਿਤਕਰੇ ਸਗੋਂ ਵੱਧਦੇ ਹਨ। ਇਸ ਕਰਕੇ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਿੱਚ ਨਹੀਂ ਪੈਣਾ ਚਾਹੀਦਾ।

ਅਸਲ ਗੱਲ ਤਾਂ ਇਹ ਹੈ ਕਿ ਹਰੇਕ ਮਨੁੱਖ ਵਿਚ ਰੱਬ ਦੀ ਜੋਤਿ ਹੈ ਤੇ ਹਰੇਕ ਦਿਨ ਇਕੋ ਜਿਹਾ ਹੈ। ਭਾਗਾਂ ਵਾਲਾ ਸਮਾਂ ਸਿਰਫ਼ ਉਹੀ ਹੈ ਜਦੋਂ ਮਨੁੱਖ ਨੂੰ ਪਰਮਾਤਮਾ ਚੇਤੇ ਆਉਂਦਾ ਹੈ। ਕਿਸੇ ਖ਼ਾਸ਼ ਦਿਹਾੜੇ ਨਹੀਂ। ਸਗੋਂ ਹਰ ਰੋਜ਼ ਸਵੇਰੇ ਉੱਠ ਕੇ ਇਸ ਦੀ ਅਰਦਾਸ ਇਉਂ ਹੋਣੀ ਚਾਹੀਦੀ ਹੈ,

'ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ' ।

ਅਜਿਹੇ ਭਰਮਾਂ ਨੂੰ ਹੀ ਭਾਈ ਗੁਰਦਾਸ ਜੀ ਨੇ ਮਨਮਤਿ ਦੱਸ ਕੇ ਸਿੱਖਾਂ ਨੂੰ ਇਹਨਾਂ ਵਲੋਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸੀਂ ਫਿਰ ਓਧਰੇ ਪਰਤਦੇ ਜਾਪਦੇ ਹਾਂ । ਆਪ ਲਿਖਦੇ ਹਨ :—

ਸਉਣ ਸਗਨ ਬੀਚਾਰਨੇ, ਨਉਂ ਗ੍ਰਹ 'ਬਾਰਹ ਰਾਸਿ' ਵੀਚਾਰਾ ॥
ਕਾਮਣ ਟੂਣੇ ਔਂਸੀਆਂ, ਕਣਸੋਈ ਪਾਸਾਰ ਪਸਾਰਾ ॥
ਗੱਦਹੁ ਕੁੱਤੇ ਬਿੱਲੀਆਂ, ਇੱਲ ਮਲਾਲੀ ਛਾਰਾ ॥
ਨਾਰਿ ਪੁਰਖ ਪਾਣੀ ਅਗਨਿ, ਛਿੱਕ ਪੱਦ ਹਿਡਕੀ ਵਰਤਾਰਾ ॥
ਥਿਤਿ 'ਵਾਰ' ਭੱਦ੍ਰਾ ਭਰਮ, ਦਿਸ਼ਾ ਸੂਲ ਸਹਸਾ ਸੰਸਾਰਾ ॥
ਵਲ-ਛਲ ਕਰਿ ਵਿਸ਼ਵਾਸ ਲੱਖ, ਬਹੁ ਚੁੱਖੀਂ ਕਿਉਂ ਰਵੈ ਭਤਾਰਾ ॥



Scanned by CamScanner

ਗੁਰਮੁਖਿ ਸੁਖ ਫਲੁ ਪਾਰ-ਉਤਾਰਾ ॥੮॥੫॥

## ਦਿਨ ਰੈਣਿ

ਪੰਨਾ-੧੩੬

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ ਪੰਨਾ-੧੩੬

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਿਰਲੇਖ ਹੇਠਾਂ ੪ ਬੰਦਾਂ ਅੰਦਰ ਬਾਣੀ ਉਚਾਰਨ ਕੀਤੀ ਗਈ। ਗੁਰੂ ਸਾਹਿਬ ਜੀ ਨੇ ਜਿਵੇਂ ਬਾਰਾਮਾਹਾ, ਸਤਵਾਰ, ਥਿਤੀ ਆਉਂਦੀਆਂ ਹਨ। ਉਸੇ ਤਰ੍ਹਾਂ ਹੀ ਦਿਨ ਅਤੇ ਰਾਤ ਨੂੰ ਪ੍ਰਮਾਤਮਾ ਨੂੰ ਕਿਵੇਂ ਯਾਦ ਕਰਨਾ ਹੈ। ਉਸ ਨੂੰ ਸਮਝਾਉਣ ਲਈ ਇਹ ਬਾਣੀ ਉਚਾਰਨ ਕੀਤੀ ਗਈ ਹੈ। ਕਿ ਐ ਗੁਰਸਿਖਾ ਤੂੰ ਆਪਣੀ ਜ਼ਿੰਦਗੀ ਦੇ ਸਾਰੇ ਦਿਨ ਤੇ ਸਾਰੀਆਂ ਰਾਤਾਂ ਪਰਮਾਤਮਾ ਦਾ ਸਿਮਰਨ ਕਰਦਾ ਰਿਹਾ ਕਰਿਆ ਕਰ।

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ੧੫੦
ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥ ੪੯੮
ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥ ੮੪੩
ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥ ੧੩੭
ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੩੮੮
ਦਿਨੁ ਰੈਣਿ ਨਾਨਕੁ ਨਾਮੁ ਧਿਆਏ ॥ ੮੬੪
ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ ੯੪੮
ਰਾਤਿ ਦਿਨੰਤੁ ਕੀਏ ਭਉ ਭਾਉ ॥ ੮੩੯
ਰਾਤਿ ਦਿਵਸ ਕੈ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੧੩੭੬

## ਕਰਹਲੇ

ਪੰਨਾ-੨੩੪

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥
ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥

{ਪੰਨਾ ੨੩੪}

ਪੁਰਾਤਨ ਸਮੇਂ ਵਿੱਚ ਇੱਕ ਸਥਾਨ ਤੋਂ ਦੂਜੀ ਥਾਂ ਤੱਕ ਸਮਾਨ ਲੈ ਕੇ ਜਾਂ ਲਈ ਵਪਾਰੀਆਂ ਦੀ ਮਦਦ ਲਈ ਜਾਂਦੀ ਸੀ। ਇਹ ਲੋਕ ਸਮਾਨ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਸਮਾਨ ਕੈ ਕੇ ਜਾਣ ਦੇ ਲਈ ਊਠਾਂ ਦੀ ਵਰਤੋਂ ਕਰਿਆ ਕਰ ਦੇ ਸਨ। ਊਂਠਣੀਆਂ ਦੇ ਬੱਚਿਆਂ ਵਪਾਰੀ ਲੋਕ ਘਰੇ ਛੱਡ ਕੇ ਊਂਠ ਤੇ ਊਂਠਣੀਆਂ ਨੂੰ ਨਾਲ ਲੈ ਕੇ ਪ੍ਰਦੇਸ਼ੀ ਚਲੇ ਜਾਇਆ ਕਰਦੇ ਸਨ। ਜਿਵੇਂ ਬੱਚੇ ਯਾਦ ਕਰਦੇ ਨੇ ਆਪਣੇ ਮਾਂ ਪਿਉ ਨੂੰ (ਊਂਠ ਤੇ ਊਂਠਣੀਆਂ) ਉਹਨਾਂ ਦੀ



Scanned by CamScanner

ਪ੍ਰੀਤ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ ਇਸ ਸਿਰਲੇਖ ਹੇਠਾਂ ਬਾਣੀ ਉਚਾਰਨ ਕੀਤੀ ਕਿ ਤੂੰ ਊਂਠ ਦੇ ਬੱਚੇ ਵਾਂਗ ਆਪਣੇ ਮਨਾਂ ਦੇ ਅੰਦਰ ਪਰਮਾਤਮਾ ਦੇ ਰੂਪ ਗੁਰੂ ਨੂੰ ਚੇਤੇ ਰੱਖਿਆ ਕਰ। ਇਥੇ ਪਰਦੇਸ ਵਿੱਚ ਰਹਿਣ ਵਾਲੇ ਮਨ!ਤੂੰ ਸਦਾ ਇਸ ਵਤਨ ਵਿੱਚ ਨਹੀਂ ਟਿਕੇ ਰਹਿਣਾ। ਕਦੇ ਸੋਚ ਕਿ ਉਸ ਪਰਮਾਤਮਾ ਨੂੰ ਕਿਵੇਂ ਸੰਸਾਰ ਵਿੱਚ ਪੈਦਾ ਕੀਤਾ?ਕਿਸ ਕਾਰਜ ਲਈ ਇਸ ਸੰਸਾਰ ਵਿੱਚ ਤੂੰ ਆਇਆ ਹੈ?ਜਿਹੜਾ ਪ੍ਰਮਾਤਮਾ ਤੈਨੂੰ ਮਾਂ ਵਾਂਗ ਸਾਨੂੰ ਪਾਲਦਾ ਹੈ। ਉਸ ਪਿਆਰਾ ਪਰਮਾਤਮਾ ਨਾਲ ਪ੍ਰੀਤ ਪਾ ਲੈ ਉਸ ਦੇ ਦਰ ਤੇ ਪ੍ਰਵਾਨ ਹੋ ਜਾਵੇਗਾ।

## ਬਾਵਨ ਅਖਰੀ

ਬਵੰਜਾ ਅੱਖਰਾਂ ਵਾਲੀ ਰਚਨਾ ਭਾਵ ਗੁਰਮੁੱਖੀ ਲਿਪੀ ਜਿਸ ਦੀ ਵਰਣਮਾਲਾ ਦੇ ਸਾਰੇ ਅੱਖਰ ਬਵੰਜਾ ਹਨ। ਜਗਤ ਦਾ ਸਾਰਾ ਵਰਤਾਰਾ ਇਹਨਾਂ ਲਿਪੀਆਂ ਦੇ ਅੱਖਰਾਂ ਦੀ ਰਾਹੀਂ ਚੱਲ ਰਿਹਾ ਹੈ ।ਪਰ ਇਹ ਅੱਖਰ ਨਾਸ਼ ਹੋ ਜਾਣਗੇ ਭਾਵ, ਜਿਵੇਂ ਜਗਤ ਨਾਸਵੰਤ ਹੈ। ਜਿਵੇਂ ਕਈ ਐਸੀਆਂ ਭਾਸ਼ਾਵਾਂ ਜਾਂ ਬੋਲੀਆਂ ਅਲੋਪ ਹੋ ਗਈਆਂ ਉਹਨਾਂ ਦੀ ਥਾਂ ਤੇ ਦੂਜੀਆਂ ਬੋਲੀਆਂ ਨੇ ਲੈ ਲਈ। ਜਗਤ ਵਿੱਚ ਵਰਤੀ ਜਾਣ ਵਾਲੀ ਹਰੇਕ ਚੀਜ਼ ਵੀ ਨਾਸਵੰਤ ਹੈ, ਬੋਲੀਆਂ ਵੀ ਨਾਸਵੰਤ ਹਨ ਤੇ ਬੋਲੀਆਂ ਵਿੱਚ ਵਰਤੇ ਜਾਣ ਵਾਲੇ ਅੱਖਰ ਵੀ ਨਾਸਵੰਤ ਹਨ। ਅਕਾਲ ਪੁਰਖ ਨਾਲ ਮਿਲਾਪ ਜਿਸ ਸ਼ਕਲ ਵਿੱਚ ਅਨੁਭਵ ਹੁੰਦਾ ਹੈ। ਉਸ ਪ੍ਰਮਾਤਮਾ ਨੂੰ ਬਿਆਨ ਕਰਨ ਲਈ ਕੋਈ ਅੱਖਰ ਅਜਿਹਾ ਨਹੀਂ ਹੈ ਜੋ ਬਿਆਨ ਕਰ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੨ ਥਾਵਾਂ ਦੇ ਅੰਦਰ ਇਹ ਸਿਰਲੇਖ ਬਾਵਨ ਅੱਖਰੀ ਆਉਂਦਾ ਹੈ। ਇੱਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੁਆਰਾ ਅਤੇ ਇੱਕ ਭਗਤ ਕਬੀਰ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਬਾਣੀ ਦੇ ਸਿਰਲੇਖ ਅੰਦਰ ਜੋ ੫੨ ਅੱਖਰ ਵਰਤੇ ਗਏ ਉਹਨਾਂ ਦੀ ਤਰਤੀਬ ਜੋ ਹੁਣ ਗੁਰਮੁਖੀ ਲਿਪੀ ਦੇ ਵਿੱਚ ਹੁਣ ਹੈ ਉਹ ਨਹੀਂ ਹੈ ਬਲਕਿ ਜੋ ਉਸ ਸਮੇਂ ਪਾਂਧੇ ਪੜਾਉਦੇ ਸਨ ਉਸ ਸਮੇਂ ਦੇ ਅਨੁਸਾਰ ਤਰਤੀਬ ਹੈ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

{ਪੰਨਾ ੨੫੦}

ਬਾਵਨ ਅਛਰ ਲੋਕ ਤ੍ਰੈ, ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ, ਓਇ ਅਖਰ ਇਨ ਮਹਿ ਨਾਹਿ ॥੧॥

{ਪੰਨਾ ੩੪੦}

(੧) ਬਵੰਜਾ, ਗਿਣਤੀ ਦੀ ਇਕ ਇਕਾਈ "ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।" (੩੪੦)



Scanned by CamScanner

(੨) ਬਉਣਾ "ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।" (੧੦੮੨)

(੩) ਚਿੱਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ। ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।" (੧੩੫੧)

"ਨਹ ਸੀਤਲੰ ਚੰਦ੍ ਦੇਵਹ ਨਹ ਸੀਤਲੰ ਬਾਵਨ ਚੰਦਨਹ।" (੧੩੫੭)

## ਸੁਖਮਨੀ

ਪੰਨਾ-੨੬੨

ਇਸ ਸਿਰਲੇਖ'ਸੁਖਮਨੀ'ਹੇਠਾਂ ਆਈ ਹੋਈ ਬਾਣੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ।ਸਤਿਗੁਰਾਂ ਇਸ ਬਾਣੀ ਨੂੰ ਗਾਉੜੀ ਰਾਗ ਵਿੱਚ ਉਚਾਰਨ ਕੀਤਾ ਹੈ।ਇਸ ਦੀਆਂ ੨੪ ਅਸਟਪਦੀਆਂ ਹਨ,ਹਰੇਕ ਅਸ਼ਟਪਦੀ ਦੇ ਨਾਲ ੧ ਸਲੋਕ ਵੀ ਆਉਂਦਾ ਹੈ।ਪਰ ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਤੋਂ ਪਿਛੋਂ ਆਈ 'ਰਹਾਉ' ਦੀ ਤੁੱਕ ਦੱਸਦੀ ਹੈ ਕਿ ਇਸ ਸਾਰੀ ਬਾਣੀ ਦਾ ਦੋ-ਹਰਫ਼ਾ ਮੁੱਖ ਭਾਵ ਰਹਾਉ ਵਿੱਚ ਹੈ ਅਤੇ ਸਾਰੀਆਂ ੨੪ ਅਸਟਪਦੀਆਂ ਇਸ ਮੁੱਖ ਭਾਵ ਦੀ ਵਿਆਖਿਆ ਹਨ ।'ਸੁਖਮਨੀ' ਦਾ 'ਮੁੱਖ ਭਾਵ' ਹੇਠ-ਲਿਖੀਆਂ ਤੁੱਕਾਂ ਹਨ :—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥

ਪ੍ਰਭੂ ਦਾ ਨਾਮ ਹੀ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ (ਸਭ) ਸੁਖਾਂ ਦੀ ਮਣੀ ਹੈ।ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿੱਚ ਹੈ।

## ਥਿਤੀ / ਥਿੰਤੀ

ਸਾਡੇ ਦੇਸ ਵਿੱਚ ਸੂਰਜ ਅਤੇ ਚੰਦ ਦੋਹਾਂ ਦੇ ਅਨੁਸਾਰ ਸਾਲ ਦੇ ਮਹੀਨਿਆਂ ਤੇ ਦਿਨਾਂ ਦੀ ਗਿਣਤੀ ਕੀਤੀ ਜਾਂਦੀ ਹੈ ।ਸੂਰਜ ੧੨ 'ਰਾਸਾਂ' ਵਿੱਚੋਂ ਦੀ ਲੰਘਦਾ ਹੈ।ਜਦੋਂ ਨਵੀਂ 'ਰਾਸ' ਵਿੱਚ ਅੱਪੜਦਾ ਹੈ, ਨਵਾਂ ਮਹੀਨਾ ਚੜ੍ਹਦਾ ਹੈ ।ਚੰਦ ਦੇ ਵੱਧਣ ਘੱਟਣ ਦੇ ਹਿਸਾਬ ਅਨੁਸਾਰ ਦਿਨਾਂ ਨੂੰ 'ਥਿੱਤ' ਆਖਿਆ ਜਾਂਦਾ ਹੈ, ਸੰਸਕ੍ਰਿਤ ਲਫ਼ਜ਼ 'ਤਿਥਿ' ਹੈ । ਚੰਦ ਦੇ ਹਿਸਾਬ ਹਰੇਕ ਮਹੀਨੇ ਦੇ ਦੋ ਹਿੱਸੇ, ਦੋ ਪੱਖ, ਹੁੰਦੇ ਹਨ: ਹਨੇਰਾ ਪੱਖ ਅਤੇ ਚਾਣਨਾ ਪੱਖ।ਮੱਸਿਆ ਜਿਸ ਰਾਤ ਮੁਕੰਮਲ ਹਨੇਰਾ ਹੁੰਦਾ ਹੈ ਤੇ ਚੰਦ ਬਿਲਕੁਲ ਨਹੀਂ ਦਿੱਸਦਾ ਤੋਂ ਅਗਾਂਹ ਚਾਨਣਾ ਪੱਖ ਸ਼ੁਰੂ ਹੁੰਦਾ ਹੈ, ਕਿਉਂਕਿ ਚੰਦ੍ਰਮਾ ਹਰ ਰੋਜ਼ ਵੱਧਦਾ ਜਾਂਦਾ ਹੈ । ਪੂਰਨਮਾਸ਼ੀ ਤੱਕ ਚਾਨਣਾ ਪੱਖ ਹੁੰਦਾ ਹੈ।ਪੂਰਨਮਾਸ਼ੀ ਦੀ ਰਾਤ ਨੂੰ ਚੰਦ੍ਰਮਾ ਮੁਕੰਮਲ ਹੁੰਦਾ ਹੈ । ਇਸ ਤੋਂ ਪਿਛੋਂ ਚੰਦ ਘੱਟਣ ਲੱਗ ਪੈਂਦਾ ਹੈ, ਇਸ ਨੂੰ ਹਨੇਰਾ ਪੱਖ ਆਖੀਦਾ ਹੈ।ਘੱਟਦਾ ਘੱਟਦਾ ਚੰਦ ਮੱਸਿਆ ਨੂੰ



Scanned by CamScanner

ਬਿਲਕੁਲ ਲੁੱਕ ਜਾਂਦਾ ਹੈ। ਮੱਸਿਆ ਤੋਂ ਅਗਾਂਹ ਹੇਠ-ਲਿਖੇ ਅਨੁਸਾਰ ਦਿਨਾਂ (ਥਿੱਤਾਂ) ਦੇ ਨਾਮ ਆਉਂਦੇ ਹਨ—ਏਕਮ, ਦੂਜ, ਤੀਜ, ਚੌਥ, ਪੰਚਮੀ, ਛਟ, ਸਤਮੀ, ਅਸ਼ਟਮੀ, ਨੌਮੀ, ਦਸਮੀ, ਇਕਾਦਸ਼ੀ, ਦੁਆਦਸੀ, ਤ੍ਰਿਓਂਦਸੀ, ਚੌਦਸ, ਪੂਰਨਮਾਸ਼ੀ । ਇਸੇ ਤਰ੍ਹਾਂ ਪੂਰਨਮਾਸ਼ੀ ਤੋਂ ਅਗਾਂਹ ਫਿਰ ਏਕਮ ਤੋਂ ਲੈ ਕੇ ਮੱਸਿਆ ਤਕ ਇਹੀ "ਥਿੱਤਾਂ" ਹਨ । ਹਨੇਰੇ ਪੱਖ ਦੀਆਂ ਥਿੱਤਾਂ ਨੂੰ 'ਵਦੀ' ਅਤੇ ਚਾਨਣੇ ਪੱਖ ਦੀਆਂ ਥਿੱਤਾਂ ਨੂੰ 'ਸੁਦੀ' ਆਖਦੇ ਹਨ; ਜਿਵੇਂ, 'ਜੇਠ ਸੁਦੀ ਚੌਥ' ਦਾ ਭਾਵ ਹੈ 'ਜੇਠ ਦੇ ਮਹੀਨੇ ਦੀ ਮੱਸਿਆ ਤੋਂ ਅਗਾਂਹ ਚੌਥਾ ਦਿਨ' । ਵਦੀ ਸੁਦੀ ਵਾਲੇ ਮਹੀਨੇ 'ਵਦੀ' ਪੱਖ ਤੋਂ ਸ਼ੁਰੂ ਹੁੰਦੇ ਹਨ, ਪੂਰਨਮਾਸ਼ੀ ਤੋਂ ਅਗਲੇ ਦਿਨ ।

ਹਿੰਦੂ ਲੋਕ ਇਹਨਾਂ ਥਿੱਤਾਂ ਤੇ ਵਰਤ ਰੱਖਦੇ ਹਨ ਅਤੇ ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡ ਅਨੁਸਾਰ ਹੋਰ ਕਈ ਕਿਸਮ ਦੇ ਕਰਮ ਧਰਮ ਕਰਦੇ ਹਨ, ਜਿਵੇਂ ਏਕਾਦਸ਼ੀ ਆਦਿਕ ਥਿੱਤਾਂ ਤੇ ਵੀ ਵਰਤ ਰੱਖੇ ਜਾਂਦੇ ਹਨ ਤਿਵੇਂ ਇਹਨਾਂ ਸੱਤਾਂ ਵਾਰਾਂ ਦੇ ਨਾਲ ਭੀ ਕਈ ਕਰਮਾਂ ਧਰਮਾਂ ਦਾ ਸੰਬੰਧ ਥਾਪਿਆ ਗਿਆ ਹੈ। ਲੇਕਿਨ ਸਿੱਖ ਧਰਮ ਦੇ ਅੰਦਰ ਇਸ ਤਰ੍ਹਾਂ ਦੇ ਕਿਸੇ ਵੀ ਕਰਮ ਕਾਂਡ ਦੀ ਮਾਨਤਾ ਨਹੀਂ ਹੈ। ਇਸ ਬਾਣੀ ਦੇ ਅੰਦਰ ਇਹਨਾਂ ਵਹਿਮ ਭਰਮਾਂ ਤੋਂ ਕੱਢਣ ਦੇ ਲਈ ਬਾਣੀ ਉਚਾਰਨ ਕੀਤੀ ਹੈ।

## ਸਾਤ ਵਾਰ

ਹਿੰਦੂ ਲੋਕ ਇਹਨਾਂ ਥਿੱਤਾਂ ਤੇ ਵਰਤ ਰੱਖਦੇ ਹਨ, ਅਤੇ ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡ ਅਨੁਸਾਰ ਹੋਰ ਕਈ ਕਿਸਮ ਦੇ ਕਰਮ ਧਰਮ ਕਰਦੇ ਹਨ। ਜਿਵੇਂ ਏਕਾਦਸ਼ੀ ਆਦਿਕ ਥਿੱਤਾਂ ਤੇ ਵਰਤ ਰੱਖੇ ਜਾਂਦੇ ਹਨ ਤਿਵੇਂ ਇਹਨਾਂ ਸੱਤਾਂ ਵਾਰਾਂ ਦੇ ਨਾਲ ਵੀ ਕਈ ਕਰਮਾਂ ਧਰਮਾਂ ਦਾ ਸੰਬੰਧ ਥਾਪਿਆ ਗਿਆ ਹੈ । ਇਹ 'ਵਾਰ' ਦੇਵੀ ਦੇਵਤਿਆਂ ਜਾਂ ਤਾਰਿਆਂ ਦੇ ਨਾਵਾਂ ਨਾਲ ਸੰਬੰਧ ਰੱਖਦੇ ਹਨ। ਮੰਗਲਵਾਰ ਦੇਵੀ ਦਾ ਵਾਰ ਸਮਝਿਆ ਜਾਂਦਾ ਹੈ। ਛਨਿੱਛਰਵਾਰ ਛਨਿੱਛਰ ਦੇਵਤੇ ਦਾ ਦਿਨ ਹੈ ।

ਕਦੇ ਕਿਸੇ ਕਰਮ-ਕਾਂਡੀ ਹਿੰਦੂ ਸੱਜਣ ਦੇ ਪਾਸ ਚਾਰ ਦਿਨ ਰਹਿ ਕੇ ਵੇਖੋ, ਤਾਂ ਉਸ ਦੇ ਰੋਜ਼ਾਨਾ ਕਰਤੱਵ ਤੋਂ ਪਤਾ ਮਿਲੇਗਾ ਕਿ ਇਹਨਾਂ 'ਥਿੱਤਾਂ' ਤੇ 'ਵਾਰਾਂ' ਦੀ ਰਾਹੀਂ ਕਰਮ-ਕਾਂਡ ਦਾ ਚੰਗਾ ਜਾਲ ਵਿਛਿਆ ਹੈ, ਤਕੜੇ ਭਰਮ-ਵਹਿਮ ਬਣੇ ਹੋਏ ਹਨ।

ਗੁਰੂ ਪਾਤਸ਼ਾਹ ਜੀ ਨੇ ਇਹਨਾਂ ਭਰਮ-ਵਹਿਮ ਵਿੱਚੋਂ ਕੱਢਣ ਦੇ ਲਈ ਬਾਣੀ ਉਚਾਰਨ ਕੀਤੀ ਤਾਂ ਕਿ ਵਾਰਾਂ ਦਾ ਅਸਲ ਮੰਤਵ ਸਾਡਾ ਪ੍ਰਮਾਤਮਾ ਨੂੰ ਮਿਲਣਾ ਹੋ ਸਕੇ।

ਪੰਦ੍ਰਹ ਥਿਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥
ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥੧॥

{ਪੰਨਾ ੩੪੩}



Scanned by CamScanner

## ਬਿਰਹੜੇ ਛੰਤਾਂ ਕੀ ਜਤਿ

ਪੰਨਾ-੪੩੧

ਬਿਰਹੜੇ—ਬ਼ਿਰਹੁ ਦੇ ਵਿੱਚ ਭਰੇ ਹੋਏ। ਵਿਦਵਾਨਾਂ ਨੇ ਬਿਰਹੜੇ ਦੀਆਂ ੪ ਅਵਸਥਾਂ ਮੰਨੀਆਂ ਜਾਂਦੀਆਂ ਨੇ ਜਿੰਨ੍ਹਾਂ ਵਿੱਚ ਲੰਘ ਕੇ ਜੀਵ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਸਕਦਾ ਹੈ।

੧. ਪਛੁਤਾਵਾ।

੨. ਦਰਸ਼ਨਾਂ ਦੀ ਤਾਂਘ।

੩. ਵਿਆਕੁਲਤਾ।

੪. ਰਜ਼ਾ ਵਿੱਚ ਲਿਵਲੀਨਤਾ ।

ਇਹ 'ਬਿਰਹੜੇ' ਗਿਣਤੀ ਵਿੱਚ ੩ ਹਨ। ਇਹਨਾਂ ਨੂੰ ਅਸਟਪਦੀਆਂ ਵਿੱਚ ਗਿਣਿਆ ਜਾਂਦਾ ਹੈ। ਇਸ ਨੂੰ ੪ ਘਰ ਵਿੱਚ ਗਾਇਆ ਜਾਂਦਾ ਹੈ। ਜਤਿ ਸੰਗੀਤ ਅਨੁਸਾਰ ਗਾਉਣ ਦੀ ਇੱਕ ਧਾਰਨਾ ਹੈ। ਜਿਸ ਜਗ੍ਹਾ ਵਿੱਚ ਵਿਸਰਾਮ ਆਉਂਦਾ ਹੈ ਉਸ ਨੂੰ ਜਤਿ ਕਿਹਾ ਜਾਂਦਾ ਹੈ। ਡਾ:ਚਰਨ ਸਿੰਘ ਜੀ ਨੇ ਆਪਣੀ ਕਿਤਾਬ "ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ"ਵਿੱਚ ਲਿਖਦੇ ਹਨ ਕਿ ਜਤਿ,ਗਤਿ,ਸਾਥਿ। ਇਹ ਤਿੰਨ ਜੋੜੀ ਦੇ ਕਰਤੱਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰ ਭਾਵ ਗਤਿ ਵਕਰ ਉਂਗਲੀਆਂ ਵਿੱਚੋਂ ਜੋੜੀ ਦੇ ਕਿਨਾਰੇ ਤੇ ਵਿਚਕਾਰ ਕੰਮ ਕਰੇ। ਖੱਬੇ ਹੱਥ ਨਾਲ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਆਖਦੇ ਹਨ। ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਉਸ ਨੂੰ ਪਾਟਾਛਰ ਆਖਦੇ ਹਨ। ਜਦੋਂ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਅਵਾਜ਼ ਵੀ ਖੁੱਲੀ ਨਿਕਲੇ ਉਸ ਨੂੰ ਸਾਥਿ ਕਿਹਾ ਜਾਂਦਾ ਹੈ। ਇਹਨਾਂ ਦੀ ਚਾਲ ਛੰਤਾਂ ਵਾਲੀ ਹੈ । ਇਸ ਬਾਣੀ ਅੰਦਰ ਵਿਛੜੇ ਤੋਂ ਮਿਲਾਪ ਦੀ ਗੱਲ ਕੀਤੀ ਹੈ ਕਿ ਪ੍ਰਮਾਤਮਾ ਮੈਂ ਤੇਰੀ ਸਰਨ ਆਇਆ ਹਾਂ ਮੈਨੂੰ (ਮਾਇਆ ਦੇ ਮੋਹ-ਭਰੇ ਹੋਏ) ਸੰਸਾਰ-ਖੂਹ ਵਿਚੋਂ ਕੱਢ ਲੈ ।

## ਪਟੀ ਲਿਖੀ/ ਪਟੀ

ਇਹ ਸਿਰਲੇਖ ੨ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਆਉਦਾ ਹੈ। ਇੱਕ ਪੱਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਆਰਾ ਲਿਖੀ ਗਈ ਹੈ ਦੂਜੀ ਸ੍ਰੀ ਗੁਰੂ ਅਮਰ ਦਾਸ ਜੀ ਦੇ ਦੁਆਰਾ ਲਿਖੀ ਗਈ ਹੈ। ਪਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਬਹੁਤ ਸੁੰਦਰ ਨਮੂਨਾ ਹੈ ਜੋ ਕਿ ਸਤਿਗੁਰਾਂ ਨੇ ਲੋਕ-ਪ੍ਰਿਅ ਕਾਵਿ ਰੂਪਾਂ ਦੇ ਅਧਾਰ ਤੇ ਰਚੀ ਹੈ। ਇਸ ਬਾਣੀ ਦਾ ਸਿਰਲੇਖ ਪੁਰਾਤਨ ਸਮੇਂ ਤੋਂ ਪਾਠਸਾਲਾ, ਮਦਰਸੇ, ਪਾਂਧਿਆਂ ਜਾਂ ਸਕੂਲ ਦੀ ਸੁਰੂਅਤ ਵਿੱਚ ਬੱਚੇ ਪੜ੍ਹਨ ਤੇ ਲਿਖਾਣ ਲਈ ਲੱਕੜੀ ਦੀ ਫੱਟੀ ਜਾਂ ਤਖਤੀ ਵਰਤਿਆ ਕਰਦੇ ਸਨ। ਜਿਸ ਉਪਰ ਗਾਚੀ ਫੇਰ ਕੇ ਉਸ ਉਪਰ ਪੂਰਨੇ ਪਾ ਕੇ ਕਲਮ ਤੇ ਸਿਆਹੀ ਨਾਲ ਲਿਖਿਆ ਜਾਂਦਾ



Scanned by CamScanner

ਸੀ। ਜੋ ਕੰਮ(ਪਾਠ) ਫੱਟੀ ਦੇ ਉਪਰ ਲਿਖਿਆ ਹੁੰਦਾ ਉਸਨੂੰ ਪੱਟੀ ਲਿਖਣਾ ਕਿਹਾ ਵੀ ਜਾਂਦਾ ਹੈ।

ਸਚੀ ਪਟੀ ਸਚੁ ਮਨਿ, ਪੜੀਐ ਸਬਦੁ ਸੁ ਸਾਰੁ ॥ {ਪੰਨਾ ੯੩੮}

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ {ਪੰਨਾ ੧੧੩੩}

ਸਸੈ ਸੋਇ ਸ੍ਰਿਸਟਿ ਪੰਨਾ-੪੩੨

ਅਯੋ ਅੰਕੈ ਸਭੁ ਜਗੁ ਪੰਨਾ-੪੩

## ਘੋੜੀਆਂ

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥

ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥ {ਪੰਨਾ ੫੭੫}

ਅਸਲ ਵਿੱਚ ਪੁਰਾਤਨ ਸਮੇਂ ਤੋਂ ਸੱਭਿਆਚਾਰ ਵਿੱਚ ਚਲੀ ਆ ਰਹੀ ਰੀਤ ਦੇ ਅਨੁਸਾਰ ਕਾਵਿ ਰੂਪ ਵਿੱਚ ਘੋੜੀਆਂ ਸ਼ਾਮਿਲ ਹਨ। ਜਦੋਂ ਵਿਆਹ ਵੇਲੇ ਲੜਕੇ ਨੂੰ ਵਿਆਹੁਣ ਲਈ ਘਰੋਂ ਤੁਰਨ ਸਮੇਂ ਘੋੜੀ ਤੇ ਚੜ੍ਹਿਆ ਜਾਂਦਾ ਹੈ। ਉਸ ਸਮੇਂ ਲੜਕੇ ਦੀਆਂ ਭੈਣਾਂ ਘੋੜੀ ਦੀ ਵਾਗ ਫੜ ਕੇ ਗੀਤ ਗਾਉਂਦੀਆਂ ਹਨ। ਉਹਨਾਂ ਗੀਤ 'ਘੋੜੀਆਂ' ਆਖਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਇਹ ਦੋ 'ਛੰਤ' ਉਹਨਾਂ ਗੀਤਾਂ 'ਘੋੜੀਆਂ' ਦੀ ਚਾਲ ਤੇ ਲਿਖੇ ਹਨ ਤੇ ਇਹਨਾਂ ਛੰਤਾਂ ਦਾ ਸਿਰਲੇਖ ਵੀ "ਘੋੜੀਆ" ਹੀ ਲਿਖਿਆ ਹੈ। ਗੁਰੂ ਪਾਤਸ਼ਾਹ ਜੀ ਦਾ ਇਹ ਅਸਲ ਰੂਪ ਵਿੱਚ ਕਹਿਣ ਦਾ ਮਤਬਲ ਸੀ ਕਿ ਖੁਸ਼ੀਂ ਵੇਲੇ ਜੋ ਪੁਰਾਤਨ ਤੌਰ ਤੋਂ ਚਲੀ ਆਉਂਦੀ ਰੀਤ ਦੇ ਅਨੁਸਾਰ ਤੁਸੀਂ ਬਾਣੀ ਰੂਪ ਵਿੱਚ ਘੋੜੀਆਂ ਪੜ੍ਹੀਆਂ ਜਾਣ ਤਾਂ ਕਿ ਤੈਨੂੰ ਖੁਸ਼ੀ ਦੇ ਸਮੇਂ ਵਿੱਚ ਵੀ ਪ੍ਰਮਾਤਮਾ ਯਾਦ ਆਵੇ।

## ਅਲਾਹਣੀਆ

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥

{ਪੰਨਾ ੫੭੮-੫੭੯}

ਪੁਰਾਤਨ ਸਮੇਂ ਤੋਂ ਹੀ ਜਦੋਂ ਕੋਈ ਇਨਸਾਨ ਮਰ ਜਾਵੇ ਤੇ ਉਸ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ ਅਲਾਹਣੀਆਂ ਆਖਿਆ ਜਾਂਦਾ ਸੀ। ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਭਾਈਚਾਰੇ



Scanned by CamScanner

ਦੀਆਂ ਜ਼ਨਾਨੀਆਂ ਮਿਲ ਕੇ ਰੋਂਦੀਆਂ ਹਨ। ਮਿਰਾਸਣ ਉਸ ਮਰੇ ਪ੍ਰਾਣੀ ਦੀ ਸਿਫ਼ਤਿ ਵਿੱਚ ਕਵਿਤਾ ਜਿਹੀ ਵਾਂਗ ਕੋਈ ਤੁਕ ਸੁਰ ਵਿੱਚ ਪੜ੍ਹਦੀ ਹੈ, ਉਸ ਦੇ ਪਿੱਛੇ ਪਿੱਛੇ ਉਹੀ ਤੁੱਕ ਸਾਰੀਆਂ ਜ਼ਨਾਨੀਆਂ ਰਲ ਕੇ ਸੁਰ ਵਿੱਚ ਹੀ ਪੜ੍ਹਦੀਆਂ ਹਨ ਤੇ ਨਾਲ ਨਾਲ ਥੋੜਾ ਪਿੱਟਦੀਆਂ ਰੋਦੀਆਂ ਅਤੇ ਵਿਰਲਾਪ ਕਰਦੀਆਂ ਹਨ। ਉਹ ਪਿੱਟਣਾ ਭੀ ਤਾਲ-ਸਿਰ ਹੁੰਦਾ ਹੈ। ਮਿਰਾਸਣ ਦੇ ਉਸ ਗੀਤ ਨੂੰ 'ਅਲਾਹਣੀਆਂ' ਕਿਹਾ ਜਾਂਦਾ ਹੈ । ਸਤਿਗੁਰੂ ਜੀ ਇਸ ਰੋਣ ਪਿੱਟਣ ਵੱਲੋਂ ਵਰਜ ਕੇ ਪਰਮਾਤਮਾ ਦੀ ਰਜ਼ਾ ਵਿੱਚ ਤੁਰਨ ਤੇ ਉਸ ਦੀ ਸਿਫ਼ਤਿ-ਸਾਲਾਹ ਕਰਨ ਦਾ ਉਪਦੇਸ਼ ਦੇਂਦੇ ਹਨ। ਸਤਿਗੁਰਾਂ ਨੇ ਸਾਨੂੰ ਸਾਰਿਆਂ ਨੂੰ ਰੋਣ ਧੋਣ ਤੋਂ ਵਰਜਦਿਆਂ ਹੋਇਆਂ ਇਸ ਬਾਣੀ ਨੂੰ ਉਸ ਸਮੇਂ ਪੜ੍ਹੇ ਜਾਣ ਦੇ ਲਈ ਪ੍ਰੇਰਨਾ ਕੀਤੀ ਹੈ। ਤਾਂ ਕਿ ਤੇਰੇ ਜੀਵਨ ਨੂੰ ਸਹੀ ਸੇਧ ਮਿਲ ਜਾਵੇ ਸੱਚਾਈ ਉਪਰ ਤੂੰ ਚੱਲ ਸਕਦਾ ਹੈ।

ਇਸ ਬਾਣੀ ਦੇ ਅੰਦਰ ੯ ਸਬਦ ਆਉਂਦੇ ਹਨ। ਇਸ ਦੇ ਅੰਦਰ ੫ ਸਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਗਏ ਹਨ ਅਤੇ ਇਸ ਦੇ ਅੰਦਰ ੪ ਸਬਦ ਸ੍ਰੀ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਗਏ ਹਨ। ਸਤਿਗੁਰਾਂ ਨੇ ਸਮਝਾਇਆ ਹੈ ਕਿ ਜਿਸ ਜੀਵ ਦੇ ਇਥੋਂ ਚਲਾਣੇ ਦਾ ਸੱਦਾ ਆ ਜਾਂਦਾ ਹੈ। ਉਸ ਸੱਦੇ ਨੂੰ ਰੋ-ਰੋ ਕੇ ਟਾਲਿਆ ਨਹੀਂ ਸਕੀਦਾ। ਇਹ ਉਸ ਅਕਾਲ ਪੁਰਖ ਦਾ ਅਟੱਲ ਨਿਯਮ ਹੈ। ਪਰ ਫਿਰ ਵੀ ਜੇ ਕਿਸੇ ਨੇ ਇਸ ਸੱਦੇ ਨੂੰ ਟਾਲਣ ਲਈ ਰੋਣਾ ਹੀ ਹੈ ਤਾਂ ਰੋ ਕੇ ਵੇਖ ਲਵੋ। ਪਿਆਰਾ ਸੰਬੰਧੀ ਜਮ ਬੰਨ੍ਹ ਕੇ ਅੱਗੇ ਤੋਰ ਲੈ ਜਾਂਦੇ ਹਨ। ਉਸ ਦੇ ਇਥੋਂ ਕੂਚ ਵਾਸਤੇ ਪ੍ਰਮਾਤਮਾ ਦੀ ਦਰਗਾਹ ਦਾ ਲਿਖਿਆ ਹੁਕਮ ਮਿਟਾ ਨਹੀਂ ਸਕੀਦਾ, ਪ੍ਰਭੂ ਦੇ ਦਰ ਤੋਂ ਸੱਦਾ ਆ ਜਾਂਦਾ ਹੈ ਉਹ ਸੱਦਾ ਜੋ ਬਿਲਕੁਲ ਅਟੱਲ ਹੈ।

ਜਦੋਂ ਪ੍ਰਮਾਤਮਾ ਨੂੰ ਆਪਣੀ ਰਜ਼ਾ ਵਿੱਚ ਚੰਗਾ ਲੱਗਦਾ ਹੈ, ਤਾਂ ਜੀਵ ਵਾਸਤੇ ਜਾਣ ਦਾ ਸੱਦਾ ਆ ਜਾਂਦਾ ਹੈ,ਰੋਣ ਵਾਲੇ ਸੰਬੰਧੀ ਰੋਂਦੇ ਹਨ। ਪੁੱਤਰ, ਭਰਾ, ਭਤੀਜੇ, ਬੜੇ ਪਿਆਰੇ ਸੰਬੰਧੀ ਸਭੇ ਹੀ ਰੋਂਦੇ ਹਨ। ਜੀਵ ਦੇ ਇਸ ਸੰਸਾਰ ਦੇ ਅੰਦਰੋਂ ਜਾਣ ਵਾਲੇ ਆਪਣੇ ਸੰਬੰਧੀ ਦੇ ਪਿੱਛੇ ਦੁਨੀਆਂ ਵਿੱਚ ਵਾਪਰਨ ਵਾਲੇ ਦੁੱਖਾਂ ਦੇ ਸਹਿਮ ਵਿੱਚ ਰੋਂਦਾ ਹੈ ਤੇ ਉਸ ਦੇ ਗੁਣਾਂ ਸੁੱਖਾਂ ਨੂੰ ਮੁੜ ਮੁੜ ਚੇਤੇ ਕਰਦਾ ਹੈ, ਪਰ ਕਦੇ ਵੀ ਕੋਈ ਜੀਵ ਮੁਏ ਪ੍ਰਾਣੀਆਂ ਦੇ ਨਾਲ ਮਰਦਾ ਨਹੀਂ ਹੈ। ਕਿਉਕਿ ਜੀਊਣਾ ਹਰੇਕ ਨੂੰ ਪਿਆਰਾ ਲੱਗਦਾ ਹੈ। ਆਈ ਤੋਂ ਬਿਨ੍ਹਾਂ ਕੋਈ ਮਰ ਵੀ ਨਹੀਂ ਸਕਦਾ।

ਸਤਿਗੁਰਾਂ ਨੇ ਆਪਣੇ ਗੁਰਸਿੱਖਾਂ ਨੂੰ ਸਮਝਾਉਦੇ ਨੇ ਇਹ ਮਰਨ ਤੇ ਜੰਮਣ ਦਾ ਸਿਲਸਿਲਾ ਤਾਂ ਜਾਰੀ ਹੀ ਰਹਿਣਾ ਹੈ। ਉਹ ਬੰਦੇ ਸਦਾ ਹੀ ਮਹਾ ਸਿਆਣੇ ਹਨ ਜੋ ਸਦਾ-ਥਿਰ-ਪ੍ਰਭੂ ਦੇ ਗੁਣ ਹਿਰਦੇ ਵਿੱਚ ਵਸਾ ਕੇ ਮਾਇਆ ਦੇ ਮੋਹ ਵੱਲੋਂ ਉਪਰਾਮ ਹੁੰਦੇ ਹਨ ।



Scanned by CamScanner

# ਆਰਤੀ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
{ਪੰਨਾ ੬੬੩}

ਦੇਵਤੇ ਦੀ ਮੂਰਤੀ ਜਾਂ ਖਾਸ਼ ਸਖਸ਼ੀਅਤ ਅੱਗੇ ਦੀਵੇ ਘੁਮਾ ਕੇ ਪੂਜਨ ਕਰਨ ਨੂੰ ਆਰਤੀ ਕਿਹਾ ਜਾਂਦਾ ਹੈ। ਹਿੰਦੂ ਮੱਤ ਅਨੁਸਾਰ ਇੱਕ ਥਾਲ ਵਿੱਚ ਦੀਵੇ ਜਗ੍ਹਾ ਕੇ ਸੁਗੰਧੀਆਂ ਰੱਖ ਕੇ ਦੇਵਤਿਆਂ ਦੀ ਮੂਰਤੀ ਅੱਗੇ ਚਾਰ ਵਾਰੀ ਚਰਨਾਂ ਅੱਗੇ,ਦੋ ਵਾਰੀ ਨਾਭੀ ਤੇ,ਇੱਕ ਵਾਰੀ ਮੂੰਹ ਉਤੇ ਅਤੇ ਸੱਤ ਵਾਰੀ ਸਾਰੇ ਸਰੀਰ ਉਤੇ ਦੀਵੇ ਘੁਮਾਣੇ ਚਾਹੀਦੇ ਹਨ। ਦੀਵੇ ਇੱਕ ਤੋਂ ਲੈ ਕੇ ਸੌ ਤੱਕ ਹੁੰਦੇ ਹਨ।

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਆਰਤੀ ਦਾ ਖੰਡਨ ਕਰਕੇ ਸਾਰੇ ਸੰਸਾਰ ਨੂੰ ਸਮਝਾਇਆ ਕਿ ਕਰਤਾਰ ਦੀ ਆਰਤੀ ਕੁਦਰਤੀ ਆਪਣੇ ਆਪ ਹੀ ਕਰ ਰਹੀ ਹੈ। ਸਾਰਾ ਆਕਾਸ਼ (ਮਾਨੋ) ਥਾਲ ਰੂਪ ਹੈ, ਸੂਰਜ ਤੇ ਚੰਦ ਇਸ ਥਾਲ ਵਿੱਚ ਦੋਵੇਂ ਦੀਵੇ ਬਣੇ ਹੋਏ ਹਨ,ਤਾਰਿਆਂ ਦੇ ਸਮੂੰਹ ਇਸ ਥਾਲ ਵਿੱਚ ਮੋਤੀ ਰੱਖੇ ਹੋਏ ਹਨ। ਹਿਮਾਲਿਆ ਦੇ ਪਰਬਤਾਂ ਵਿੱਚ ਉੱਗੀ ਹੋਈ ਬਨਸਪਤੀ ਵਿੱਚੋਂ ਵੱਲੋਂ ਆਉਣ ਵਾਲੀ ਹਵਾ ਵਿੱਚ ਸੁਗੰਧੀਆਂ ਮਾਨੋਂ ਧੂਫ ਧੁੱਖ ਰਿਹਾ ਹੈ। ਹਵਾ ਲਗਾਤਾਰ ਪ੍ਰਮਾਤਮਾ ਦਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਜੋਤਿ-ਰੂਪ ਪ੍ਰਭੂ ਦੀ ਆਰਤੀ ਲਈ ਫੁੱਲ ਦੇ ਰਹੀ ਹੈ। ਪ੍ਰਭੂ ਪ੍ਰਮਾਤਮਾ ਦੀ ਕੁਦਰਤ ਵਿੱਚ ਕਿੰਨੀ ਸੁੰਦਰ ਆਰਤੀ ਹੋ ਰਹੀ ਹੈ। ਸਭ ਜੀਵਾਂ ਵਿੱਚ ਇੱਕ-ਰਸ ਹੋ ਕੇ ਜੀਵਨ-ਰੌ ਰਹੀ ਹੈ। ਪ੍ਰਭੂ ਜੀ ਦੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ।

ਸਾਰੇ ਜੀਵਾਂ ਵਿੱਚ ਇੱਕੋ ਉਹੀ ਪਰਮਾਤਮਾ ਦੀ ਜੋਤਿ ਵਰਤ ਰਹੀ ਹੈ। ਉਸ ਜੋਤਿ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿੱਚ ਚਾਨਣ ਸੂਝ-ਬੂਝ ਆ ਰਹੀ ਹੈ। ਉਸ ਸਰਬ-ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿੱਚ ਹੋ ਰਿਹਾ ਹੈ ਉਹ ਜੀਵ ਨੂੰ ਚੰਗਾ ਲੱਗੇ ਪ੍ਰਭੂ ਦੀ ਰਜ਼ਾ ਵਿੱਚ ਤੁਰਨਾ ਪ੍ਰਭੂ ਦੀ ਸੱਚੀ ਆਰਤੀ ਕਰਨੀ ਹੈ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ (ਰਵਿਦਾਸ, ੬੯੪)

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ ॥ (੬੬੩-੬)



Scanned by CamScanner

ਜੋ ਤਿਸੁ ਭਾਵੈ ਸੁ ਆਰਤੀ ਹੋਇ ॥ (੬੬੩-੧੦)

ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥

(ਕਬੀਰ, ੧੩੫੦-੧੪)

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥

(ਰਵਿਦਾਸ, ੬੯੪-੧੮)

ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥

(ਤ੍ਰਿਲੋਚਨ, ੬੯੫-੧੦)

## ਕੁਚਜੀ

ਇਸ ਸਿਰਲੇਖ ਹੇਠਾਂ ਗੁਰੂ ਨਾਨਕ ਦੇਵ ਜੀ ਨੇ ਸਬਦ ਉਚਾਰਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹ ਸਿਰਲੇਖ ਸਿਰਫ਼ ਇੱਕ ਵਾਰ ਆਇਆ ਹੈ। ਕੁਚਜੀ—ਕੁ-ਚੱਜੀ, ਕੋਝੇ ਕਰਮਾਂ ਵਾਲੀ, ਜਿਸ ਨੂੰ ਜੀਵਨ ਦੀ ਜਾਂਚ ਨਾ ਹੋਵੇ। ਜਿਨਾਂ ਦੇ ਜੀਵਨ ਵਿੱਚ ਚੱਜ ਨਾ ਸਿੱਖਿਆ ਹੋਵੇ। ਉਹ ਕੁਚੱਜੀ ਕਿਵੇਂ ਪਤੀ ਪ੍ਰਭੂ ਨੂੰ ਪ੍ਰਸੰਨ ਕਰ ਸਕੇਗੀ ? ਲੇਕਿਨ ਜਿਨ੍ਹਾਂ ਸਹੇਲੀਆਂ ਨੇ ਪ੍ਰਭੂ-ਪਤੀ ਨੂੰ ਪ੍ਰਸੰਨ ਕਰ ਲਿਆ ਹੈ ਉਹ ਮਾਨੋ ਚੁਮਾਸੇ ਵਿੱਚ ਅੰਬਾਂ ਦੀਆਂ ਠੰਢੀਆਂ ਛਾਵਾਂ ਵਿੱਚ ਬੈਠੀਆਂ ਹੋਈਆਂ ਹਨ । ਕੁਚੱਜੀ ਦੇ ਅੰਦਰ ਤਾਂ ਉਹ ਗੁਣ ਹੈ ਹੀ ਨਹੀਂ ਹਨ। ਜਿਨ੍ਹਾਂ ਕਰਕੇ ਉਸ ਉਪਰ ਪ੍ਰਭੂ-ਪਤੀ ਨੂੰ ਖੁਸ਼ ਕਰ ਸਕੇ। ਜੀਵ ਰੂਪੀ ਇਸਤਰੀ ਆਪਣੇ ਇਸ ਅਭਾਗਤਾ ਦਾ ਦੋਸ ਹੋਰ ਕਿਸ ਨੂੰ ਦੇ ਨਹੀਂ ਸਕਦੀ ਹਾਂ? ਕਿਉਕਿ ਅਵਗੁਣ ਉਸ ਵਿੱਚ ਨੇ ਸਤਿਗੁਰਾਂ ਨੇ ਇਸ ਸਬਦ ਦੇ ਰਾਹੀਂ ਕੁਚੱਜੀ ਤੋਂ ਸੁਚੱਜੀ ਬਣਨ ਦੇ ਲਈ ਪ੍ਰੇਰਿਆ ਹੈ।

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥

{ਪੰਨਾ ੭੬੨}

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥

(੩, ੭੮੬-੧੧)

ਮਨਮੁਕ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥

(੩, ੮੯-੧੮)



Scanned by CamScanner

## ਸੁਚਜੀ

ਸੁ-ਚੱਜੀ, ਜਿਸ ਨੇ ਜੀਵਨ ਦੀ ਚੰਗੀ ਜਾਂਚ ਸਿੱਖੀ ਹੋਈ ਹੈ। ਇਸ ਸਿਰਲੇਖ ਹੇਠਾਂ ਗੁਰੂ ਨਾਨਕ ਦੇਵ ਜੀ ਨੇ ਸਬਦ ਉਚਾਰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹ ਸਿਰਲੇਖ ਸਿਰਫ਼ ਇੱਕ ਵਾਰ ਆਇਆ ਹੈ। ਸੁਚੱਜੀ ਇਹ ਜਾਣਦੀ ਹੈ ਕਿ ਮੇਰਾ ਪ੍ਰਭੂ ਹੀ ਮੇਰਾ ਮਾਲਿਕ ਹੈ। ਉਹ ਮੇਰਾ ਵਿੱਚ ਹੀ ਸਰਮਾਇਆ ਹੋਇਆ ਹੈ। ਸੁਚੱਜੀ ਨੂੰ ਪਤਾ ਹੈ ਕਿ ਜਦੋਂ ਉਸ ਮਾਲਿਕ ਨੂੰ ਆਪਣੇ ਹਿਰਦੇ ਵਿੱਚ ਵਸਾ ਲੈਵਾਂਗੀ। ਤਾਂ ਹੀ ਮੈਂ ਸੁੱਖੀ ਵੱਸ ਸਕਦੀ ਹਾਂ। ਜਦੋਂ ਪ੍ਰਮਾਤਮਾ ਮੇਰੇ ਹਿਰਦੇ ਵਿੱਚ ਪ੍ਰਗਟ ਹੋ ਜਾਵੇਂਗਾ ਉਸ ਸਮੇਂ ਜੀ ਮਾਲਿਕ ਦੇ ਦਰ ਤੇ ਪ੍ਰਵਾਨ ਹੋਇਆ ਜਾ ਸਕਣਾ ਹੈ।

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ {ਪੰਨਾ ੭੬੨}

ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ ॥ (੧੪੧੬)

ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ ॥ (੭੭੨)

ਸਹ ਕੀ ਸਾਰ ਸੁਹਾਗਨਿ ਜਾਨੈ ॥ (ਕਬੀਰ,੭੯੩)

ਸਾਈ ਸੁਹਾਗਣਿ ਜੋ ਪ੍ਰਭ ਭਾਈ ॥ (੩੯੧)

## ਗੁਣਵੰਤੀ

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥

(ਪੰਨਾ ੭੬੩)

ਜੋ ਜੀਵ ਰੂਪੀ ਇਸਤਰੀ {ਗੁਰਸਿਖ} ਗੁਣਾਂ ਵਿੱਚ ਏਨਾ ਕੁ ਭਰ ਜਾਂਦਾ ਹੈ। ਜਿਹੜਾ ਵੀ ਕੋਈ ਗੁਰੂ ਦਾ ਪਿਆਰਾ ਸਿੱਖ ਮਿਲ ਪੈਂਦਾ ਹੈ। ਉਸ ਨੂੰ ਪ੍ਰੇਮਾ ਭਾਵ ਦੇ ਨਾਲ ਨੀਉਂ ਨੀਉਂ ਕੇ ਪਿਆਰ ਨਾਲ ਮਿਲਦਾ ਹੈ। ਨਿਮ੍ਰਤਾ ਤੇ ਅਧੀਨਗੀ ਨਾਲ ਉਸ ਦੀ ਪੈਰੀਂ ਲੱਗਦਾ ਹਾਂ ਤੇ ਉਸ ਨੂੰ ਆਪਣੇ ਦਿਲ ਦੀ ਵੇਦਨਾ, ਮਿਲਣ ਦੀ ਤਾਂਘ ਦੱਸਦਾ ਹੈ। ਤੇ ਗੁਰੂ ਅੱਗੇ ਹੋ ਅਰਦਾਸ ਬੇਨਤੀ ਕਰਦਾ ਹੈ ਕਿ ਮੈਨੂੰ ਵੀ ਐਸੇ ਸੱਜਣ-ਗੁਰੂ ਮਿਲਾ ਦੇ ਜਿਸ ਕੋਲੋਂ ਨਾਮ ਦੀ ਪ੍ਰਾਪਤੀ ਹੋਵੇਂ ਤੇ ਮਾਲਿਕ ਨੂੰ ਮਿਲਿਆ ਜਾ ਸਕੇ। ਮੈਨੂੰ ਕੋਈ ਅਜਿਹਾ ਸੋਹਣਾ ਉਪਦੇਸ਼ ਦੱਸਦੇ ਜਿਸ ਦੀ ਬਰਕਤਿ ਨਾਲ ਮੇਰਾ ਮਨ ਕਿਸੇ ਹੋਰ ਪਾਸੇ ਵੱਲ ਨਾ ਜਾਏ। ਮੈਂ ਆਪਣਾ ਇਹ ਮਨ ਪ੍ਰਭੂ ਦੇ ਹਵਾਲੇ ਕਰ ਦੇਵਾਂ। ਮੈਨੂੰ ਰਸਤਾ ਦੱਸ ਜਿਸ ਰਾਹੇ ਪੈ ਕੇ ਪ੍ਰਭੂ ਦਾ ਦਰਸਨ ਕਰ ਸਕਾਂ। ਜੋ ਇਸ



Scanned by CamScanner

ਰਸਤੇ ਉੱਤੇ ਜਿਹੜੇ ਗੁਰ-ਭਾਈ ਤੁਰਦੇ ਹਨ । ਉਹ ਗੁਣਾਂ ਦੀ ਸਾਂਝ ਕਰਦੇ ਨੇ ਤਾਂ ਗੁਣਵੰਤੀ ਬਣਿਆ ਜਾ ਸਕਣਾ।

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (੭੬੬)

ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ (੯੫੪)

ਗੁਣ ਮਹਿ ਗਿਆਨੁ ਪਰਾਪਤਿ ਹੋਇ ॥ (੧੯੩੧)

ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥ (੭੬੫)

## ਯਾਨੜੀਏ ਕੈ ਘਰਿ ਗਾਵਣਾ

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥
ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ਰਹਾਉ ॥
{ਪੰਨਾ ੮੦੨}

ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਯਾਨੜੀਏ ਕੈ ਘਰਿ ਆਇਆ ਹੈ। ਜਿਸ ਤੋਂ ਭਾਵ ਹੈ ਕਿ ਇਹ ਸ਼ਬਦ ਉਸ ਸ਼ਬਦ ਦੇ 'ਘਰ' ਵਿੱਚ ਗਾਇਆ ਜਾਵੇਗਾ ਜਿਸ ਸ਼ਬਦ ਦੀ ਪਹਿਲੀ ਤੁੱਕ ਵਿੱਚ ਇਹ ਆਉਂਦਾ ਹੈ 'ਇਆਨੜੀਏ ਮਾਨੜਾ ਕਾਇ ਕਰੇਹਿ'। ਅਗਲਾ ਲਫ਼ਜ਼ ਆਉਂਦਾ ਹੈ ਕੈ.....ਘਰਿ ਗਾਵਣਾ ਇਸ ਤੋਂ ਭਾਵ ਦੇ ਘਰ ਵਿੱਚ ਇਹ ਸ਼ਬਦ ਤਿਲੰਗ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਹੈ। ਪਰ ਉਸ ਦਾ 'ਘਰੁ' ੩ ਹੈ। ਇਹ ਚਉਪਦਾ ਘਰ ੨ ਦਾ ਪਹਿਲਾ ਸ਼ਬਦ ਹੈ। ਇਸ ਸਿਰਲੇਖ ਦੇ ਹੇਠਾਂ ੨ ਸਬਦ ਆਉਂਦੇ ਹਨ।

## ਅਨੰਦ

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
{ਪੰਨਾ ੯੧੭}

ਇਹ ਬਾਣੀ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਦੇ ਪਾਵਨ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ ਹੈ। ਇਸ ਬਾਣੀ ਦੀਆਂ ੪੦ ਪਉੜੀਆਂ ਹਨ। ਇਹ ਲੰਮੇਰੀਆਂ ਬਾਣੀਆਂ ਵਿੱਚੋਂ ਇੱਕ ਹੈ। ਇਹ ਬਾਣੀ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ੫ ਬਾਣੀਆਂ ਵਿੱਚ ਆਖਰੀ ਬਾਣੀ ਹੈ। ਜਦੋਂ ਇਸ ਸੰਸਾਰ ਦੇ ਅੰਦਰ ਜੀਵ ਨੂੰ ਜੰਮਦੇ ਨੂੰ ਹੀ ਮਾਂ ਪਿਉ ਆਦਿਕ ਦੇ ਪਿਆਰ ਦੀ ਰਾਹੀਂ ਮਾਇਆ ਆ ਘੇਰਦੀ ਹੈ। ਫਿਰ ਸਾਰੀ ਉਮਰ ਮਾਇਆ ਦੇ



Scanned by CamScanner

ਹੱਥਾਂ ਵਿੱਚ ਜੀਵ ਮਾਇਆ ਦੇ ਇਸ਼ਾਰਿਆਂ ਉਪਰ ਹੀ ਨੱਚਦਾ ਰਹਿੰਦਾ ਹੈ ਤੇ ਦੁੱਖਾਂ ਵਿੱਚ ਦੁਖੀ ਰਹਿੰਦਾ ਹੈ। ਜਿਸ ਮਨੁੱਖ ਉਤੇ ਪ੍ਰਮਾਤਮਾ ਮਿਹਰ ਕਰਦਾ ਹੈ ਉਸ ਨੂੰ ਗੁਰੂ ਪ੍ਰਮਾਤਮਾ ਦੇ ਨਾਲ ਮਿਲਾ ਲੈਂਦਾ ਹੈ। ਗੁਰੂ ਦੀ ਬਾਣੀ ਦੀ ਬਖਸ਼ਿਸ਼ ਦੇ ਨਾਲ ਮਨੁੱਖ ਦੀ ਮਾਇਕ ਭਟਕਣਾ ਦੂਰ ਹੋ ਜਾਂਦੀ ਹੈ, ਕੋਈ ਦੁੱਖ ਵਿਕਾਰ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ਹਰ ਵੇਲੇ ਉਸ ਦਾ ਮਨ ਖਿੜਿਆ ਰਹਿੰਦਾ ਹੈ। ਜੀਵ ਦੇ ਅੰਦਰ ਹਰ ਵੇਲੇ ਉਸ ਦੇ ਅੰਦਰ ਆਨੰਦ ਬਣਿਆ ਰਹਿੰਦਾ ਹੈ।

## ਸਦੁ

ਜਗਿ ਦਾਤਾ ਸੋਇ ਪੰਨਾ-੯੨੩

ਇਸ ਬਾਣੀ ਦੇ ਵਿੱਚ ੬ ਬੰਦ ਆਉਂਦੇ ਹਨ। ਸਦੁ—ਲਫ਼ਜ਼ 'ਸਦੁ' ਪੰਜਾਬੀ ਬੋਲੀ ਵਿੱਚ ਆਮ ਵਰਤਿਆ ਜਾਂਦਾ ਹੈ। ਇਸ ਦਾ ਅਰਥ ਹੈ ਵਾਜ, ਬੁਲਾਵਾ । ਇਹ ਲਫ਼ਜ਼ ਸੰਸਕ੍ਰਿਤ ਦੇ ਲਫ਼ਜ਼ 'ਸਬਦ' ਦਾ ਪ੍ਰਾਕ੍ਰਿਤ ਰੂਪ ਹੈ 'ਸੱਦ' ਜੋ ਪੰਜਾਬੀ ਵਿੱਚ ਵੀ 'ਸੱਦੁ' ਹੈ। ਸੰਸਕ੍ਰਿਤ ਦੇ ਤਾਲਵੀ 'ਸ਼'(ਸ਼) ਦੇ ਥਾਂ ਪ੍ਰਾਕ੍ਰਿਤ ਵਿਚ ਦੰਤਵੀ'ਸ'ਰਹਿ ਗਿਆ ਅਤੇ ਦੋ ਅੱਖਰਾਂ ਦੇ ਥਾਂ ਇੱਕ ਅੱਖਰ'ਦ'ਦੀ ਹੀ ਦੋਹਰੀ ਆਵਾਜ਼ ਰਹਿ ਗਈ। ਰਾਮਕਲੀ ਰਾਗ ਵਿੱਚ ਲਿਖੀ ਹੋਈ ਇਸ ਬਾਣੀ ਦਾ ਨਾਮ 'ਸਦੁ' ਹੈ, ਇਥੇ ਇਸ ਦਾ ਭਾਵ ਹੈ'ਰੱਬ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ {ਬੁਲਾਵਾ}। ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੀ ਵਸੀਅਤ ਰੂਪ ਵਿੱਚ ਲਿਖਵਾਈ ਸੀ ਜੋ ਸਤਿਗੁਰਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਜੀ ਨੇ ਲਿਖੀ ਸੀ।

## ਰੁਤੀ ਸਲੋਕੁ

ਇਹ ਬਾਣੀ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੁਆਰਾ ਉਚਾਰਨ ਕੀਤੀ ਹੈ। ਇਸ ਦੇ ਅੰਦਰ ਗਏ ਹਨ। ਅੰਕ ੧ ਦੱਸਦਾ ਹੈ ਕਿ ਇਹ ਅੱਠ 'ਬੰਦਾਂ' ਵਾਲਾ ਇੱਕੋ ਹੀ ਸਾਬਤ ਛੰਤ ਹੈ। ਇਸ ਦੇ ੮ ਬੰਦ ਹਨ। ਇਸ ਬਾਣੀ ਦੇ ਅੰਦਰ ਹਰੇਕ ਛੰਤ ਦੇ ਨਾਲ ਸਲੋਕ ਅੰਕਿਤ ਵੀ ਕੀਤਾ ਗਿਆ ਹੈ। ਇਹਨਾਂ ਵਿੱਚ ੬ ਰੁੱਤਾਂ ਦਾ ਜਿਕਰ ਕੀਤਾ ਗਿਆ ਹੈ। ਜਿਵੇਂ ਬਾਰਾਮਾਹ ਦੀ ਬਾਣੀ ਅੰਦਰ ੧੨ ਮਹੀਨਿਆਂ ਦੇ ਬਾਰੇ ਜਿਕਰ ਕੀਤਾ ਹੈ ਉਸ ਤਰ੍ਹਾਂ ਜੀਵ ਨੇ ਬਾਹਰੀ ਰੁੱਤਾਂ ਦੇ ਨਾਲ ਆਪਣਾ ਆਤਮਿਕ ਜੀਵਨ ਕਿਵੇਂ ਜੀਉਣਾ ਹੈ ਪੂਰੀ ਤਰ੍ਹਾਂ ਸਮਝਾਇਆ ਗਿਆ ਹੈ।

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥

{ਪੰਨਾ ੯੨੭-੯੨੮}

ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥ {ਪੰਨਾ ੯੨੮}



Scanned by CamScanner

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥ {ਪੰਨਾ ੯੨੮}
ਰੁਤਿ ਸ਼ਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥ {ਪੰਨਾ ੯੨੮}
ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥
{ਪੰਨਾ ੯੨੮-੯੨੯}
ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥{ਪੰਨਾ ੯੨੯}

## ਰਾਮਕਲੀ ਮਹਲਾ ੧ ਦਖਣੀ ਓਅੰਕਾਰ

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥੧॥ {ਪੰਨਾ ੯੨੯-੯੩੦

ਇਸ ਬਾਣੀ ਦਾ ਨਾਮ 'ਓਅੰਕਾਰੁ' ਹੈ, 'ਦੱਖਣੀ ਓਅੰਕਾਰੁ' ਨਹੀਂ ਹੈ। ਇਹ ਲਫ਼ਜ਼ 'ਦਖਣੀ' ਦਾ ਸੰਬੰਧ ਲਫ਼ਜ਼ 'ਰਾਮ਼ਕਲੀ' ਰਾਗ਼ ਦੇ ਨਾਲ ਹੈ । 'ਰਾਮਕਲੀ ਦਖਣੀ' ਰਾਗਣੀ 'ਰਾਮਕਲੀ' ਦੀ ਇੱਕ ਕਿਸਮ ਹੈ । ਇਸ ਖ਼ਿਆਲ ਦੀ ਪ੍ਰੋੜ੍ਹਤਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਹੋਰ ਪ੍ਰਮਾਣ ਮਿਲਦੇ ਹਨ; ਜਿਵੇਂ :

੧. (ਪੰਨਾ ੧੦੩੩) ਮਾਰੂ ਮਹਲਾ ੧ ਦਖਣੀ, ਭਾਵ, ਮਾਰੂ ਦਖਣੀ ਮ: ੧ ।

੨. (ਪੰਨਾ ੮੪੩) ਬਿਲਾਵਲੁ ਮਹਲਾ ੧ ਛੰਤ ਦਖਣੀ; ਭਾਵ ਬਿਲਾਵਲੁ ਦਖਣੀ ਮ: ੧ ਛੰਤ।

੩. (ਪੰਨਾ ੧੫੨) ਗਉੜੀ ਮਹਲਾ ੧ ਦਖਣੀ, ਭਾਵ, ਗਉੜੀ ਦਖਣੀ ਮ: ੧ ।

੪. (ਪੰਨਾ ੫੮੦) ਵਡਹੰਸੁ ਮਹਲਾ ੧ ਦਖਣੀ; ਭਾਵ, ਵਡਹੰਸ ਦਖਣੀ ਮ: ੧ ।

੫. (ਪੰਨਾ ੧੩੪੩) ਪ੍ਰਭਾਤੀ ਮ: ੧ ਦਖਣੀ; ਭਾਵ, ਪ੍ਰਭਾਤੀ ਦਖਣੀ ਮ: ੧ ।

ਓਅੰਕਾਰਿ—ਓਅੰਕਾਰ ਤੋਂ ।ਕਾਰ' ਸੰਸਕ੍ਰਿਤ ਦਾ ਇਕ'ਪਿਛੇਤਰ'ਹੈ। ਇਸ ਦਾ ਅਰਥ ਹੈ ਇੱਕ-ਰਸ, ਲਗਾਤਾਰ,ਵਿਆਪਕ। ਓਅੰ+ਕਾਰ, ਇੱਕ-ਰਸ ਓਅੰ, ਸਰਬ-ਵਿਆਪਕ ਓਅੰ, ਸਰਬ ਵਿਆਪਕ ਪਰਮਾਤਮਾ ।ਪਾਠਸ਼ਾਲਾਂ ਵਿੱਚ ਪਾਂਧੇ ਲੋਕ ਬੱਚਿਆਂ ਨੂੰ ਪੜ੍ਹਾਉਣ ਵੇਲੇ ਉਹਨਾਂ ਦੀ ਪੱਟੀ ਤੇ ਲਫ਼ਜ਼ ਓਅੰ ਨਮਹ ਲਿਖ ਦੇਂਦੇ ਸਨ, ਜਿਸ ਦਾ ਅਰਥ ਹੈ 'ਓਅੰ ਨੂੰ ਨਮਸਕਾਰ ਹੈ, ਪਰਮਾਤਮਾ ਨੂੰ ਨਮਸਕਾਰ ਹੈ। ਪਹਿਲੀ ਉਦਾਸੀ ਵਿਚ ਗੁਰੂ ਨਾਨਕ ਦੇਵ ਜੀ



Scanned by CamScanner

ਜਦੋਂ ਸੰਗਲਾਦੀਪ ਤੋਂ ਮੁੜ ਕੇ ਸੋਮਨਾਥ ਦੁਆਰਕਾ ਹੁੰਦੇ ਹੋਏ ਦਰਿਆ ਨਰਬਦਾ ਦੇ ਕੰਢੇ ਕੰਢੇ ਉਸ ਥਾਂ ਅੱਪੜੇ ਜਿਥੇ ਓਅੰਕਾਰ ਦਾ ਮੰਦਰ ਹੈ। ਉਹਨਾਂ ਵੇਖਿਆ ਕਿ ਲੋਕ ਮੰਦਰ ਵਿੱਚ ਥਾਪੀ ਹੋਈ ਸ਼ਿਵ-ਮੂਰਤੀ ਨੂੰ 'ਓਅੰਕਾਰ' ਮਿੱਥ ਕੇ ਪੂਜਾ ਕਰਦੇ ਹਨ। ਮੰਦਰ ਦੀ ਪਾਠ-ਸ਼ਾਲਾ ਦੇ ਚਾਟੜੇ ਪੱਟੀਆਂ ਉਤੇ 'ਓਅੰ ਨਮਹ ਲਿਖਦੇ ਲਿਖਾਂਦੇ ਹਨ। ਪਰ ਉਹ ਵੀ ਉਸ ਸ਼ਿਵ-ਮੂਰਤੀ ਨੂੰ ਹੀ 'ਓਅੰ' ਸਮਝ ਰਹੇ ਸਨ। ਇਸ ਪਹਿਲੀ ਪਉੜੀ ਵਿੱਚ ਇਹ ਦੋਵੇਂ ਭੁਲੇਖੇ ਸਮਝਾਏ ਗਏ ਹਨ। ਓਅੰ ਨਮਹ, ਓਅੰ ਨੂੰ ਨਮਸਕਾਰ। ਓਨਮ ਅਖਰ—ਉਹ ਹਸਤੀ ਜਿਸ ਦੇ ਵਾਸਤੇ ਲਫ਼ਜ਼ 'ਓਨਮ' ਵਰਤਿਆ ਗਿਆ ਹੈ। ਓਨਮ ਅਖਰ ਬੀਚਾਰੁ—ਉਸ ਹਸਤੀ ਦਾ ਵਿਚਾਰ ਜਿਸ ਦੇ ਵਾਸਤੇ ਲਫ਼ਜ਼ ਓਨਮ ਵਰਤ ਰਹੇ ਹੋ। ਇਸ ਬਾਣੀ 'ਓਅੰਕਾਰ' ਦੀਆਂ ੫੪ ਪਉੜੀਆਂ ਹਨ। ਇਸ ਬਾਣੀ ੧ ਰਹਾਉ ਦਾ ਬੰਦ ਆਉਦਾ ਹੈ।

ਓਅੰਕਾਰਿ ਬ੍ਰਹਮਾ ਉਤਪਤਿ ਪੰਨਾ-੯੨੯

## ਸਿਧ ਗੋਸਟਿ ਪੰਨਾ ੯੩੮

ਸੰਨ ੧੫੨੧ ਵਿੱਚ ਤੀਜੀ 'ਉਦਾਸੀ' ਤੋਂ ਵਾਪਸ ਆ ਕੇ ਗੁਰੂ ਨਾਨਕ ਦੇਵ ਜੀ ਪੱਕੇ ਤੌਰ ਤੇ ਕਰਤਾਰਪੁਰ ਵਿੱਚ ਰਹਿਣ ਲੱਗ ਗਏ ਸਨ । ਕਰਤਾਰਪੁਰ ਸੰਨ ੧੫੧੫ ਦੇ ਅਖੀਰ ਵਿੱਚ ਵਸਾਇਆ ਗਿਆ ਸੀ। ਜਦੋਂ ਸਤਿਗੁਰੂ ਜੀ ਪਹਿਲੀ 'ਉਦਾਸੀ' ਤੋਂ ਵਾਪਸ ਮੁੜ ਕੇ ਤਲਵੰਡੀ ਮਾਪਿਆਂ ਨੂੰ ਮਿਲਣ ਪਿਛੋਂ ਪੱਖੋਕੇ ਰੰਧਾਵੇ ਆਪਣੀ ਇਸਤ੍ਰੀ ਤੇ ਬੱਚਿਆਂ ਨੂੰ ਮਿਲਣ ਆਏ ਸਨ। ਸਤਿਗੁਰੂ ਜੀ ਨੇ ਸਿਰਫ ਤਿੰਨ 'ਉਦਾਸੀਆਂ' ਕੀਤੀਆਂ ਸਨ ।

ਕਰਤਾਰਪੁਰ (ਅੱਜ ਕੱਲ ਪਾਕਿਸਤਾਨ ਵਿੱਚ ਹੈ।) ਰਾਵੀ ਦੇ ਉੱਤਰੀ ਕੰਢੇ ਤੇ ਹੈ। ਇਥੋਂ ਬਟਾਲਾ ਨਗਰ ਤਕਰੀਬਨ ੨੧ ਮੀਲਾਂ ਦੀ ਵਿੱਥ ਤੇ ਦੱਖਣ ਪਾਸੇ ਹੈ। ਡੇਹਰਾ ਬਾਬਾ ਨਾਨਕ ਤੋਂ ਬਟਾਲੇ ਨੂੰ ਸਿੱਧੀ ਸੜਕ ਜਾਂਦੀ ਹੈ । ਡੇਰਾ ਬਾਬਾ ਨਾਨਕ ਰਾਵੀ ਦੇ ਦੱਖਣੀ ਕੰਢੇ ਤੇ ਹੈ। ਬਟਾਲੇ ਤੋਂ ਦੱਖਣ ਨੂੰ ਇੱਕ ਸੜਕ{ਜਿਸ ਨੂੰ ਅੱਜ ਕੱਲ ਜਲੰਧਰ ਰੋਡ ਤੇ} ਜਾਂਦੀ ਹੈ। ਇਸ ਸੜਕ ਉਤੇ ਬਟਾਲੇ ਤੋਂ ਤਿੰਨ ਮੀਲਾਂ ਦੀ ਵਿੱਥ ਤੇ ਇੱਕ ਮੰਦਰ ਹੈ ਜਿਸ ਦਾ ਨਾਮ 'ਅੱਚਲ' ਹੈ। ਇਹ ਮੰਦਰ ਜੋਗੀਆਂ ਦਾ ਹੈ। ਇਥੇ ਹਰ ਸਾਲ ਫੱਗਣ ਦੇ ਮਹੀਨੇ ਇਥੇ ਮੇਲਾ ਲੱਗਦਾ ਸੀ। ਇਸ ਵਿੱਚ ਜੋਗੀ ਲੋਕ ਦੂਰੋਂ ਦੂਰੋਂ ਇਥੇ ਆ ਕੇ ਇਕੱਠੇ ਹੁੰਦੇ ਸਨ। ਚੁਗਿਰਦੇ ਪਿੰਡਾਂ ਦੇ ਲੋਕ ਇਹਨਾਂ ਜੋਗੀਆਂ ਦੀ ਬੜੀ ਮਾਨਤਾ-ਪੂਜਾ ਕਰਦੇ ਸਨ ।

ਸੰਨ ੧੫੩੯ ਵਿੱਚ ਇਸ ਮੇਲੇ ਤੇ ਗੁਰੂ ਨਾਨਕ ਦੇਵ ਜੀ ਵੀ ਕਰਤਾਰਪੁਰੋਂ ਚੱਲ ਕੇ ਅੱਚਲ ਗਏ । ਜੋਗੀ ਪਿੰਡਾਂ ਦੇ ਭੋਲੇ ਲੋਕਾਂ ਉਤੇ ਆਪਣੀਆਂ ਰਿੱਧੀਆਂ ਸਿੱਧੀਆਂ ਦਾ ਪ੍ਰਭਾਵ



Scanned by CamScanner

ਪਾ ਰਹੇ ਸਨ। ਇਹਨਾਂ ਲੋਕਾਂ ਦੀ ਰਾਸਿ-ਪੂੰਜੀ ਨੂੰ ਆਪਣੀਆਂ ਕਰਾਮਾਤਾਂ ਦੇਖਾਕੇ ਲੁੱਟਦੇ ਸਨ। ਕਿਸੇ ਨੂੰ ਵਰ ਦਾ ਲਾਲਚ ਦੇਣਾ ਤੇ ਕਿਸੇ ਨੂੰ ਸਰਾਪ ਤੋਂ ਡਰਾਕੇ ਇਹਨਾਂ ਲੋਕਾਂ ਕੋਲੋਂ ਲੈ ਲੈਂਦੇ ਸਨ। ਇਹਨਾਂ ਕੋਲ ਇਹੀ ਹਥਿਆਰ ਸੀ, ਜਿਸ ਦੇ ਅਸਰ ਹੇਠ ਗ੍ਰਿਹਸਤੀ ਲੋਕ ਇਹਨਾਂ ਦੀ ਮਾਨਤਾ ਕਰਦੇ ਸਨ। ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਦਾ ਅਸਰ ਵੱਧ ਰਿਹਾ ਸੀ। ਲੋਕਾਂ ਦੇ ਦਿਲਾਂ ਵਿਚੋਂ ਜੋਗੀਆਂ ਦੀ ਕਦਰ ਘੱਟ ਰਹੀ ਸੀ । ਜੋਗੀਆਂ ਨੂੰ ਵੀ ਗੁਰੂ ਨਾਨਕ ਦੇਵ ਜੀ ਕੰਡੇ ਚੁੱਭ ਰਿਹੇ ਸਨ।

ਜਦੋਂ ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਅੱਚਲ ਦੇ ਮੇਲੇ ਤੇ ਆਇਆ ਹੋਇਆ ਵੇਖਿਆ, ਤਾਂ ਉਹਨਾਂ ਆਪਸ ਵਿੱਚ ਮਤਾ ਪਕਾਇਆ ਕਿ ਹੁਣ ਮੌਕਾ ਹੈ ਜਾਂਦਾ ਰਸੂਖ਼ ਮੁੜ ਬਣਾਉਣ ਦਾ ਲੋਕ੍ਰਾਂ ਨੂੰ ਕਰਾਮਾਤਾਂ ਵਿਖਾ ਕੇ ਆਪਣੀ ਬਜ਼ੁਰਗੀ ਦਾ ਸਿੱਕਾ ਬਿਠਾਈਏ। ਜਦੋਂ ਗੁਰੂ ਨਾਨਕ ਦੇਵ ਜੀ ਕੋਈ ਕਰਾਮਾਤ ਨਹੀਂ ਵਿਖਾਵੇਗਾ ਤਾਂ ਸਾਡੀਆਂ ਕਰਾਮਾਤਾਂ ਦੇ ਨਾਲ ਲੋਕਾਂ ਵਿੱਚ ਸਾਡੀ ਪਹਿਚਾਨ ਬਣ ਜਾਵੇਗੀ।

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥ (੧-੩੯)

ਜੋਗੀਆਂ ਨੇ ਲੋਕਾਂ ਨੂੰ ਕਈ ਚਮਤਕਾਰੇ ਵਿਖਾਏ । ਫਿਰ ਗੁਰੂ ਨਾਨਕ ਦੇਵ ਜੀ ਨੂੰ ਵੰਗਾਰਿਆ। ਪਰ ਸਤਿਗੁਰੂ ਜੀ ਨੇ ਸਿਰਫ਼ ਇਹ ਸਾਦਾ ਜਿਹਾ ਉੱਤਰ ਦਿੱਤਾ ਕਿ ਸਾਡੇ ਪਾਸ ਤਾਂ ਕੇਵਲ ਪ੍ਰਭੂ ਦੀ ਯਾਦ ਹੀ ਯਾਦ ਹੈ। ਜਿਸ ਦੀ ਬਰਕਤਿ ਨਾਲ ਸਾਨੂੰ ਉਹ ਸਭ ਜੀਵਾਂ ਵਿੱਚ ਦਿੱਸਦਾ ਹੈ। ਲੋਕਾਂ ਨੂੰ ਡਰਾਣ ਦੇ ਥਾਂ ਉਹਨਾਂ ਨਾਲ ਪਿਆਰ ਕਰਨਾ ਹੀ ਪ੍ਰਭੂ ਸਿਖਾਉਂਦਾ ਹੈ। ਸਾਨੂੰ ਸਭ ਤੋਂ ਵੱਡੀ ਕਰਾਮਾਤ ਇਹੀ ਦਿੱਸਦੀ ਹੈ ਤੇ ਇਹ ਕਰਮਾਤ ਮਿਲਦੀ ਹੈ ਸਾਧ-ਸੰਗਤਿ ਵਿਚੋਂ ਪ੍ਰਾਪਤ ਹੁੰਦੀ ਹੈ।

ਸੁਣਨ ਅਤੇ ਵੇਖਣ ਵਾਲੇ ਲੋਕਾਂ ਨੂੰ ਜੋਗੀਆਂ ਦੇ ਤਮਾਸ਼ਿਆਂ ਨਾਲੋਂ ਗੁਰੂ ਨਾਨਕ ਦੇਵ ਜੀ ਦਾ ਉੱਤਰ ਵੱਧ ਚੰਗਾ ਲੱਗਾ। ਉਹਨਾਂ ਦੇ ਰਸੂਖ਼ ਉਤੇ ਸਗੋਂ ਇਕ ਹੋਰ ਚੋਟ ਵੱਜੀ। ਹੁਣ ਉਹਨਾਂ ਨੇ ਨਵਾਂ ਪੈਂਤੜਾ ਬਦਲਿਆ। ਸਾਰੇ ਜੋਗੀ ਸਤਿਗੁਰੂ ਜੀ ਦੇ ਦੁਆਲੇ ਬਹਿਸ ਕਰਨ ਲਈ ਇਕੱਠੇ ਹੋ ਗਏ। ਜੋ ਵਿਚਾਰ ਚਰਚਾ ਜੋਗੀਆਂ ਅਤੇ ਗੁਰੂ ਨਾਨਕ ਦੇਵ ਜੀ ਨਾਲ ਹੋਈ ਸੀ। ਉਹ ਸਾਰੇ ਸਵਾਲ ਜੁਆਬ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਨਾਲ ਸਿੱਧਾਂ ਨਾਲ ਹੋਏ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਨੇ "ਸਿਧ ਗੋਸਟਿ" ਨਾਮ ਦੇ ਸਿਰਲੇਖ ਹੇਠਾਂ ਬਾਣੀ ਦਰਜ ਕਰ ਦਿੱਤੀ। ਇਸ "ਸਿਧ ਗੋਸਟਿ" ਦੀ ਬਾਣੀ ਵਿੱਚ ਸਤਿਗੁਰੂ ਜੀ ਨੇ ਸਿਰਫ਼ ਦੋ ਸਿੱਧਾਂ ਦਾ ਨਾਮ ਲਿਖਿਆ ਹੈ— ਚਰਪਟ ਅਤੇ ਲੋਹਾਰੀਪਾ। ਵਿਚਾਰ ਚਰਚਾ ਛੇੜਨ ਵਾਲੇ ਇਹੀ ਦੋਵੇਂ ਪ੍ਰਮੁੱਖ ਸਿੱਧ ਸਨ। ਪਰ ਉਸ ਸਮੇਂ ਹੋਰ ਵੀ ਜੋਗੀਆਂ ਨੇ ਵੀ ਕਈ ਪ੍ਰਸ਼ਨ ਪੁੱਛਦੇ ਰਹੇ ਹੋਣਗੇ। ਗੁਰੂ ਨਾਨਕ ਦੇਵ ਜੀ ਨੇ



Scanned by CamScanner

ਉਹ ਸਾਰੇ ਪ੍ਰਸ਼ਨ ਤੇ ਆਪਣੇ ਵੱਲੋਂ ਦਿੱਤੇ ਹੋਏ ਉੱਤਰ ਤਾਂ "ਸਿਧ ਗੋਸਟਿ" ਵਿੱਚ ਦਰਜ ਕਰ ਦਿੱਤੇ ਹਨ। ਇਸ ਸਾਰੀ ਬਾਣੀ ਵਿੱਚ ਉਸ 'ਚਰਚਾ' ਦਾ ਜ਼ਿਕਰ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਹੋਈ। ਉਸ 'ਚਰਚਾ' ਦਾ ਮਜ਼ਮੂਨ "ਸਿਧ ਗੋਸਟਿ", ਭਾਵ, "ਪਰਮਾਤਮਾ ਨਾਲ ਮਿਲਾਪ"ਹੈ। ਇਸ ਬਾਣੀ ਦੀਆਂ ੭੩ ਪਉੜੀਆਂ ਹਨ ਅਤੇ ਇਸ ਬਾਣੀ ੧ ਰਹਾਉ ਦਾ ਬੰਦ ਆਉਂਦਾ ਹੈ। ਇਹ ਗੋਸ਼ਟਿ ਬਟਾਲੇ (ਜ਼ਿਲਾ ਗੁਰਦਾਸਪੁਰ) ਦੇ ਲਾਗੇ 'ਅੱਚਲ' ਤੇ ਹੋਈ ਸੀ । ਸਤਿਗੁਰੂ ਜੀ 'ਸ਼ਿਵਰਾਤਿ' ਦਾ ਮੇਲਾ ਸੁਣ ਕੇ ਕਰਤਾਰਪੁਰੋਂ ਆਏ ਸਨ ਤੇ ਇਸ ਵੇਲੇ ਗ੍ਰਿਹਸਤੀ ਲਿਬਾਸ ਵਿੱਚ ਸਨ, ਤਾਹੀਏਂ ਭੰਗਰਨਾਥ ਨੇ ਪੁੱਛਿਆ ਸੀ—

"ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ ॥"

ਦੂਜੀ 'ਉਦਾਸੀ' ਵਿੱਚ ਇਹਨਾਂ ਸਿੱਧਾਂ ਨੂੰ ਸੁਮੇਰ ਪਰਬਤ ਤੇ ਮਿਲੇ ਸਨ। ਉਸ ਸਮੇਂ ਗੁਰੂ ਨਾਨਕ ਦੇਵ ਜੀ ਉਦਾਸੀ ਬਾਣੇ ਵਿੱਚ ਸਨ। ਗੁਰੂ ਨਾਨਕ ਦੇਵ ਜੀ ਨੂੰ ਕੁੱਝ ਖਾਸ ਸਵਾਲ ਪੁੱਛੇ ਜੋ ਕਿ ਰਹਿੱਸਵਾਦ, ਅਧਿਆਤਮਕ, ਪ੍ਰਮਾਤਮਾ ਦੇ ਮਿਲਾਪ ਦੀ ਗੱਲ ਨੂੰ ਨਾਲ ਲੈ ਕੇ ਸਨ ਜਿਵੇਂ ਕਿ:-

੧. ਤੁਹਾਡਾ ਮੱਤ ਕੀ ਹੈ?ਅਤੇ ਉਸ ਦਾ ਮਨੋਰਥ ਕੀਹ ਹੈ ?

੨. ਤੁਹਾਡੇ ਮੱਤ ਅਨੁਸਾਰ ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਲੰਘੀਦਾ ਹੈ ?

੩. ਗੁਰੂ ਦੀ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ, ਇਹ ਕਿਵੇਂ ਪਤਾ ਲੱਗੇ ਕਿ ਗੁਰੂ ਮਿਲ ਪਿਆ ਹੈ ?

੪. ਉਹ ਕੌਣ ਹੈ ਜਿਸ ਨੂੰ ਤੁਸੀ "ਭਰਪੁਰਿ ਰਹਿਆ" ਆਖਦੇ ਹੋ ?

੫. ਉਸ ਵਿੱਚ ਮਨੋਂ ਤਨੋਂ ਕਿਵੇਂ ਲੀਨ ਹੋ ਕੇ ਮੁਕਤਿ ਹੋ ਸਕੀਦਾ ਹੈ ?

੬. ਇਹ ਜੀਵ ਕਿਵੇਂ ਐਸਾ ਬੱਝਾ ਪਿਆ ਹੈ ਕਿ ਸੱਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ?ਇਹ ਅੱਗੋਂ ਆਪਣੇ ਬਚਾਉ ਲਈ ਭੱਜ ਵੀ ਨਹੀਂ ਸਕਦਾ ?

੭. ਤੁਸੀਂ ਵੀ ਉਦਾਸੀ ਭੇਖ ਧਾਰਿਆ ਹੋਇਆ ਹੈ? ਜੇ "ਹਾਟੀ ਬਾਟੀ" ਨੂੰ ਤਿਆਗਣਾ ਨਹੀਂ, ਤਾਂ ਤੁਸਾਂ ਕਿਉਂ ਘਰ ਛੱਡਿਆ ਸੀ ?ਤੁਸੀਂ ਆਪਣੇ ਸਿੱਖਾਂ ਨੂੰ ਕਿਹੜਾ ਰਸਤਾ ਦੱਸਦੇ ਹੋ ?

੮. ਦੁਨੀਆਂ ਵਿੱਚ ਰਹਿ ਕੇ ਮਾਇਆ ਦੇ ਪ੍ਰਭਾਵ ਤੋਂ ਬਚਣਾ ਇਉਂ ਹੀ ਬੜਾ ਔਖਾ ਹੈ। ਜਿਵੇਂ ਕੋਈ ਮਨੁੱਖ ਦੰਦਾਂ ਤੋਂ ਬਿਨ੍ਹਾਂ ਲੋਹਾ ਚੱਬਣ ਦੀ ਕੋਸ਼ਿਸ਼ ਕਰੇ। ਹੇ ਨਾਨਕ ! ਤੂੰ ਆਪਣੀ ਜ਼ਿੰਦਗੀ ਕਿਵੇਂ ਪਲਟ ਲਈ ? ਮਨ ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ



Scanned by CamScanner

ਮੁੱਕਾ ਲਏ ? ਰੱਬੀ ਪ੍ਰਕਾਸ਼ ਤੈਨੂੰ ਕਿਵੇਂ ਮਿਲ ਪਿਆ ?

੯. ਸ੍ਰਿਸ਼ਟੀ ਦੀ ਉਤਪਤੀ ਬਾਰੇ ਤੁਹਾਡਾ ਕੀ ਖ਼ਿਆਲ ਹੈ?ਜਦੋਂ ਜਗਤ ਨਹੀਂ ਹੁੰਦਾ,ਉਸ ਸਮੇਂ ਨਿਰਗੁਣ-ਰੂਪ ਪ੍ਰਭੂ ਕਿੱਥੇ ਟਿਕਿਆ ਰਹਿੰਦਾ ਹੈ ? ਇਹ ਜੀਵ ਕਿਥੋਂ ਆਉਂਦਾ ਹੈ ? ਕਿਥੇ ਚਲਾ ਜਾਂਦਾ ਹੈ ?

੧੦. ਗਿਆਨ ਪ੍ਰਾਪਤ ਕਰਨ ਦਾ ਕੀ ਸਾਧਨ ਹੈ ?ਮੌਤ ਦਾ ਡਰ ਕਿਵੇਂ ਦੂਰ ਕੀਤਾ ਜਾ ਸਕੀਦਾ ਹੈ ?ਕਾਮਾਦਿਕ ਵੈਰੀਆਂ ਨੂੰ ਕਿਵੇਂ ਜਿੱਤੀਦਾ ਹੈ ?

੧੧. ਮਨੁੱਖ ਕਿਸ ਆਸਰੇ ਜੀਊਂਦਾ ਰਹਿ ਸਕਦਾ ਹੈ ? ਕਿਸ ਦੀ ਸਿੱਖਿਆ ਉਤੇ ਤੁਰ ਕੇ ਮਨੁੱਖ ਦੁਨੀਆ ਵਿੱਚ ਰਹਿੰਦਾ ਹੋਇਆ ਵੀ ਮਾਇਆ ਦੇ ਮੋਹ ਤੋਂ ਬਚਿਆ ਰਹਿ ਸਕਦਾ ਹੈ ?

੧੨. ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਚੱਬਿਆ ਜਾਏ ? ਬਰਫ਼ ਦੇ ਘਰ ਦੇ ਦੁਆਲੇ ਜੇ ਅੱਗ ਦਾ ਗੋਲਾ ਪਾਇਆ ਹੋਵੇ, ਤਾਂ ਕਿਹੜੀ ਗੁਫ਼ਾ ਵਰਤੀਏ ਜਿਥੇ ਉਹ ਬਰਫ਼ ਪੱਘਰ ਨਾਂਹ ਜਾਏ ?

੧੩. ਉਹ ਕਿਹੜਾ ਵਸੀਲਾ ਹੈ ਜਿਸ ਨਾਲ ਬਰਫ਼ ਦਾ ਘਰ-ਚੰਦ੍ਰਮਾ ਆਪਣਾ ਪ੍ਰਭਾਵ ਪਾਈ ਰੱਖੇ ? ਕਿਸ ਤਰ੍ਹਾਂ ਸੂਰਜ ਸਦਾ ਤਪਿਆ ਰਹੇ ? ਮੌਤ ਦਾ ਸਹਿਮ ਕਿਵੇਂ ਦੂਰ ਹੋਵੇ ?

੧੪. ਭੈੜੀ ਮੱਤੇ ਲੱਗ ਕੇ ਮਨੁੱਖ ਇੱਜ਼ਤ-ਇਤਬਾਰ ਗਵਾ ਲੈਂਦਾ ਹੈ?ਹਰ ਵੇਲੇ ਸਹਿਮਿਆ ਵੀ ਰਹਿੰਦਾ ਹੈ । ਇਸ ਭੈੜੀ ਮੱਤ ਤੋਂ ਖ਼ਲਾਸੀ ਕਿਵੇਂ ਮਿਲੇ ?

੧੫. ਜਿਸ ਸ਼ਬਦ ਦੀ ਬਾਬਤ ਤੁਸੀਂ ਆਖਦੇ ਹੋ ਕਿ ਉਸ ਦੀ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ? ਉਸ ਸ਼ਬਦ ਦਾ ਨਿਵਾਸ ਕਿੱਥੇ ਹੈ? ਇਹ ਦਸ-ਉਂਗਲ-ਪ੍ਰਮਾਣ ਪ੍ਰਾਣ ਕਿਸ ਦੇ ਆਸਰੇ ਹਨ ?

੧੬. ਪ੍ਰਾਣਾਂ ਦਾ ਆਸਰਾ ਕੀ ਹੈ ? ਗਿਆਨ ਦੀ ਪ੍ਰਾਪਤੀ ਦਾ ਕਿਹੜਾ ਸਾਧਨ ਹੈ ? ਮਨ ਕਿਵੇਂ ਸਦਾ ਟਿਕਿਆ ਰਹਿ ਸਕਦਾ ਹੈ ?

੧੭. ਜਿਸ ਸ਼ਬਦ ਦੀ ਰਾਹੀਂ ਤੁਹਾਡੇ ਮੱਤ-ਅਨੁਸਾਰ ਮਨ ਦੀ ਭਟਕਣਾ ਮੁੱਕਦੀ ਹੈ ਉਹ ਸ਼ਬਦ ਕਿਥੇ ਵੱਸਦਾ ਹੈ ?

੧੮. ਜਦੋਂ ਨਾ ਇਹ ਹਿਰਦਾ ਸੀ, ਨਾ ਇਹ ਸਰੀਰ ਸੀ ਤਦੋਂ ਚੇਤਨ-ਸੱਤਾ ਦਾ ਟਿਕਾਣਾ ਕਿੱਥੇ ਸੀ?ਜਦੋਂ ਨਾਭੀ ਦਾ ਚੱਕਰ ਹੀ ਨਹੀਂ ਸੀ, ਤਦੋਂ ਸੁਆਸ ਕਿੱਥੇ ਟਿਕਦੇ ਸਨ ?



Scanned by CamScanner

ਜਦੋਂ ਕੋਈ ਰੂਪ ਰੇਖ ਨਹੀਂ ਸੀ, ਤਦੋਂ ਸ਼ਬਦ ਦਾ ਟਿਕਾਣਾ ਕਿੱਥੇ ਸੀ ? ਜਦੋਂ ਇਹ ਸਰੀਰ ਨਹੀਂ ਸੀ, ਤਦੋਂ ਮਨ ਪ੍ਰਭੂ ਵਿੱਚ ਕਿਵੇਂ ਜੁੜਦਾ ਸੀ ?

੧੯. ਜਗਤ ਕਿਉਂ ਪੈਦਾ ਹੁੰਦਾ ਹੈ ? ਤੇ, ਜਗਤ ਦੁਖੀ ਕਿਉਂ ਹੁੰਦਾ ਹੈ ?

ਜਿਵੇਂ ਇਹ ਸੁਆਲ ਪਹਿਲਾ ਹੀ ਰਹਾਉ ਦੇ ਬੰਦ ਵਿੱਚ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਪੁਛਿਆ:-

ਕਿਆ ਭਵੀਐ ? ਸਚਿ ਸੂਚਾ ਹੋਇ ॥
ਸਾਚ ਸਬਦ ਬਿਨੁ ਮੁਕਤਿ ਨ ਕੋਇ ॥

"ਸਿਧ ਗੋਸਟਿ" ਦਾ ਕੇਂਦਰੀ ਖ਼ਿਆਲ ਹੈ—ਗ੍ਰਿਹਸਤ ਛੱਡਣ ਦਾ ਕੋਈ ਲਾਭ ਨਹੀਂ। ਗ੍ਰਿਹਸਤ ਛੱਡਿਆਂ ਸੁੱਚਾ ਨਹੀਂ ਹੋ ਸਕੀਦਾ,ਮਾਇਆ ਦੇ ਬੰਧਨਾਂ ਤੋਂ ਆਜ਼ਾਦੀ ਨਹੀਂ ਮਿਲਦੀ। ਪਰਮਾਤਮਾ ਦੀ ਯਾਦ ਵਿੱਚ ਜੁੜਿਆਂ ਹੀ ਮਨ ਪਵਿੱਤ੍ਰ ਹੁੰਦਾ ਹੈ । ਜਦੋਂ ਤੱਕ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਵਿਚ ਮਨ ਨਾ ਜੁੜੇ, ਮਇਆ ਦੀ ਖਿੱਚ ਤੋਂ ਖ਼ਲਾਸੀ ਨਹੀਂ ਹੁੰਦੀ। ਇਹਨਾਂ ਸਾਰਿਆਂ ਸਵਾਲਾਂ ਦੇ ਜਵਾਬ ਇਸ ਸਿੱਧ ਗੋਸਟਿ ਬਾਣੀ ਅੰਦਰ ਅੰਕਿਤ ਹੈ।

## ਕਾਫੀ

ਪੰਨਾ-੧੦੧੪

ਇਹ ਇੱਕ ਰਾਗਣੀ ਹੈ। ਜੋ ਕਿ ਕਾਫੀ ਠਾਟ ਦੀ ਸੰਪੂਰਣ ਰਾਗਣੀ ਹੈ। ਇਸ ਵਿੱਚ ਗਾਂਧਾਰ ਸ਼ੁੱਧ ਅਤੇ ਕੋਮਲ ਦੋਵੇਂ ਅਤੇ ਨਿਸ਼ਾਦ ਕੋਮਲ ਲੱਗਦੇ ਹਨ। ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਪੰਚਮ ਵਾਦੀ ਸੁਰ ਅਤੇ ਸ਼ੜਜ ਸੰਵਾਦੀ ਸੁਰ ਲੱਗਦੇ ਹਨ। ਇਸ ਰਾਗਣੀ ਨੂੰ ਗਾਵਣ ਦਾ ਸਮਾਂ ਦਿਨ ਦਾ ੪ ਪਹਿਰ ਹੈ। ਕਈ ਵਿਦਵਾਨ ਇਸ ਨੂੰ ਧਮਾਰ ਦਾ ਨਾਂ ਵੀ ਦੇਂਦਾ ਹੈ। ਕਈ ਰਾਗਣੀ ਦਾ ਨਾਂ ਹੈ ਅਤੇ ਇਸਨੂੰ ਤਿਲੰਗ ਰਾਗ ਨਾਲ ਗਾਇਆ ਜਾਂਦਾ ਹੈ ਪ੍ਰੰਤੂ ਸਤਿਗੁਰਾਂ ਨੇ ਦੂਜਿਆਂ ਕਈ ਰਾਗਾਂ ਨਾਲ ਮਿਲਾ ਕੇ ਵੀ ਗਾਇਆ ਹੈ ਜਿਵੇਂ ਕਿ:-

(੧) ਰਾਗ ਆਸਾ ਘਰੁ ੮ ਕੇ ਕਾਫੀ ਮਹਲਾ ੪

{ਆਸਾ ਘਰੁ ੮ ਕੇ ਕਾਫੀ—ਲਫ਼ਜ਼ 'ਕੇ' ਪੁਲਿੰਗ ਹੈ। ਜੇ ਲਫ਼ਜ਼'ਕਾਫੀ''ਕਾਫ਼ੀਆਂ' ਵਾਸਤੇ ਹੁੰਦਾ ਤਾਂ 'ਕੇ' ਦੇ ਥਾਂ 'ਕੀਆਂ' ਹੁੰਦਾ। ਕਾਫੀ ਰਾਗ ਦਾ ਨਾਮ ਹੈ । ਆਸਾ ਘਰ ਅਠਵੇਂ ਦੇ ਦੋ ਸ਼ਬਦ ਰਾਗ ਕਾਫੀ ਨਾਲ ਮਿਲਾ ਕੇ ਗਾਏ ਜਾਣ ਵਾਲੇ।}

(੨) ਆਸਾ ਘਰੁ ੮ ਕਾਫੀ ਮਹਲਾ ੫

ਇਸ ਸਿਰਲੇਖ ਦੇ ਹੇਠ ੧੮ ਸ਼ਬਦ ਦਰਜ ਹਨ (ਪੰਨਾ ੩੯੬ ਤੋਂ ੪੦੧)। ਜੇ ਲਫ਼ਜ਼



Scanned by CamScanner

‘ਕਾਫੀ’ ਕਿਸੇ ਛੰਦ ਦਾ ਨਾਮ ਹੁੰਦਾ, ਤਾਂ ‘ਕਾਫੀ’ ਤੋਂ ਬਹੁ-ਵਚਨ ‘ਕਾਫੀਆਂ’ ਹੁੰਦਾ, ਜਿਵੇਂ‘ਅਸ਼ਟਪਦੀ’ਤੋਂ‘ਅਸ਼ਟਪਦੀਆਂ’ ਹੈ। ਸੋ, ਇਸ ਸਿਰਲੇਖ ਦਾ ਭਾਵ ਇਵੇਂ ਹੈ- ਆਸਾ ਕਾਫੀ ਮਹਲਾ ੫ ਘਰੁ ੮ ।

(੩) ‘ਆਸਾ ਕਾਫੀ ਮਹਲਾ ੧ ਘਰੁ ੮ ਅਸ਼ਟਪਦੀਆਂ’। ਇਥੇ ਤਾਂ ਕਿਸੇ ਸ਼ੱਕ ਦੀ ਲੋੜ ਹੀ ਨਹੀਂ ਹੈ। ‘ਆਸਾ-ਕਾਫੀ’ ਮਿਲਵਾਂ ਰਾਗ ਹੈ।

(੪) ‘ਤਿਲੰਗ ਮਹਲਾ ੯ ਕਾਫੀ’ ਦੇ ਥਾਂ ‘ਕਾਫੀਆਂ’ ਹੁੰਦਾ। ਇਹ ਤਿਲੰਗ-ਕਾਫੀ ਮਹਲਾ ੯ ਦਾ ਹੀ ਸਿਰਲੇਖ ਹੈ।

(੫) ‘ਸੂਹੀ ਮਹਲਾ ੯ ਕਾਫੀ ਘਰੁ ੧੦’। ਇਸ ਸਿਰ-ਲੇਖ ਹੇਠ ੩ ‘ਅਸਟਪਦੀਆਂ’ ਹਨ । ਅੰਕ ਨੰ: ੩ ਵਾਂਗ ਇਸ ਦਾ ਭਾਵ ਹੈ ‘ਸੂਹੀ-ਕਾਫੀ ਮਹਲਾ ੧ ਘਰੁ ੧੦’।

(੬) ‘ਰਾਗੁ ਸੂਹੀ ਮਹਲਾ ੫ ਅਸ਼ਟਪਦੀਆਂ ਘਰੁ ੧੦ ਕਾਫੀ’ ਇਥੇ ਦੋ ਅਸਟਪਦੀਆਂ ਹਨ, ਪਰ ਲਫ਼ਜ਼ ‘ਕਾਫੀ’ ਇੱਕ-ਵਚਨ ਹੈ। ਸੋ ਇਹ ਵੀ ‘ਸੂਹੀ-ਕਾਫੀ’ ਮਿਲਵਾਂ ਰਾਗ ਹੀ ਹੈ।

(੭) ‘ਮਾਰੂ ਕਾਫੀ ਮਹਲਾ ੧ ਘਰ ੨ (ਪੰਨਾ ੧੦੧੪) ।ਇਸ ਦੇ ਹੇਠਾਂ ੩ ਅਸਟਪਦੀਆਂ ਆਉਂਦੀਆਂ ਹਨ।ਲਫ਼ਜ਼‘ਕਾਫੀ’ਇੱਕ-ਵਚਨ ਹੈ। ਪੰਨਾ ੧੦੧੯ ਉੱਤੇ ਸਿਰ-ਲੇਖ ਹੈ ‘ਮਾਰੂ ਮਹਲਾ ੫ ਘਰੁ ੮ ਅੰਜੁਲੀਆ’। ‘ਅੰਜੁਲੀ’ ਇੱਕ-ਵਚਨ ਹੈ। ‘ਅੰਜੁਲੀਆ’ ਬਹੁ-ਵਚਨ । ਤਿਵੇਂ ਹੀ ਪੰਨਾ ੧੦੧੪ ਉਤੇ ਲਫ਼ਜ਼ ‘ਕਾਫੀ’ ਤੋਂ ਬਹੁ ਵਚਨ ‘ਕਾਫੀਆਂ’ ਹੁੰਦਾ ਹੈ।ਸੋ, ਗੁਰੂ ਗ੍ਰੰਥ ਸਾਹਿਬ ਵਿਚ ਲਫ਼ਜ਼ ‘ਕਾਫੀ’ ਰਾਗ ਕਾਫੀ ਵਾਸਤੇ ਹੈ, ਛੰਤ ਵਾਸਤੇ ਨਹੀਂ ਹੈ।ਇਹ ਰਾਗਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖਰੇ ਤੌਰ ਤੇ ਨਹੀਂ ਲਿਖੀ ਬਲਕਿ ਇਹ ਸਿਰਲੇਖ ਹੇਠਾਂ ਬਾਣੀ ਆਸਾ,ਤਿਲੰਗ,ਸੂਹੀ ਅਤੇ ਮਾਰੂ ਰਾਗਾਂ ਦੇ ਅੰਦਰ ਅੰਕਿਤ ਕੀਤੀ ਹੈ।

## ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ

ਕੁਝ ਸ਼ਬਦਾਂ ਦੇ ਸਿਰਲੇਖਾਂ ਦੇ ਨਾਲ ਇਕਤੁਕੇ,ਦੁਤੁਕੇ,ਤਿਤੁਕੇ,ਚੌਤੁਕੇ ਆਉਂਦਾ ਹੈ।ਜਿਸ ਦਾ ਭਾਵ ਹੈ ਸ਼ਬਦ ਦੇ ਅੰਦਰ ਆਈਆਂ ਪੰਕਤੀਆਂ ਦੇ ਨਾਲ ਹੈ।ਇੱਕ ਬੰਦ ਵਿੱਚ ਕਿੰਨੀਆਂ ਪੰਕਤੀਆਂ ਆਉਂਦੀਆਂ ਹਨ। ਇੱਕ, ਦੋ, ਤਿੰਨ,ਚਾਰ ਉਸ ਨੂੰ ਸਿਰਲੇਖ ਦੇ ਰੂਪ ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ ਲਿਖਿਆ ਹੈ ਪਰ ਕਈਆਂ ਸਬਦਾਂ ਵਿੱਚ ਇਕਤੁਕੇ, ਦੁਤੁਕੇ ਦੋਵੇਂ ਹੀ ਆਉਂਦੇ ਹਨ।

ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧ ॥

{ਪੰਨਾ ੪੮੧}

Scanned by CamScanner

ਜਿਵੇਂ ਇਸ ਸਿਰਲੇਖ ਵਿੱਚ-੮ ਸਬਦ ੩-੩ ਪਦੇਆਂ ਵਾਲੇ ਸਬਦ ਹਨ, ੭ ਸਬਦ ੨-੨ ਪੰਕਤੀਆਂ ਵਾਲੇ ਸਬਦ ਹਨ,੧ ਸਬਦ ੧-੧ ਪੰਕਤੀਆਂ ਵਾਲਾ ਸਬਦ ਹੈ।

ਸੋਰਠਿ ਮਹਲਾ ੫ ਘਰੁ ੧ ਤਿਤੁਕੇ {ਪੰਨਾ ੬੦੮}

ਇਹਨਾਂ ਸਬਦਾਂ ਦੇ ਅੰਦਰ ਤਿ-ਤੁਕੇ, ਤਿੰਨ ਤਿੰਨ ਤੁਕਾਂ ਵਾਲੇ ਬੰਦ। ਇਸ ਸ਼ਬਦ ਦੇ ਹਰੇਕ 'ਬੰਦ' ਵਿੱਚ ਤਿੰਨ ਤਿੰਨ ਤੁੱਕਾਂ ਆਉਂਦੀਆਂ ਹਨ ।

ਆਸਾ ਮਹਲਾ ੧ ਤਿਤੁਕਾ॥

ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥
ਕਿਸ ਹੀ ਮਾਨੁ ਕਿਸੈ ਅਪਮਾਨੁ ॥ ਢਾਹਿ ਉਸਾਰੇ ਧਰੇ ਧਿਆਨੁ ॥
ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥

{ਪੰਨਾ ੩੫੪}

ਇਸ ਸ਼ਬਦ ਦਾ ਸਿਰਲੇਖ ਧਿਆਨ ਨਾਲ ਵੇਖੋ। ਲਫ਼ਜ਼ ਆਇਆ ਹੈ'ਤਿਤੁਕਾ'ਇਹ ਦੱਸਦਾ ਹੈ ਕਿ ਸ਼ਬਦ ਦੇ ਹਰੇਕ ਬੰਦ ਦੀਆਂ ਤਿੰਨ ਤਿੰਨ ਤੁੱਕਾਂ ਹਨ। ਸਾਰੀਆਂ ਤੁੱਕਾਂ ਛੋਟੀਆਂ ਹਨ, ਚੌਪਈ ਦੇ ਮੇਲ ਦੀਆਂ। ਦੋ ਦੋ ਨੂੰ ਰਲਾ ਕੇ ਇੱਕ ਤੁੱਕ ਦੀ ਹੀ ਗਿਣਤੀ ਹੈ।

ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥ {ਪੰਨਾ ੬੦੮}

ਚੌ-ਤੁਕੇ—ਚਾਰ ਚਾਰ ਤੁਕਾਂ ਵਾਲੇ 'ਬੰਦ' ।
ਇਸ ਸ਼ਬਦ ਦੇ ਹਰੇਕ 'ਬੰਦ' ਵਿੱਚ ੪-੪ ਤੁੱਕਾਂ ਆਉਂਦੀਆਂ ਹਨ।

## ਇਕਪਦੇ/ਇੱਕਪਦਾ,ਦੁਪਦੇ/ਦੁਪਦਾ, ਤਿਪਦੇ/ਤਿਪਦਾ,ਚਉਪਦਾ,ਪੰਚਪਦਾ

ਕੁਝ ਸ਼ਬਦਾਂ ਦੇ ਸਿਰਲੇਖਾਂ ਦੇ ਨਾਲ ਇਕਪਦੇ/ਇੱਕਪਦਾ,ਦੁਪਦੇ/ਦੁਪਦਾ,ਤਿਪਦੇ/ਤਿਪਦਾ,ਚਉਪਦਾ,ਪੰਚਪਦਾ ਆਉਂਦਾ ਹੈ। ਜਿਸ ਦਾ ਭਾਵ ਹੈ ਸਬਦ ਵਿੱਚ ਆਏ ਹੋਏ ਬੰਦਾਂ ਦੇ ਨਾਲ ਹੈ। ਇਸ ਤਰ੍ਹਾਂ ਇਸ ਸਬਦ ਵਿੱਚ ਕਿੰਨੇ ਬੰਦ ਆਉਂਦੇ ਹਨ। ਇਹਨਾਂ ਬੰਦਾਂ ਵਿੱਚ ਰਹਾਉ ਦੇ ਬੰਦ ਦੀ ਗਿਣਤੀ ਨਹੀਂ ਪੈਂਦੀ। ਇਸ ਤੋਂ ਵੱਧ ਪਉੜੀਆਂ ਵਾਲੀ ਬਾਣੀ ਦੀ ਗਿਣਤੀ ਨੂੰ ਅਸਟਪਦੀਆਂ ਕਿਹਾ ਜਾਂਦਾ ਹੈ।

ਸੂਹੀ ਮਹਲਾ ੧ ॥

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥



Scanned by CamScanner

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥ {ਪੰਨਾ ੭੩੦}

ਇਸ ਸ਼ਬਦ ਵਿੱਚ ਵੱਖ ਵੱਖ ਬੰਦ ਨਹੀਂ ਹਨ ਬਲਕਿ ਇਹ ਇਹ ਸ਼ਬਦ ਇੱਕ ਪਦਾ ਅਖਵਾਉਂਦੇ ਹਨ। ਸਾਰਾ ਸ਼ਬਦ ਸਮੁੱਚੇ ਤੌਰ ਤੇ ਇੱਕ ਬੰਦ ਗਿਣਿਆ ਗਿਆ ਹੈ। 'ਘਰੁ ੬' ਦਾ ਇਹ ਚੌਥਾ ਸ਼ਬਦ ਹੈ । ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ {ਪੰਨਾ ੧੫੧}

## ਸੁਗੰਧ

ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ {ਪੰਨਾ ੩੬੯}

ਰਾਗ ਆਸਾਵਰੀ ਦੇ ਵਿੱਚ ਘਰੁ ੧੬ ਕੇ ੨ਸਬਦ ਆਉਂਦੇ ਹਨ।ਅੱਗੇ ਲਫ਼ਜ ਆਇਆ ਹੈ ਸੁਧੰਗ ਇਸ ਤੋਂ ਭਾਵ ਹੈ ਕਿ ਇਸ ਸਬਦ ਦੇ ਅੰਦਰ ਅੰਕਾਂ ਦੀ ਗਿਣਤੀ ਨੂੰ ਪੂਰਿਆਂ ਕਰਕੇ ਲਿਖਿਆ ਹੈ।ਇਹ ਲਿਖਤ ਸ਼ੁੱਧ ਹੈ।ਅੰਕ ਪੂਰਨ ਹਨ।ਇਹ ਸਬਦ ਸਾਰੰਗ,ਟੋਡੀ,ਬਿਭਾਸ ਰਾਗਾਂ ਵਿੱਚ ਅੰਕਿਤ ਹੈ।ਇਸ ਨੂੰ ਗਾਉਣ ਲੱਗਿਆਂ ੧੬ ਤਾਰਾਂ ਵਿੱਚ ਆਸਾਵਰੀ ਸ਼ੁੱਧ ਵਿੱਚ ਗਾਇਆ ਜਾਂਦਾ ਹੈ।ਗੁਰਬਾਣੀ ਦੇ ਅੰਦਰ ਹੋਰ ਥਾਂਵੇਂ ਵੀ ਵੱਖ-ਵੱਖ ਅਰਥਾਂ ਵਿੱਚ ਵੀ ਆਉਦਾ ਹੈ।

(੧) ਖੁਸ਼ਬੋ, ਹਰਿ ਹਰਿ ਬਾਸੁ ਸੁਗੰਧ ਬਸਾਈ।" (੩੨੬)

(੨) ਸੁਭਾਵ, ਗੁਣ ਨੇਮ "ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ।"
(੧੩੬੮)

## ਮੰਗਲ

ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥
{ਪੰਨਾ ੮੪੭-੮੪੮}



Scanned by CamScanner

ਇਸ ਸਿਰਲੇਖ ਹੇਠਾਂ ਬਿਲਾਵਲ ਰਾਗ ਦੇ ਅੰਦਰ ਬਾਣੀ ਛੰਤਾਂ ਦੇ ਰੂਪ ਵਿੱਚ ਅੰਕਿਤ ਹਨ। ਇਹ ਵੀ ਛੰਤ ਦਾ ਹੀ ਇੱਕ ਰੂਪ ਹੈ। ਇਸ ਸਿਰਲੇਖ ਹੇਠਾਂ ੯ ਸਬਦ ਆਉਂਦੇ ਹਨ।

ਮਹਲਾ ੧ — ੨, ਮਹਲਾ ੪ — ੨, ਮਹਲਾ ੫ — ੫

ਕੁੱਲ ਜੋੜ = ੯

ਇਸ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਖ-ਵੱਖ ਰੂਪਾਂ ਵਿੱਚ ਅਰਥ ਆਉਂਦੇ ਹਨ।

(੧) ਖੁਸ਼ੀ ਦੇ ਗੀਤ "ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ।" (੮੦)

(੨) ਖੁਸ਼ੀ "ਅਨਦ ਮੰਗਲ ਕਲਿ ਆਣ ਨਿਧਾਨਾ।" (੧੦੪)

(੩) ਅਨੰਦ "ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ।" (੯੭੮)

## ਡਖਣੇ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਇਹ 'ਵਾਰ' ਮਾਰੂ ਰਾਗ ਵਿੱਚ ਦਰਜ 'ਮਾਰੂ ਕੀ ਵਾਰ' ਹੈ'ਡੱਖਣੇ ਕੀ ਵਾਰ'ਨਹੀਂ ਹੈ। 'ਡਖਣੇ'ਤਾਂ ਸਿਰਫ਼ ਸ਼ਲੋਕ ਹਨ'ਲਹਿੰਦੀ' ਬੋਲੀ ਵਿੱਚ ਸ਼ਲੋਕ ਹਨ। ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੋਂ ਦੱਖਣ ਵੱਲ ਦੀ ਭਾਸ਼ਾ ਭਾਵ ਮੁਲਤਾਨ,ਸਾਹੀਵਾਲ ਦੇ ਇਲਾਕਿਆਂ ਵਿੱਚ ਦੀ ਬੋਲੀ ਜੋ ਰਚਨਾ ਰਚੀ ਗਈ ਉਸ ਬਾਣੀ ਦਾ ਨਾਂ ਡਖਣੇ ਆਉਂਦਾ ਹੈ। ਇਸ ਬਾਣੀ ਅੰਦਰ ਇੱਕ ਖਿਆਲ ਰੱਖਣਾ ਪੈਂਦਾ ਹੈ ਕਿ "ਦ" ਸ਼ਬਦ ਦੀ ਥਾਂ "ਡ"ਆਵੇਗਾ।

ਮਾਰੂ ਵਾਰ ਮਹਲਾ ੫ ਡਖਣੇ ਮਃ ੫

ਤੂ ਚਉ ਸਜਣ ਮੈਡਿਆ,ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ,
ਕਦਿ ਪਸੀ ਦੀਦਾਰੁ ॥੧॥ {ਪੰਨਾ ੧੦੯੪}

## ਅੰਜੁਲੀਆ/ਅੰਜੁਲੀ

ਅੰਜੁਲੀ ਤੋਂ ਭਾਵ ਦੋਵੇਂ ਹੱਥਾਂ ਨੂੰ ਜੋੜ ਕੇ ਬੁੱਕ ਬਣਾ ਕੇ ਪ੍ਰਮਾਤਮਾ ਦੇ ਅੱਗੇ ਅਰਜ਼ ਬੇਨਤੀ ਕਰਨੀ,ਆਪਣੇ ਇਸ਼ਟ ਪਾਸੋਂ ਖ਼ੈਰ ਮੰਗਣ ਲਈ ਅੱਡਿਆ ਹੋਇਆ ਬੁੱਕ,ਦੋਵੇਂ ਹੱਥ ਜੋੜ ਕੇ ਕੀਤੀ ਹੋਈ ਅਰਜ਼ੋਈ ਕਰਨੀ। ਦੋਵੇਂ ਹੱਥ ਹੱਥ ਜੋੜ ਕੇ ਅਰਦਾਸ ਕਰਨੀ। ਇਹ ਦੋਨੋਂ ਲਫ਼ਜ ਸ੍ਰੀ ਗੁਰੂ ਗ੍ਰੰਥ



Scanned by CamScanner

ਸਾਹਿਬ ਜੀ ਦੇ ਅੰਦਰ ਸਿਰਫ਼ ੪ ਵਾਰ ਆਉਂਦੇ ਹਨ। ਇਹਨਾਂ ਵਿੱਚੋਂ ਅੰਜੁਲੀਆ ਸਿਰਫ਼ ੧ ਵਾਰ ਹੀ ਆਉਂਦਾ ਹੈ। ਇਸ ਸਿਰਲੇਖ ਦੇ ਹੇਠਾਂ ੨ ਸਬਦ ਆਉਂਦੇ ਹਨ। ਅਤੇ ਅੰਜੁਲੀ ਲਫ਼ਜ ੩ ਵਾਰ ਆਉਂਦਾ ਹੈ ਪਰ ਇੱਕ ਵਾਰ ਹੀ ਸਿਰਲੇਖ ਵਿੱਚ ਵਰਤਿਆ ਗਿਆ ਹੈ।

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥
ਪੰਚ ਧਾਤੁ ਕਰਿ ਪੁਤਲਾ ਕੀਆ ॥ {ਪੰਨਾ ੧੦੦੭}
ਜਿਸੁ ਗ੍ਰਿਹਿ ਬਹੁਤੁ ਤਿਸੈ ਪੰਨਾ-੧੦੧੯

## ਸੋਲਹੇ

੧੦੨੦

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸੋਲਹੇ ਸਿਰਲੇਖ ਅਸਟਪਦੀਆਂ ਵਿੱਚ ਆਉਂਦੇ ਹਨ। ਇਸ ਵਿੱਚ ੧੬ ਬੰਦਾਂ ਵਾਲੇ ਸ਼ਬਦ ਆਉਂਦੇ ਹਨ। ਆਮ ਤੌਰ ਤੇ ਤਾਂ ਹਰੇਕ ਵਿੱਚ ੧੬ ਬੰਦ (ਪਦ) ਹਨ, ਪਰ ਘੱਟ ਵੱਧ ਵੀ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸੋਲਹੇ ਅਸ਼ਟਪਦੀਆਂ ਦੇ ਮੁੱਕਣ ਤੇ ਦਰਜ ਹਨ। ਇਹਨਾਂ ਨੂੰ ਅਸ਼ਟਪਦੀਆਂ ਹੀ ਸਮਝਣਾ ਚਾਹੀਦਾ ਹੈ। ਇਹ ਸੋਲਹੇ ਸਿਰਲੇਖ ਸਿਰਫ਼ ਮਾਰੂ ਰਾਗ ਵਿੱਚ ਹੀ ਆਉਂਦੇ ਹਨ। ਇਹਨਾਂ ਵਿੱਚ 'ਰਹਾਉ' ਦੀ ਤੁੱਕ ਦੀ ਗਿਣਤੀ ਨਹੀਂ ਕੀਤੀ ਜਾਂਦੀ।

## ਪੜਤਾਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਿਰਲੇਖਾਂ ਵਿੱਚ ਪੜਤਾਲ ਸਬਦ ਆਉਂਦਾ ਹੈ। ਜਿਸ ਦਾ ਭਾਵ ਹੈ ਇੱਕ ਤਾਲ ਨੂੰ ਮੁੜ ਮੁੜ ਪਰਤਾਣਾ ਤੇ ਪੜ੍ਹਨਾ ਹੈ। ਕਿਸੇ ਸ਼ਬਦ-ਬੰਦਸ ਨੂੰ ਵੱਖ-ਵੱਖ ਤਾਲਾਂ ਵਿੱਚ ਗਾਇਨ ਕਰਨਾ ਨੂੰ ਹੀ ਪੜਤਾਲ ਕਿਹਾ ਜਾਂਦਾ ਹੈ। ਪੜਤਾਲ ਵਿੱਚ ਆਮ ਤੌਰ ਤੇ ਅੰਤਰੇ ਵੱਖ-ਵੱਖ ਤਾਲਾਂ ਵਿੱਚ ਗਾਏ ਜਾਂਦੇ ਹਨ। ਅਸਥਾਈ ਇੱਕੋ ਹੀ ਤਾਲ ਵਿੱਚ ਗਾਈ ਜਾਂਦੀ ਹੈ। ਕਈ ਵਿਦਵਾਨ ਦੇ ਅਨੁਸਾਰ ਪੜਤਾਲ ਅਸਲ ਵਿੱਚ ੪ ਤਾਲਾਂ ਦਾ ਭੇਦ ਹੈ। ਪੁਰਾਣੀਆਂ ਬੰਦਸ਼ਾਂ ੪ ਤਾਲ ਤੋਂ ਹੀ ਸੁਰੂ ਹੁੰਦੀਆਂ ਸਨ। ਇਹਨਾਂ ਭੇਦਾਂ ਵਿੱਚ ਜਾਣ ਨਾਲ ਜਾਂ ਗਾਉਣ ਨਾਲ ਪੜਤਾਲ ਵਿੱਚ ਜਾਣਾ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਰਾਮਦਾਸ ਜੀ ਦੀਆਂ ੧੯ ਅਤੇ ਗੁਰੂ ਅਰਜਨ ਦੇਵ ਜੀ ਦੀਆਂ ੩੬ ਪੜਤਾਲਾਂ ਆਉਦੀਆਂ ਹਨ।

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ (ਪੰਨਾ ੧੨੫੩)



Scanned by CamScanner

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਸ ਵੀ ਭਗਤ ਦੀ ਬਾਣੀ ਦਰਜ ਹੋਈ ਹੈ। ਆਮ ਤੌਰ ਤੇ ਉਸ ਦਾ ਨਾਮ ਉਸ ਦੀ ਬਾਣੀ ਲਿਖਣ ਤੋਂ ਪਹਿਲਾਂ ਲਿਖ ਦਿੱਤਾ ਗਿਆ ਹੈ। ਪਰ ਇਹ ਕਿਸੇ ਸ਼ਬਦ ਦੀ ਇੱਕੋ ਹੀ ਪੰਗਤੀ ਹੈ, ਇਸ ਦੇ ਸ਼ੁਰੂ ਵਿੱਚ ਇਸ ਦੇ ਉੱਚਾਰਨ ਵਾਲੇ ਭਗਤ ਦਾ ਨਾਮ ਵੀ ਨਹੀਂ ਦਿੱਤਾ ਗਿਆ ਅਤੇ ਨਾ ਹੀ ਸਾਰਾ ਸ਼ਬਦ ਹੈ ਜਿਥੋਂ ਉਸ ਦਾ ਨਾਮ ਪਤਾ ਲੱਗ ਸਕੇ। ਜੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੋਂ ਹੋਰ ਕੋਈ ਗਵਾਹੀ ਨਾ ਲਈ ਜਾਏ ਤਾਂ ਇਹ ਕਿਸ ਦੀ ਉਚਾਰੀ ਹੋਈ ਤੁੱਕ ਸਮਝੀ ਜਾਏ?

ਇਸ ਦਾ ਉੱਤਰ ਅਗਲੇ ਸ਼ਬਦ ਦੇ ਸ਼ੁਰੂ ਵਿੱਚ ਲਿਖੇ ਸਿਰਲੇਖ ਤੋਂ ਮਿਲਦਾ ਹੈ। ਭਾਵ ਇਹ ਇੱਕ ਪੰਗਤੀ ਸੂਰਦਾਸ ਜੀ ਦੀ ਹੈ। ਪਰ ਇਹ ਅਗਲਾ ਸਿਰਲੇਖ ਵੀ ਜਰਾ ਧਿਆਨ ਦੇ ਨਾਲ ਵੇਖਣ ਵਾਲਾ ਹੈ।

'ਸਾਰੰਗ ਮਹਲਾ ੫ ਸੂਰਦਾਸ'

ਜੇ ਇਹ ਸ਼ਬਦ ਭਗਤ ਸੂਰਦਾਸ ਜੀ ਦਾ ਹੁੰਦਾ ਤਾਂ ਲਫ਼ਜ਼'ਮਹਲਾ ੫' ਇਸ ਸਿਰਲੇਖ ਦੇ ਨਾਲ ਨਾ ਹੁੰਦਾ। ਇਹ ਲਫ਼ਜ਼ 'ਮਹਲਾ ੫' ਦੱਸਦੇ ਹਨ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਿਆ ਹੋਇਆ ਹੈ।

ਸਾਰੰਗ ਮਹਲਾ ੫ ਸੂਰਦਾਸ ॥
ਹਰਿ ਕੇ ਸੰਗ ਬਸੇ ਹਰਿ ਲੋਕ ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ,
ਅਨਦ ਸਹਜ ਧੁਨਿ ਝੋਕ ॥੧॥ (੧੨੫੩)

ਲਫ਼ਜ਼ 'ਮਹਲਾ ੫' ਤੋਂ ਪਤਾ ਲੱਗਦਾ ਹੈ ਕਿ ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਲਫ਼ਜ਼ ਸੂਰਦਾਸ ਦੱਸਦਾ ਹੈ ਕਿ ਸਤਿਗੁਰੂ ਜੀ ਨੇ ਸੂਰਦਾਸ ਜੀ ਦੀ ਉਚਾਰੀ ਪਿਛਲੀ ਪੰਗਤੀ ਦੇ ਸੰਬੰਧ ਵਿੱਚ ਇਹ ਸ਼ਬਦ ਉਚਾਰਿਆ ਹੈ। ਭਗਤ ਸੂਰਦਾਸ ਜੀ ਦੀ ਇੱਕੋ ਹੀ ਪੰਗਤੀ ਦਰਜ ਕੀਤੀ ਹੈ, ਪਰ ਗਿਣਤੀ ਵਿੱਚ ਉਸ ਨੂੰ ਸਾਰੇ ਸ਼ਬਦ ਵਾਂਗ ਗਿਣਿਆ ਹੈ ਇਸ ਕਰਕੇ ਹੁਣ ਤੁੱਕ ਦੀ ਗਿਣਤੀ ੮ ਬਣਦੀ ਹੈ । ਜੇ ਸਤਿਗੁਰੂ ਜੀ ਨੇ ਆਪ ਹੀ ਸੂਰਦਾਸ ਜੀ ਦਾ ਸਾਰਾ ਸ਼ਬਦ ਦਰਜ ਕਰਾਇਆ ਹੁੰਦਾ ਤਾਂ ਇਸ ਸ਼ਬਦ ਦੇ ਸਿਰਲੇਖ ਵਾਸਤੇ ਲਫ਼ਜ਼ ਸਿਰਫ਼ 'ਮਹਲਾ ੫' ਹੁੰਦਾ। ਇਸ ਨਾਲ ਲਫ਼ਜ਼ 'ਸੂਰਦਾਸ' ਦੀ ਲੋੜ ਨਹੀਂ ਸੀ। ਇਹ ਸ਼ਬਦ ਸਤਿਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਨ ਕੀਤਾ ਹੋਇਆ ਹੈ।



Scanned by CamScanner

## ਪਉੜੀ ਨਵੀ ਮਃ ਪ ॥

ਸਭੋ ਵਰਤੈ ਚਲਤੁ, ਚਲਤੁ ਵਖਾਣਿਆ ॥
ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥
ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥
ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥
ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥
ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥
ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥
ਨਾਨਕ ਲਏ ਮਿਲਾਇ ਖਸਮੈ ਭਾਣਿਆ ॥੨੭॥ (ਪੰਨਾ ੧੨੯੧)

ਇਹ ਪਉੜੀ ਮਲਾਰ ਕੀ ਵਾਰ ਮਹਲਾ ੧ ਵਿੱਚ ਆਉਂਦੀ ਹੈ। ਕਈ ਵਿਦਵਾਨ ਇਹ ਮੰਨਦੇ ਹਨ ਕਿ ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ 'ਵਾਰ' ਉਚਾਰੀ ਅਤੇ ਨਾਲ ਨਾਲ ਹੀ "ਪਉੜੀਆਂ" ਦੇ ਨਾਲ ਦੇ ਸ਼ਲੋਕ ਵੀ ਉਚਾਰੇ ਹਨ। ਇਹ ਖ਼ਿਆਲ ਠੀਕ ਨਹੀਂ ਹੈ ਕਿਉਂਕਿ 'ਆਸਾ ਕੀ ਵਾਰ' ਅਤੇ 'ਮਾਝ ਕੀ ਵਾਰ' ਵਿਚ ਇਸ ਬਾਰੇ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਪਹਿਲਾਂ ਕੇਵਲ ਵਾਰਾਂ ਦੀਆਂ ਪਉੜੀਆਂ ਹੀ ਉਚਾਰਨ ਕੀਤੀਆਂ ਸਨ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਪਉੜੀਆਂ ਦੇ ਨਾਲ ਸਲੋਕ ਅੰਕਿਤ ਕੀਤੇ ਸਨ। ਇਹ ਪਉੜੀ ਨੰ: ੨੭ ਇੱਕ ਹੋਰ ਸਬੂਤ ਹੈ । ਗੁਰੂ ਨਾਨਕ ਦੇਵ ਜੀ ਦੀਆਂ ਕੁੱਲ ਪਉੜੀਆਂ ੨੭ ਹਨ, ਪਰ ਇਹ ਪਉੜੀ ਗੁਰੂ ਅਰਜਨ ਸਾਹਿਬ ਨੇ "ਨਵੀ" ਰਲਾਈ, ਇਸ ਦੇ ਨਾਲ ਦੇ ਸ਼ਲੋਕ ਗੁਰੂ ਨਾਨਕ ਸਾਹਿਬ ਦੇ ਹੀ ਹਨ। ਕੀ ਇਹ ਸ਼ਲੋਕ ਉਹਨਾਂ ਨੇ 'ਪਉੜੀ' ਤੋਂ ਬਿਨ੍ਹਾਂ ਹੀ ਲਿਖ ਦਿੱਤੇ ? 'ਕਾਵਜ-ਰਚਨਾ' ਦੇ ਨਿਯਮ ਨਾਲ ਇਹ ਗੱਲ ਮੇਲ ਨਹੀਂ ਖਾ ਸਕਦੀ ਕਿ 'ਮੂਲ' ਤਾਂ ਹੋਵੇ ਹੀ ਨਾ,ਤੇ ਉਸ ਨਾਲ ਸੰਬੰਧ ਰੱਖਣ ਵਾਲੀ 'ਸ਼ਾਖ' ਬਣਾ ਦਿੱਤੀ ਜਾਏ। ਅਸਲੀਅਤ ਇਹ ਹੈ ਕਿ "ਵਾਰ" ਨਿਰੀਆਂ "ਪਉੜੀਆਂ" ਹੈ। "ਸ਼ਲੋਕਾਂ" ਤੇ 'ਵਾਰ' ਦੀਆਂ "ਪਉੜੀਆਂ" ਦੇ ਰਚਨਾ ਦਾ ਮੌਕਾ ਇੱਕੋ ਨਹੀਂ ਹੈ ।

ਪਰ ਇਥੇ ਇਕ ਹੋਰ ਪ੍ਰਸ਼ਨ ਉੱਠਦਾ ਹੈ—ਗੁਰੂ ਅਰਜਨ ਸਾਹਿਬ ਨੇ ਇਹ "ਨਵੀ ਪਉੜੀ" ਕਿਉਂ ਰਲਾਈ ? ਕਈ ਵਿਦਵਾਨ ਇਹ ਕਹਿ ਦੇਂਦੇ ਹਨ ਕਿ ਫ਼ਰੀਦ ਜੀ ਅਤੇ ਕਬੀਰ ਜੀ ਦੇ ਸ਼ਲੋਕਾਂ ਵਿੱਚ ਜਿਥੇ ਕਿਤੇ ਗੁਰੂ ਸਾਹਿਬ ਦੇ ਆਪਣੇ ਸ਼ਲੋਕ ਆਏ ਹਨ। ਉਹਨਾਂ ਦਾ ਕਾਰਨ ਇਹ ਹੈ ਕਿ ਭਗਤਾਂ ਦੇ ਨਾਲ-ਲੱਗਦੇ ਸ਼ਲੋਕਾਂ ਵਿਚ ਕੋਈ ਊਣਤਾ ਰਹਿ ਗਈ ਸੀ । ਕਿਤਨਾ ਕੋਝਾ ਤੇ ਨੀਵਾਂ ਤੇ ਬੇ-ਅਦਬੀ-ਭਰਿਆ ਖ਼ਿਆਲ ਹੈ; ਬਾਣੀ ਦੇ ਜਿਸ 'ਸੰਗ੍ਰਹਿ' ਨੂੰ ਸਿੱਖ ਆਪਣਾ 'ਗੁਰੂ' ਮੰਨਦਾ ਹੈ ਉਸੇ ਵਿੱਚ ਹੀ ਕਈ ਅੰਗ 'ਊਣੇ' ਦੱਸ ਰਿਹਾ ਹੈ । ਉਹ 'ਸੁੰਦਰਤਾ' ਕਾਹਦੀ ਜਿਥੇ ਕੋਝ ਰਹਿ ਗਿਆ ? ਹਿੰਦੂ ਭਰਾ ਦੇ ਇਸੇ ਕੱਚ-ਪੁਣੇ ਨੂੰ ਭਗਤ ਨਾਮਦੇਵ ਜੀ ਨੇ ਭੰਡਿਆ ਸੀ । ਵੇਖੋ, ਰਾਗ ਗੌਂਡ ਵਿਚ "ਆਜੁ ਨਾਮੇ ਬੀਠੁਲ ਦੇਖਿਆ"; ਨਾਲੇ ਤਾਂ ਸ਼ਿਵ ਜੀ ਨੂੰ ਆਪਣਾ 'ਇਸ਼ਟ' ਮੰਨਣਾ ਤੇ



Scanned by CamScanner

ਨਾਲ ਹੀ ਇਹ ਵੀ ਕਹਿਣਾ ਕਿ ਉਹ ਕ੍ਰੋਧ ਵਿੱਚ ਆ ਕੇ ਲੋਕਾਂ ਦੇ ਮੁੰਡੇ ਭੀ ਸਰਾਪ ਦੇ ਕੇ ਮਾਰ ਦੇਂਦਾ ਸੀ । ਪਰ ਜੇ ਵਿਦਵਾਨ ਸੱਜਣਾਂ ਨੇ ਅਜੇ ਵੀ ਇਸੇ ਖ਼ਿਆਲ ਤੇ ਹੀ ਅੜਨਾ ਹੈ, ਤਾਂ ਕੀ ਇਹ ਪਉੜੀ ਨੰ: ੨੭ ਵੀ ਗੁਰੂ ਅਰਜਨ ਸਾਹਿਬ ਨੂੰ ਇਸੇ ਲਈ ਦਰਜ ਕਰਨੀ ਪਈ ਕਿ ਗੁਰੂ ਨਾਨਕ ਸਾਹਿਬ ਦੀ 'ਵਾਰ' ਵਿਚ ਕੋਈ 'ਊਣਤਾ' ਰਹਿ ਗਈ ਸੀ ? ਇੱਕੋ ਹੀ 'ਸੰਗ੍ਰਹ' ਵਿਚ ਥਾਂ ਥਾਂ ਪੈਂਤੜੇ ਬਦਲਾਇਆਂ ਥਿੜਕਣਾ ਹੀ ਪਏਗਾ ।

ਫਿਰ, ਇਹ 'ਪਉੜੀ' ਗੁਰੂ ਅਰਜਨ ਸਾਹਿਬ ਨੇ ਕਿਉਂ ਦਰਜ ਕੀਤੀ ? ਇਸ ਗੱਲ ਦਾ ਉੱਤਰ ਲੱਭਣ ਲਈ ਜਦੋਂ ਪਉੜੀ ਨੰ: ੨੩, ੨੪, ੨੫ ਅਤੇ ੨੬ ਪੜ੍ਹਦੇ ਹਾਂ ਤਾਂ ਮਿਲ ਜਾਂਦਾ ਹੈ। ਇਹਨਾਂ ਪਉੜੀਆਂ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਵਿੱਦਵਤਾ, ਹੋਰ ਹੋਰ ਅਕਲਾਂ, ਭਗਵਾ ਵੇਸ ਅਤੇ ਦੇਸ-ਰਟਨ ਜ਼ਿੰਦਗੀ ਦਾ ਸਹੀ ਰਸਤਾ ਨਹੀਂ ਹਨ,'ਸਤਿਗੁਰੁ ਬੋਹਿਥੁ ਬੇੜੁ' ਹੈ ਜੋ ਤ੍ਰਿਸ਼ਨਾ-ਅੱਗ ਤੋਂ ਬਚਾਂਦਾ ਹੈ।ਪਉੜੀ ਨੰ: ੨੬ ਵਿਚ ਇਹ ਮਾਨੋ ਇਸ਼ਾਰੇ-ਮਾਤ੍ਰ ਜ਼ਿਕਰ ਸੀ । ਗੁਰੂ ਅਰਜਨ ਸਾਹਿਬ ਨੇ ਪਉੜੀ ਨੰ: ੨੭ ਵਿਚ ਇਸ ਦੀ ਹੋਰ ਵਿਆਖਿਆ ਕਰ ਦਿੱਤੀ ਹੈ।

## ਸਹਸਕ੍ਰਿਤੀ /ਸਹਸਕ੍ਰਿਤੀ

ੴ੩ਪ੩

ਸਹਸਕ੍ਰਿਤੀ—ਲਫ਼ਜ਼ 'ਸਹਸ'ਸੰਸਕ੍ਰਿਤ ਦੇ ਲਫ਼ਜ਼ 'ਸੰਸ' ਤੋਂ ਪ੍ਰਾਕ੍ਰਿਤ-ਰੂਪ ਹੈ।ਜਿਵੇਂ ਲਫ਼ਜ਼ 'ਸੰਸ਼ਯ' ਤੋਂ ਪ੍ਰਾਕ੍ਰਿਤ-ਰੂਪ'ਸਹਸਾ'ਹੈ।ਸੋ,ਇਹ ਸਲੋਕ ਜਿਨ੍ਹਾਂ ਦਾ ਸਿਰਲੇਖ ਹੈ 'ਸਹਸ ਕ੍ਰਿਤੀ' ਸੰਸਕ੍ਰਿਤ ਦੇ ਨਹੀਂ ਹਨ । ਲਫ਼ਜ਼ 'ਸਹਸ-ਕ੍ਰਿਤੀ'ਲਫ਼ਜ਼'ਸੰਸਕ੍ਰਿਤ'ਦਾ ਪ੍ਰਾਕ੍ਰਿਤ-ਰੂਪ ਹੈ।ਇਹ ਸਾਰੇ ਸਲੋਕ ਵੀ ਪ੍ਰਾਕ੍ਰਿਤ ਬੋਲੀ ਦੇ ਹੀ ਹਨ ।ਇਹ ਬਾਣੀ ਰਾਗ ਰਹਿਤ ਹੈ।ਇਸ ਸਿਰਲੇਖ ੨ ਵਾਰੀਂ ਆਉਂਦਾ ਹੈ।ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰੀਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਆਉਂਦੀ ਹੈ।ਜਿਸ ਦੇ ਹੇਠਾਂ ੪ ਸਲੋਕ ਆਉਂਦੇ ਹਨ।ਇੱਕ ਵਾਰੀਂ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ।ਜਿਸ ਦੇ ਹੇਠਾਂ ੬੭ ਸਲੋਕ ਆਉਂਦੇ ਹਨ।ਇਸ ਰਚਨਾ ਵਿੱਚ ਕੁੱਲ=੪+੬੭=੭੧ ਸਲੋਕ ਆਉਂਦੇ ਹਨ।

ਸਲੋਕ ਸਹਸਕ੍ਰਿਤੀ ਮਹਲਾ ੧॥

ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ (੧੩੫੩)

ਸਲੋਕ ਸਹਸਕ੍ਰਿਤੀ ਮਹਲਾ ੫

ਕਤੰਚ ਮਾਤਾ, ਕਤੰਚ ਪਿਤਾ, ਕਤੰਚ ਬਨਿਤਾ ਬਿਨੋਦ ਸੁਤਹ ॥
ਕਤੰਚ ਭ੍ਰਾਤ ਮੀਤ ਹਿਤ ਬੰਧਵ, ਕਤੰਚ ਮੋਹ ਕੁਟੰਬ੍ਰਤੇ ॥ (ਪੰਨਾ ੧੩੫੩)



Scanned by CamScanner

## ਗਾਥਾ

ਪੰਨਾ ੧੩੬੦

ਇਹ ਇੱਕ ਪ੍ਰਾਚੀਨ ਪ੍ਰਾਕ੍ਰਿਤ ਭਾਸ਼ਾ ਜਿਸ ਵਿੱਚ ਸੰਸਕ੍ਰਿਤ ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਲਿਖੇ ਹੋਏ ਮਿਲਦੇ ਹਨ । 'ਲਲਿਤ ਵਿਸਤਰ' ਆਦਿਕ ਬੋਧ ਧਰਮ-ਗ੍ਰੰਥ ਇਸੇ ਭਾਸ਼ਾ ਵਿੱਚ ਹਨ। ਇਹ ਬਾਣੀ ਰਾਗ ਰਹਿਤ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ। ਜਿਸ ਦੇ ਹੇਠਾਂ ੨੪ ਸਲੋਕ ਆਉਂਦੇ ਹਨ।

ਮਹਲਾ ੫ ਗਾਥਾ

ਕਰਪੂਰ ਪੁਹਪ ਸੁਗੰਧਾ, ਪਰਸ ਮਾਨੁਖ੍ ਦੇਹੰ ਮਲੀਣੰ॥
ਮਜਾ ਰੁਧਿਰ ਦ੍ਰੁਗੰਧਾ ਨਾਨਕ,ਅਥਿ ਗ਼ਰਬੇਣ ਅਗ੍ਯਾਨਣੋ ॥੧॥

(ਪੰਨਾ ੧੩੬੦)

ਇਸ ਬਾਣੀ ਦੇ ਅੰਦਰ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਸਰੀਰ ਉਸ ਸਮੇਂ ਹੀ ਸਫਲ ਹੈ ਜਦੋਂ ਮਨੁੱਖ ਪ੍ਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹੈ। ਇਹ ਦਾਤਿ ਸਿਰਫ਼ ਸਾਧ-ਸੰਗਤਿ ਵਿੱਚੋਂ ਹੀ ਮਿਲਦੀ ਹੈ। ਵੇਦਾਂ ਵਿੱਚ ਜੋ 'ਗਾਥਾ' ਨਾਮ ਦੇ ਛੰਦ ਮਿਲਦੇ ਹਨ। ਉਹਨਾਂ ਦੀ ਬੋਲੀ ਪੁਰਾਣੀ ਸੰਸਕ੍ਰਿਤ ਨਾਲੋਂ ਵੱਖਰੀ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਵੇਦਾਂ ਦੇ ਸਮੇਂ ਵੀ ਲੋਕਾਂ ਦੇ ਆਮ ਬੋਲ-ਚਾਲ ਦੀ ਇੱਕ ਵੱਖਰੀ ਭਾਸ਼ਾ ਸੀ । ਵਿਦਵਾਨਾਂ ਨੇ ਵੈਦਿਕ ਸਮੇਂ ਦੀ ਇਸ ਬੋਲੀ ਦਾ ਨਾਮ 'ਪਹਿਲੀ ਪ੍ਰਾਕ੍ਰਿਤ' ਰੱਖਿਆ ਹੈ। ਅਸ਼ੋਕ ਦੇ ਲੇਖ ਆਦਿਕਾਂ ਵਿੱਚ ਜੋ ਬੋਲੀ ਮਿਲਦੀ ਹੈ, ਉਸ ਨੂੰ 'ਦੂਜੀ ਪ੍ਰਾਕ੍ਰਿਤ' ਜਾਂ 'ਪਾਲੀ' ਆਖਦੇ ਹਨ। ਪਹਿਲੀ ਪ੍ਰਾਕ੍ਰਿਤ ਦੇ ਪ੍ਰਚਾਰ ਤੋਂ ਕਈ ਸੌ ਸਾਲ ਪਿੱਛੋਂ ਦੂਜੀ ਪ੍ਰਾਕ੍ਰਿਤ ਦਾ ਜਨਮ ਹੋਇਆ । ਵੈਦਿਕ ਸਮੇਂ ਦੇ ਵਿਦਵਾਨਾਂ ਨੇ 'ਵੈਦਿਕ ਭਾਸ਼ਾ' ਨੂੰ ਆਮ ਬੋਲ-ਚਾਲ ਦੀ ਬੋਲੀ ਤੋਂ ਬਚਾ ਕੇ ਰੱਖਣ ਲਈ ਇਸ ਦੇ ਵਿਆਕਰਣ ਬਣਾਏ, ਤੇ ਇਸ ਸਾਂਭ ਕੇ ਰੱਖੀ ਹੋਈ ਬੋਲੀ ਦਾ ਨਾਮ 'ਸੰਸਕ੍ਰਿਤ' ਰੱਖ ਲਿਆ । ਸੋ, ਇਹ 'ਸੰਸਕ੍ਰਿਤ' ਵੀ 'ਪਹਿਲੀ ਪ੍ਰਾਕ੍ਰਿਤ' ਦੀ ਕਿਸੇ ਸ਼ਾਖ ਤੋਂ 'ਸ਼ੁੱਧ ਹੋ ਕੇ' ਬਣੀ ਸੀ ।

## ਫੁਨਹੇ

੧੩੬੧

ਫੁਨਹੇ—ਪੁਨਹ, ਮੁੜ ਮੁੜ, ਫਿਰ । ਇਸ ਦਾ ਪ੍ਰਾਕ੍ਰਿਤ-ਰੂਪ ਬਾਣੀ ਵਿੱਚ 'ਫੁਨਿ' ਆਇਆ ਹੈ। ਉਹ 'ਛੰਤ' ਜਿਸ ਦੇ ਹਰੇਕ 'ਬੰਦ' ਵਿੱਚ ਕੋਈ ਇੱਕੋ ਲਫ਼ਜ਼ 'ਫੁਨਿ' (ਮੁੜ ਮੁੜ) ਆਇਆ ਹੈ । ਇਸ ਛੰਤ ਦੇ ਬੰਦਾਂ ਵਿੱਚ ਲਫ਼ਜ਼ 'ਹਰਿਹਾਂ' ਮੁੜ ਮੁੜ ਆਉਂਦਾ ਹੈ



Scanned by CamScanner

।ਇਹ ਬਾਣੀ ਰਾਗ ਰਹਿਤ ਹੈ।ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ। ਜਿਸ ਦੇ ਹੇਠਾਂ ੨੩ ਸਲੋਕ ਆਉਂਦੇ ਹਨ।

ਫੁਨਹੇ ਮਹਲਾ ੫

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥ (ਪੰਨਾ ੧੩੬੧)

ਇਸ ਬਾਣੀ ਦੇ ਅੰਦਰ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਦੇ ਕੀਤੇ ਕਰਮਾਂ ਤੇ ਸੰਸਕਾਰਾਂ ਉਸ ਦੇ ਮਨ ਵਿੱਚ ਇਕੱਠੇ ਹੁੰਦੇ ਰਹਿ ਕੇ ਉਸੇ ਪਾਸੇ ਵੱਲ ਹੀ ਉਸ ਨੂੰ ਪ੍ਰੇਰਦੇ ਰਹਿੰਦੇ ਹਨ। ਇਹਨਾਂ ਪਹਿਲੇ ਸੰਸਕਾਰਾਂ ਦੇ ਜ਼ੋਰ ਦੇ ਕਾਰਨ ਹੀ ਮਨੁੱਖ ਆਪਣੇ ਉੱਦਮ ਨਾਲ ਵਿਕਾਰਾਂ ਦੇ ਹੱਲਿਆਂ ਤੋਂ ਬਚ ਨਹੀਂ ਸਕਦਾ। ਇਸ ਤੋਂ ਬਚਣ ਦਾ ਇੱਕੋ ਇੱਕ ਹੀ ਤਰੀਕਾ ਹੈ। ਉਹ ਹੈ ਗੁਰੂ ਦਾ ਆਸਰਾ ਲਿਆ ਜਾਵੇ। ਜਿਸ ਮਨੁੱਖ ਉਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਉਹ ਗੁਰੂ ਦੀ ਸੰਗਤਿ ਵਿਚ ਆ ਕੇ ਸਿਮਰਨ ਕਰਦਾ ਹੈ। ਸਿਮਰਨ ਨਾਲ ਹੀ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ। ਇਹ ਗੱਲ ਇਸ ਬਾਣੀ ਅੰਦਰ ਸਮਝਾਈ ਹੈ।

## ਚਉਬੋਲੇ

੧੩੬੩

ਚਉਬੋਲਾ—ਇਕ ਛੰਤ ਦਾ ਨਾਮ ਹੈ। ਇਸ ਸਿਰਲੇਖ 'ਚਉਬੋਲਾ' ਛੰਤ ਦੇ ਹੇਠਾਂ ੧੧ ਬੰਦ ਆਉਂਦੇ ਹਨ। ਇਹ ਬਾਣੀ ਰਾਗ ਰਹਿਤ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇੱਕ ਵਾਰ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਉਂਦੀ ਹੈ। ਜਿਸ ਦੇ ਹੇਠਾਂ ੧੧ ਛੰਤ ਆਉਂਦੇ ਹਨ।

ਚਉਬੋਲੇ ਮਹਲਾ ੫

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥੧॥ (ਪੰਨਾ ੧੩੬੩)

ਪਿੰਗਲ-ਸ਼ਾਸਤਰ ਦੇ ਅੰਦਰ ਇਸ ਨੂੰ ਚੌਪਈ ਦਾ ਹੀ ਭੇਦ ਮੰਨਿਆ ਜਾਂਦਾ ਹੈ। ਕੁੱਝ ਵਿਦਵਾਨ ਇਸ ਨੂੰ ਭਿੰਨ-ਭਿੰਨ ਤੁੱਕਾਂ ਵਾਲਾ ਸਵੈਯਾ ਵੀ ਆਖਦੇ ਹਨ। ਕੁੱਝ ਵਿਦਵਾਨਾਂ ਇਸ ਨੂੰ ਅੜਿੱਲ ਛੰਤ ਦਾ ਇੱਕ ਭੇਦ ਸਿੱਧ ਕਰਨ ਦਾ ਵੀ ਯਤਨ ਕੀਤਾ ਹੈ। ਸੰਗੀਤ ਦੀ ਬੋਲੀ ਵਿੱਚ ਇਸ ਨੂੰ ਚਤੁਰੰਗ ਵੀ ਕਿਹਾ ਜਾਂਦਾ ਹੈ।



Scanned by CamScanner

## ਸਲੋਕ ਭਗਤ ਕਬੀਰ ਜੀਉ ਕੇ

ਕਬੀਰ ਮੇਰੀ ਸਿਮਰਨੀ

੧੩੬੪

ਭਗਤ ਕਬੀਰ ਜੀ ਦੀ ਬਾਣੀ ਸਭ ਭਗਤਾਂ ਤੋਂ ਵੱਧ ਬਾਣੀ ਹੈ। ਇਹ ਕਬੀਰ ਜੀ ਦੇ ਸਲੋਕਾਂ ਰੂਪ ਵਿੱਚ ਪ੍ਰਸਿੱਧ ਬਾਣੀ ਹੈ। ਸਾਰੇ ਹੀ ਸ਼ਲੋਕਾਂ ਵਿੱਚ ਇਕੋ ਹੀ ਵਿਸ਼ਾ "ਹਰਿ-ਨਾਮ ਦਾ ਸਿਮਰਨ" ਲੈ ਕੇ ਅਤੇ ਉਸ ਦੇ ਵੱਖ-ਵੱਖ ਪਹਿਲੂ ਲੈ ਕੇ ਵਿਚਾਰ ਕੀਤੀ ਗਈ ਹੈ । ਇਸ ਦੇ ਅੰਦਰ ਕੁੱਲ ੨੪੩ ਸਲੋਕ ਆਉਂਦੇ ਹਨ।

ਗੁਰੂ ਅਮਰਦਾਸ ਜੀ=੧,
ਗੁਰੂ ਅਰਜਨ ਸਾਹਿਬ=੫,
ਕਬੀਰ ਜੀ ਦੇ=੨੩੭
ਕੁੱਲ ਜੋੜ=੨੪੩

## ਸਲੋਕ ਸੇਖ ਫ਼ਰੀਦ ਕੇ

੧੩੭੭

ਇਹ ਸਾਰੇ ਸ਼ਲੋਕ ਗਿਣਤੀ ਵਿੱਚ ੧੩੦ ਹਨ। ਇਹਨਾਂ ਵਿੱਚ ੧੮ ਸ਼ਲੋਕ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਤੇ ਗੁਰੂ ਅਰਜਨ ਸਾਹਿਬ ਦੇ ਵੀ ਹਨ। ਗੁਰੂ ਅਰਜਨ ਦੇਵ ਜੀ ਨੇ ਜੋ ਬਾਬਾ ਫਰੀਦ ਜੀ ਦੇ ਜੋ ਸਲੋਕ ਆਉਂਦੇ ਹਨ ਜਿਨ੍ਹਾਂ ਦੇ ਭਾਵ ਅਰਥ ਖੁੱਲੇ ਨਹੀਂ ਉਹਨਾਂ ਨੂੰ ਹੋਰ ਵੀ ਵਧੀਆ ਢੰਗ ਦੇ ਨਾਲ ਖੁੱਲ੍ਹੀ ਤਰ੍ਹਾਂ ਸਮਝਾਣ ਵਾਸਤੇ ਲਿਖੇ ਗਏ ਹਨ,ਤਾਂ ਕਿ ਕੋਈ ਅਣਜਾਣ ਮਨੁੱਖ ਭੁਲੇਖਾ ਨਾ ਖਾ ਜਾਏ।

ਬਾਬਾ ਫਰੀਦ ਜੀ ਦੇ ਕੁੱਲ ਸ਼ਲੋਕ=੧੧੨

ਗੁਰੂ ਨਾਨਕ ਦੇਵ ਜੀ=੪, (ਨੰ: ੩੨, ੧੧੩, ੧੨੦, ੧੨੪)

ਗੁਰੂ ਅਮਰਦਾਸ ਜੀ=੫, (੧੩, ੫੨, ੧੦੪, ੧੨੨, ੧੨੩)

ਗੁਰੂ ਰਾਮਦਾਸ ਜੀ=੧, (ਨੰ: ੧੨੧)

ਗੁਰੂ ਅਰਜਨ ਸਾਹਿਬ=੮, (ਨੰ: ੭੫, ੮੨, ੮੩, ੧੦੫, ੧੦੮ ਤੋਂ ੧੧੧)

ਕੁੱਲ ਜੋੜ=੧੩੦

ਸਲੋਕ ਸੇਖ ਫਰੀਦ ਕੇ

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ {ਪੰਨਾ ੧੩੭੭}



Scanned by CamScanner

# ਸਵਯੇ /ਸਵਈਏ

ਗੁਰੂ ਰਾਮਦਾਸ ਜੀ ਨੇ ਆਪਣੇ ਅੰਤਮ ਸਮੇਂ ਨੂੰ ਨੇੜੇ ਜਾਣ ਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਬਖਸ਼ੀ ਅਤੇ ਆਪ ਸ੍ਰੀ ਰਾਮਦਾਸਪੁਰੇ {ਸ੍ਰੀ ਅੰਮ੍ਰਿਤਸਰ ਸਾਹਿਬ} ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਸਤਿਗੁਰੂ ਗੁਰੂ ਰਾਮਦਾਸ ਜੀ ਇਥੇ ਹੀ ਆਪ ਅਗਸਤ ੧੫੮੧ ਈਸਵੀ ਵਿੱਚ ਜੋਤੀ ਜੋਤਿ ਸਮਾਏ। ਦਸਤਾਰ-ਬੰਦੀ ਦੀ ਰਸਮ ਵੇਲੇ ਦੂਰੋਂ ਦੂਰੋਂ ਸਿੱਖ-ਸੰਗਤਾਂ ਗੁਰੂ ਅਰਜਨ ਸਾਹਿਬ ਜੀ ਦੇ ਦੀਦਾਰ ਆਈਆਂ। ਉਹਨੀਂ ਹੀ ਦਿਨੀਂ ਭੱਟ ਸਹਿਬਾਨ ਵੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਸਤਿਗੁਰਾਂ ਦੇ ਦਰਸ਼ਨ ਦੀਦਾਰ ਦੀ ਬਰਕਤਿ ਪ੍ਰਾਪਤ ਕੀਤੀਆਂ ਤੇ ਨਾਲ ਚਿੱਤ ਗੁਰੂ ਦੀ ਸਿਫ਼ਤਿ ਕਰਨ ਦੇ ਉਮਾਹ ਵਿੱਚ ਆਇਆ ਅਤੇ ਗੁਰੂ-ਉਪਮਾ ਵਿੱਚ ਉਹਨਾਂ ਇਹ ਸਵਈਏ' ਉਚਾਰੇ, ਜਿਨ੍ਹਾਂ ਨੂੰ ਸਮੇਂ ਸਿਰ ਗੁਰੂ ਅਰਜਨ ਸਾਹਿਬ ਜੀ ਨੇ 'ਸ੍ਰੀ ਮੁਖਬਾਕ੍' ਸਵਈਆਂ ਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਭੱਟ 'ਨਲ੍' ਗੋਇੰਦਵਾਲ ਦੀ ਉਸਤਤਿ ਕਰਦਾ ਹੈ ਅਤੇ ਭੱਟ 'ਹਰਿਬੰਸ' ਗੁਰੂ ਰਾਮਦਾਸ ਜੀ ਦੇ 'ਦੇਵ-ਪੁਰੀ' ਵਿੱਚ ਜਾਣ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਸਿਰ ਤੇ ਗੁਰਿਆਈ ਦਾ ਛਤ੍ਰ ਝੁੱਲਣ ਦਾ ਜ਼ਿਕਰ ਕਰਦਾ ਹੈ । ਜਿਨ੍ਹਾਂ ਭੱਟਾਂ ਦੀ ਬਾਣੀ 'ਬੀੜ' ਵਿਚ ਦਰਜ ਹੈ, ਉਹਨਾਂ ਦੇ ਨਾਮ ਇਹ ਹਨ:—

੧. ਕੱਲਸਹਾਰ, (ਜਿਸ ਦੇ ਦੂਜੇ ਨਾਮ 'ਕਲ੍' ਅਤੇ 'ਟਲ੍' ਹਨ)।
੨. ਜਾਲਪ, ਜਿਸ ਦਾ ਦੂਜਾ ਨਾਮ 'ਜਲ੍' ਹੈ ।
੩. ਕੀਰਤ, ੪. ਭਿੱਖਾ, ੫. ਸਲ੍, ੬. ਭਲ੍, ੭. ਨਲ੍, ੮. ਗਯੰਦ, ੯. ਮਥੁਰਾ, ੧੦. ਬਲ੍ ੧੧. ਹਰਿਬੰਸ।

ਕੱਲਸਹਾਰ ਇਹਨਾਂ ਦਾ ਜੱਥੇਦਾਰ ਸੀ, ਇਹ ਸਾਰੇ ਰਲ ਕੇ ਹੀ ਗੁਰੂ ਅਰਜਨ ਸਾਹਿਬ ਦੇ ਦੀਦਾਰ ਨੂੰ ਆਏ ਸਨ । ਸੱਵਈਆਂ ਵਿੱਚ ਕੇਵਲ 'ਗੁਰੂ' ਦੀ ਵਡਿਆਈ ਕੀਤੀ ਗਈ ਹੈ 'ਗੁਰੂ' ਦੀ ਉਪਮਾ ਕਰਨ ਲੱਗਿਆਂ 'ਗੁਰ-ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ, ਸੋ, ਇਹਨਾਂ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤੱਕ ਹਰੇਕ 'ਗੁਰ-ਮਹਲੇ' ਦੀ ਸਿਫ਼ਤਿ ਉਚਾਰੀ ਹੈ ।

ਸਵਈਏ ਸ੍ਰੀ ਮੁਖ ਬਾਕ੍ . . = ੯
" . . . . " . . . . = ੧੧
ਸਵਈਏ ਮਹਲੇ ਪਹਿਲੇ ਕੇ = ੧੦
ਸਵਈਏ ਮਹਲੇ ਦੂਜੇ ਕੇ . . = ੧੦



Scanned by CamScanner

ਸਵਈਏ ਮਹਲੇ ਤੀਜੇ ਕੇ . . = ੨੨

ਸਵਈਏ ਮਹਲੇ ਚੌਥੇ ਕੇ . . . = ੬੦

ਸਵਈਏ ਮਹਲੇ ਪੰਜਵੇਂ ਕੇ . . = ੨੧

. . . .ਕੁੱਲ ਜੋੜ . . . . . =੧੪੩

ਅੰਕ ੧੨੨ ਵਿੱਚ ਗੁਰੂ ਅਰਜਨ ਸਾਹਿਬ ਦੀ ਉਸਤਤਿ ਵਿੱਚ ਉਚਾਰੇ ੨੧ ਸਵੱਈਆ ਦਾ ਜੋੜ ਨਹੀਂ ਦਿੱਤਾ ਗਿਆ ।ਸਾਰੇ ਭੱਟਾਂ ਦਾ ਵੇਰਵਾ

੧. ਕਲ੍ਸਹਾਰ . . ੧੦ . . ੧੦ . . ੯ . . ੧੩ . . ੧੨ . . = ੫੪

੨. ਜਾਲਪ . . . . . ੫ . . . . . = ੫

੩. ਕੀਰਤ . . . . . ੪ . . ੪ . . . . . = ੮

੪. ਭਿਖਾ . . . . . ੨ . . . . . = ੨

੫. ਸਲ੍ . . . . . ੧ . . ੨ . . . . . = ੩

੬. ਭਲ੍ . . . . . ੧ . . . . . = ੧

੭. ਨਲ੍ . . . . . ੧੬ . . . . . = ੧੬

੮. ਗਯੰਦ . . . . . ੧੩ . . . . = ੧੩

੯. ਮਥੁਰਾ . . . . . ੭ . . ੭ . = ੧੪

੧੦. ਬਲ੍ . . . . . ੫ . . . . . = ੫

੧੧. ਹਰਿਬੰਸ . . . . . ੨ . . = ੨

. . . . . .

. . ੧੧ . . . . ੧੦ . . ੧੦ . . ੨੨ . . ੬੦ . . ੨੧ . . . = ੧੨੩

## ਰਡ

ਜਿਸਹਿ ਧਾਰ੍ਿਉ ਧਰਤਿ, ਅਰੁ ਵਿਉਮੁ, ਅਰੁ ਪਵਣੁ, ਤੇ ਨੀਰ ਸਰ, ਅਵਰ ਅਨਲ ਅਨਾਦਿ ਕੀਅਉ ॥

ਸਸਿ ਰਿਖਿ ਨਿਸਿ, ਸੂਰ ਦਿਨਿ, ਸੈਲ ਤਰੂਅ ਫਲ ਫੂਲ ਦੀਅਉ ॥

{ਪੰਨਾ ੧੩੯੯}

ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੧੩੯੯ ਅੰਗ ਤੇ "ਸਵਈਏ ਮਹਲੇ ਚੌਥੇ ਕੇ" ਦੇ ਵਿੱਚ ਆਉਂਦਾ ਹੈ।ਇਹ ਇੱਕ ਪ੍ਰਕਾਰ ਦਾ ਛੰਦ ਹੈ।ਜਿਸ ਦੇ ੪ ਚਰਣ ਹੁੰਦੇ ਹਨ।ਪਹਿਲੇ ਚਰਣ ਵਿੱਚ ੪੧ ਮਾਤ੍ਰਾਂ ਲੱਗਦੀਆਂ ਹਨ।ਇਸ ਵਿੱਚ ੧੫-੧੧-੧੫ ਤੇ ਵਿਸ੍ਰਾਮ



Scanned by CamScanner

ਲਗਾਇਆ ਜਾਂਦਾ ਹੈ। ਦੂਜੇ ਚਰਣ ਵਿੱਚ ੨੬ ਮਾਤ੍ਰਾਂ ਲੱਗਦੀਆਂ ਹਨ। ਇਸ ਵਿੱਚ ੧੧-੧੫ ਤੇ ਵਿਸ੍ਰਾਮ ਲਗਾਇਆ ਜਾਂਦਾ ਹੈ। ਤੀਜੇ,ਚੌਥੇ ਚਰਣ ਵਿੱਚ ਕੋਈ ਵੀ ਵਿਸ੍ਰਾਮ ਨਹੀਂ ਆਉਂਦੇ। ਇਸ ਨੂੰ ਵਿਖਮਤਰ ਛੰਦ ਕਿਹਾ ਜਾਂਦਾ ਹੈ। ਇਸ ਸਿਰਲੇਖ ਹੇਠਾਂ ੮ ਛੰਦ ਆਉਂਦੇ ਹਨ।

## ਝੋਲਨਾ ॥

ਗੁਰੂ ਗੁਰੁ, ਗੁਰੂ ਗੁਰੁ, ਗੁਰੂ ਜਪੁ ਪ੍ਰਾਨੀਅਹੁ ॥
ਸਬਦੁ ਹਰਿ ਹਰਿ ਜਪੈ, ਨਾਮੁ ਨਵ ਨਿਧਿ ਅਪੈ,
ਰਸਨਿ ਅਹਿਨਿਸਿ ਰਸੈ, ਸਤਿ ਕਰਿ ਜਾਨੀਅਹੁ ॥
ਫੁਨਿ, ਪ੍ਰੇਮ ਰੰਗ ਪਾਈਐ, ਗੁਰਮੁਖਹਿ ਧਿਆਈਐ,
ਅੰਨ ਮਾਰਗ ਤਜਹੁ, ਭਜਹੁ ਹਰਿ ਗ੍ਯਾਨੀਅਹੁ ॥ {੧੪੦੦}

ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੧੪੦੦ ਅੰਗ ਤੇ "ਸਵਈਏ ਮਹਲੇ ਚੌਥੇ ਕੇ" ਦੇ ਵਿੱਚ ਆਉਂਦਾ ਹੈ। ਇਹ ਇੱਕ ਪ੍ਰਕਾਰ ਦਾ ਛੰਦ ਹੈ। ਇਸ ਅੰਦਰ ਕਈ ਕਿਸਮਾਂ ਆਉਂਦੀਆਂ ਹਨ। ਇਸ ਸਿਰਲੇਖ ਹੇਠਾਂ ੪ ਛੰਦ ਆਉਂਦੇ ਹਨ।

## ਸਲੋਕ ਵਾਰਾਂ ਤੇ ਵਧੀਕ {੧੪੧੦}

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੨੨ ਵਾਰਾਂ ਹਨ ।ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਰਚੀਆਂ 'ਵਾਰਾਂ' ਪਹਿਲਾਂ ਸਿਰਫ਼ 'ਪਉੜੀਆਂ' ਦਾ ਸੰਗ੍ਰਹਿ ਸਨ। ਜਦੋਂ ਗੁਰੂ ਅਰਜਨ ਸਾਹਿਬ ਨੇ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਹੋਣ ਵਾਲੀ ਤਰਤੀਬ ਦਿੱਤੀ, ਤਾਂ ਉਹਨਾਂ ਨੇ 'ਵਾਰ' ਦੀ ਹਰੇਕ 'ਪਉੜੀ' ਦੇ ਨਾਲ ਘੱਟ ਤੋਂ ਘੱਟ ਦੋ ਸਲੋਕ ਦਰਜ ਕਰ ਦਿੱਤੇ ਇਹ ਉਹ ਸ਼ਲੋਕ ਸਨ ਜਿੰਨ੍ਹਾਂ ਦੇ ਅਰਥ ਭਾਵ ਪਉੜੀ ਨਾਲ ਮਿਲਦੇ ਹੋਣ। ਜਿਹੜੇ ਸਲੋਕ ਵੱਧ ਗਏ, ਉਹ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਵਿੱਚ 'ਸਲੋਕ' ਵਾਰਾਂ ਤੇ ਵਧੀਕ' ਦੇ ਸਿਰਲੇਖ ਹੇਠ ਦਰਜ ਕਰ ਦਿੱਤੇ।

## ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥



Scanned by CamScanner

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

(ਪੰਨਾ ੧੪੨੯)

ਸਿਰਲੇਖ 'ਮੁੰਦਾਵਣੀ' ਦਾ ਅਰਥ ਸਮਝਣ ਲਈ 'ਸੋਰਠਿ ਕੀ ਵਾਰ' ਦੀ ਅੱਠਵੀਂ ਪਉੜੀ ਦਾ ਪਹਿਲਾ ਸਲੋਕ ਸਾਹਮਣੇ ਰੱਖਣਾ ਜ਼ਰੂਰੀ ਹੈ :

ਸਲੋਕੁ ਮ: ੩॥ ਥਾਲੈ ਵਿਚਿ ਤੈ ਵਸਤੂ ਪਈਓ,
ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ, ਪਾਈਐ ਮੋਖ ਦੁਆਰੁ ॥
ਇਹੁ ਭੋਜਨ ਅਲਭੁ ਹੈ ਸੰਤਹੁ, ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ, ਸਦਾ ਰਖੀਐ ਉਰਿਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ, ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ, ਹਰਿ ਪਾਇਆ ਗੁਰਮੁਖਿ ਘਾਲਿ ॥੧॥੮॥

(ਸੋਰਠਿ ਕੀ ਵਾਰ ਮ: ੪, ਪੰਨਾ ੬੪੫

ਇਸ ਸਲੋਕ ਮ: ੩ ਨੂੰ 'ਮੁੰਦਾਵਣੀ ਮ: ੫' ਨਾਲ ਮਿਲਾ ਕੇ ਵੀਚਾਰ ਕੇ ਦੇਖਦੇ ਹਾਂ।ਇਹਨਾਂ ਦੋਹਾਂ ਸਲੋਕਾਂ ਦਾ ਵਿਸ਼ਾ ਇੱਕੋ ਹੀ ਹੈ।ਇਹਨਾਂ ਸਲੋਕ ਦੇ ਕਈ ਲਫ਼ਜ਼ ਆਪਸ ਵਿੱਚ ਸਾਂਝੇ ਆਉਂਦੇ ਹਨ ਅਤੇ ਆਪਸ ਵਿੱਚ ਮੇਲ ਖਾਂਦੇ ਹਨ।ਸ੍ਰੀ ਗੁਰੂ ਅਮਰਦਾਸ ਜੀ ਦੇ ਵਾਕ ਦਾ ਸਿਰਲੇਖ ਹੈ 'ਸਲੋਕੁ' ।ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਾਕ ਦਾ ਸਿਰਲੇਖ ਹੈ 'ਮੁੰਦਾਵਣੀ' । ਪਰ ਇਹ ਲਫ਼ਜ਼ ਗੁਰੂ ਅਮਰਦਾਸ ਜੀ ਨੇ 'ਸਲੋਕ' ਦੇ ਵਿੱਚ ਵਰਤ ਦਿੱਤਾ ਹੈ, ਭਾਵੇਂ ਰਤਾ ਕੁ ਫ਼ਰਕ ਹੈ; ਟਿੱਪੀ ਦਾ ਫ਼ਰਕ ।

ਮੁੰਦਾਵਣੀ ਤੋਂ ਭਾਵ ਹੈ ਖ਼ਿਆਲ, ਮਜ਼ਮੂਨ, ਲਫ਼ਜ਼ਾਂ ਦੀ ਸਾਂਝ ਦੇ ਆਧਾਰ ਤੇ ਨਿਰ-ਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਲਫ਼ਜ਼ 'ਮੁਦਾਵਣੀ' ਅਤੇ 'ਮੁੰਦਾਵਣੀ' ਇੱਕੋ ਹੀ ਹੈ।ਦੋਹਾਂ ਵਾਕਾਂ ਵਿੱਚ ਇਹ ਲਫ਼ਜ਼ 'ਇਸਤ੍ਰੀ ਲਿੰਗ' ਵਿੱਚ ਵਰਤਿਆ ਗਿਆ ਹੈ । ਗੁਰੂ ਅਰਜਨ ਸਾਹਿਬ ਇਸ 'ਮੁੰਦਾਵਣੀ' ਬਾਰੇ ਆਖਦੇ ਹਨ ਕਿ'ਏਹ ਵਸਤੁ ਤਜੀ ਨਹ ਜਾਈ', ਇਸ ਨੂੰ 'ਨਿਤ ਨਿਤ ਰਖੁ ਉਰਿ ਧਾਰੋ' । ਇਹੀ ਗੱਲ ਗੁਰੂ ਅਮਰਦਾਸ ਜੀ ਨੇ ਇਉਂ ਆਖੀ ਹੈ ਕਿ'ਏਹ ਮੁਦਾਵਣੀ ਕਿਉ ਵਿਚਹੁ ਕਢੀਐ?ਸਦਾ ਰਖੀਐ ਉਰਿਧਾਰਿ' ।

ਲਫ਼ਜ਼ 'ਮੁਦਾਵਣੀ' 'ਮੁੰਦਾਵਣੀ' ਦਾ ਅਰਥ :ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ

ਮਹਾਨ ਕੋਸ਼ ਦੇ ਅੰਦਰ ਇਸ ਦੇ ਅਰਥ ਕੀਤੇ ਨੇ ਮੋਹਰ,ਛਾਪ ਲਗਾਉਣਾ।ਭਾਰਤ ਵਿੱਚ ਪੁਰਾਤਨ ਸਮੇਂ ਤੋਂ ਰੀਤਿ ਚਲੀ ਆਉਂਦੀ ਹੈ ਰਾਜੇ ਮਹਾਰਾਜਿਆਂ ਦੇ ਖਾਨ ਪਾਨ ਦਾ ਪ੍ਰਬੰਧ



Scanned by CamScanner

ਕਰਨ ਵਾਲਾ ਸਰਦਾਰ ਆਪਣੇ ਸਾਹਮਣੇ ਭੋਜਨ ਤਿਆਰ ਕਰਵਾਉਣ ਉਪਰੰਤ ਬਰਤਨਾਂ ਵਿੱਚ ਪਾ ਕੇ ਮੋਹਰ ਲਾ ਦੇਦਿਆ ਕਰਦਾ ਸੀ। ਤਾਂ ਕਿ ਕੋਈ ਇਸ ਵਿੱਚ ਕੋਈ ਮਿਲਾਵਟ,ਜ਼ਹਿਰ ਨਾ ਕੋਈ ਮਿਲਾ ਦੇਣ। ਫੇਰ ਜਦੋਂ ਥਾਲ਼ ਪਰੋਸਿਆ ਜਾਂਦਾ ਅਤੇ ਮੋਹਰ ਲਾ ਕੇ ਜ਼ੁੰਮੇਵਾਰ ਸ਼ਰਦਾਰਾਂ ਦੇ ਸਾਹਮਣੇ ਭੋਜਨ ਖੋਲਿਆ ਜਾਂਦਾ ਰਾਜਾ ਨਿਸਚਿੰਤ ਹੋ ਕੇ ਭੋਜਨ ਛਕਦਾ। ਬੱਸ ਉਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਣ ਕਰਕੇ ਮੋਹਰ ਲਗਾ ਦਿੱਤੀ ਕਿ ਐ ਗੁਰਸਿੱਖੋ ਇਸ ਵਿੱਚ ਕੋਈ ਮਿਲਾਵਟ ਨਹੀ। ਇਸ ਅੰਦਰ ਦੇ ਵੀਚਾਰਾਂ ਨੂੰ ਗ੍ਰਹਿਣ ਕਰੋ।

## ਰਾਗਮਾਲ਼ਾ

੧੪੨੯

ਸ੍ਰੀ ਗੁਰੂ ਗ੍ਰੰਥ ਸਾਬਿ ਜੀ ਦਾ ਆਖਰੀ ਸਿਰਲੇਖ ਹੈ। ਇਸ ਸਿਰਲੇਖ ਤੋਂ ਭਾਵ ਹੈ ਰਾਗ ਮਾਲਾ-ਰਾਗਾਂ ਦੀ ਮਾਲਾ,ਰਾਗਾਂ ਤਰਤੀਬ,ਰਾਗਾਂ ਦੀ ਲੜੀ।

{੧} ਇਸ ਦੇ ਅੰਦਰ ਇੱਕ ਗੱਲ ਬਹੁਤ ਧਿਆਨ ਨਾਲ ਦੇਖੋ ਕਿ ਇਸ ਰਚਨਾ ਦੇ ਅੰਦਰ 'ਮਹਲਾ ੧', 'ਮਹਲਾ ੨', 'ਮਹਲਾ ੩', 'ਮਹਲਾ ੪', 'ਮਹਲਾ ੫' ਆਦਿਕ ਕੋਈ ਵੀ ਲਫ਼ਜ਼ ਨਹੀਂ ਵਰਤਿਆ ਗਿਆ,ਜਿਸ ਤੋਂ ਪਾਠਕ ਇਹ ਨਿਰਣਾ ਕਰ ਸਕਣ ਕਿ ਇਹ ਕਿਸ ਗੁਰ-ਵਿਅਕਤੀ ਦੀ ਲਿਖੀ ਹੋਈ ਨਹੀਂ ਹੈ। ਸਾਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਕੋਈ ਸ਼ਬਦ ਸ਼ਲੋਕ ਆਦਿਕ ਦਰਜ ਨਹੀਂ ਹੈ, ਜਿਸ ਦੇ ਲਿਖਣ ਵਾਲੇ ਗੁਰ ਵਿਅਕਤੀ ਦਾ ਨਿਰਨਾ ਕਰਨਾ ਸਿੱਖਾਂ ਉਤੇ ਛੱਡਿਆ ਗਿਆ ਹੋਵੇ।

{੨} ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ, ਅਸ਼ਟਪਦੀਆਂ, ਛੰਤਾਂ ਨੂੰ ਧਿਆਨ ਨਾਲ ਵੇਖੋ। ਜਦੋਂ ਕਿਤੇ ਕੋਈ 'ਬੰਦ' ਖ਼ਤਮ ਹੁੰਦਾ ਹੈ ਤਾਂ ਉਸ ਦੇ ਅਖ਼ੀਰ ਤੇ 'ਅੰਕ' ਦਿੱਤਾ ਹੁੰਦਾ ਹੈ । ਉਸ 'ਬੰਦ' ਦਾ 'ਭਾਵ' ਆਪਣੇ ਆਪ ਵਿੱਚ ਮੁਕੰਮਲ ਹੁੰਦਾ ਹੈ। ਪਰ ਰਾਗ ਮਾਲਾ ਦੀ ਕਾਵਿ-ਬਣਤਰ ਵਿੱਚ ਇੱਕ ਅਨੋਖੀ ਗੱਲ ਵੇਖੀ ਜਾ ਰਹੀ ਹੈ । ਜਿੱਥੇ ਜਿੱਥੇ ਵੀ ਕੋਈ 'ਬੰਦ' ਮੁਕਾਇਆ ਹੈ, ਹਰ ਥਾਂ 'ਅੰਕ ੧' ਹੀ ਵਰਤਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅੰਕਾਂ ਦੀ ਕਿਤੇ ਵੀ ਇਸ ਢੰਗ ਨਾਲ ਨਹੀਂ ਹੈ । ਹਰ ਥਾਂ 'ਅੰਕ ੧' ਦਾ ਲਿਖਿਆ ਜਾਣਾ ਅੰਕਾਂ ਬਾਰੇ ਪਾਠਕ ਦੀ ਕੋਈ ਸਹਾਇਤਾ ਨਹੀਂ ਕਰਦਾ। ਇਹ ਸਮਝ ਨਹੀਂ ਪੈਂਦੀ ਕਿ ਅਖ਼ੀਰਲੇ ਅੰਕ '੧॥੧॥' ਦਾ ਕੀਹ ਭਾਵ ਹੈ।

{੩} ਛੇ ਰਾਗ—ਭੈਰਉ, ਮਾਲਕਉਸ, ਹਿੰਡੋਲ, ਦੀਪਕ, ਸਿਰੀਰਾਗ, ਮੇਘ। ਹਰੇਕ ਰਾਗ ਦੀਆਂ ਪੰਜ ਰਾਗਨੀਆਂ ।

ਕੁਲ ਰਾਗਣੀਆਂ—੩੦ । ਹਰੇਕ ਰਾਗ ਦੇ ਅੱਠ ਪੁੱਤਰ ।

ਛੇ ਰਾਗਾਂ ਦੇ ਕੁੱਲ ਪੁੱਤਰ—੪੮।

ਸਾਰਾਜੋੜ—੬+੩੦+੪੮=੮੪



Scanned by CamScanner

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਹੇਠ-ਲਿਖੇ ੩੧ ਰਾਗ ਹਨ—ਸਿਰੀਰਾਗ, ਮਾਝ, ਗਾਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਜੈਜਾਵੰਤੀ ।

ਇਹਨਾਂ ੩੧ ਤੋਂ ਇਲਾਵਾ ਹੇਠ-ਲਿਖੇ ੬ ਰਾਗ ਦੂਜੇ ਰਾਗਾਂ ਨਾਲ ਰਲਾਕੇ ਗਾਵਣ ਦੀ ਵੀ ਹਿਦਾਇਤ ਕੀਤੀ ਗਈ ਹੈ—ਲਲਿਤ, ਆਸਾਵਾਰੀ, ਹਿੰਡੋਲ, ਭੋਪਾਲੀ, ਬਿਭਾਸ, ਕਾਫ਼ੀ । 'ਆਸਾਵਰੀ', ਰਾਗ 'ਆਸਾ' ਦੇ ਵਿੱਚ ਹੀ ਦਰਜ ਹੈ ।

(੪) ਇਸ ਤਰ੍ਹਾਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੁੱਲ ੩੭ ਰਾਗ ਆ ਗਏ ।ਪਾਠਕਾਂ ਵਾਸਤੇ ਇਹ ਹੈਰਾਨੀ ਵਾਲੀ ਗੱਲ ਹੀ ਹੋਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕੁਝ ਰਾਗ ਇਸ 'ਰਾਗ ਮਾਲਾ' ਵਿੱਚ ਨਹੀਂ ਹਨ। ਹੋਰ ਬਥੇਰੇ ਰਾਗਾਂ ਦਾ ਜ਼ਿਕਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹਨ। ਇਹਨਾਂ ਗੱਲਾਂ ਨੂੰ ਧਿਅਨ ਰੱਖਣਾ ਪਵੇਗਾ।

(੫) ਕਿਸੇ ਵੀ ਇੱਕ ਗ੍ਰੰਥ ਦੀਆਂ ੨ ਰਾਗਮਾਲਾ ਨਹੀਂ ਹੋ ਸਕਦੀਆਂ।

(੬) ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੀ ਰਾਗਮਾਲਾ ਹੈ ਉਹ ਹੀ ਠੀਕ ਹੈ ਕਿਉਂਕਿ ਉਸ ਰਾਗਮ਼ਾਲਾ ਦੇ ਅੰਦਰ ਸਹੀ ਰਾਗਬੰਦ ਤਰੀਕੇ ਦੇ ਨਾਲ,ਰਾਗਾਂ ਦੀ ਤਰਤੀਬ,ਬਾਣੀਆਂ ਦੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਹੈ। ਇਸ ਰਾਗਮਾਲਾ ਦੇ ਅੰਦਰ ਉਹ ਤਰਤੀਬ ਨਹੀਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਹੋਣੀ ਚਾਹੀ ਦੀ ਹੈ।

(੭) ਇਹ ਮਾਧਵਨਲ ਕਾਮਕੰਦਲਾ ਦੀ ਲਿਖੀ ਹੋਈ ਰਾਗਮਾਲਾ ਦੀ ਕਾਪੀ ਹੈ।

(੮) ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥

(ਪੰਨਾ ੧੪੨੯-੧੪੩੦)

ਇਸ ਰਾਗਮਾਲਾ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲਾ ਰਾਗ ਭੈਰਉ ਰਾਗ ਹੋਣਾ ਚਾਹੀਦਾ ਹੈ। ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪਹਿਲਾ ਰਾਗ ਸ੍ਰੀ ਰਾਗ ਹੈ।



Scanned by CamScanner

ਰਾਗਮਾਲਾ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੇ ਪੰਨਾ ਨੰ: 13 'ਤੇ ਭੋਗ ਸਿਰਲੇਖ ਹੇਠ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ।

*(ਇਸ ਗੱਲ ਬਾਬਤ ਪੰਥ 'ਚ ਅਜੇ ਤਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)*



Scanned by CamScanner

ਵੀਰ ਗੁਰਮੁੱਖ ਸਿੰਘ ਜੀ ਨੂੰ ਮੈਂ ਪਹਿਲੀ ਵਾਰ ਸੰਨ 2001 ਵਿੱਚ ਉਦੋਂ ਮਿਲਿਆ ਸੀ, ਜਦੋਂ ਮੈਂ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਉਹ ਬਤੌਰ ਪ੍ਰਚਾਰਕ ਤੀਸਰੇ ਸਾਲ ਦੇ ਵਿਦਿਆਰਥੀ ਸਨ ਅਤੇ ਮੈਂ ਪਹਿਲਾ ਸਾਲ, ਤਬਲਾ ਵਾਦਨ ਦੀ ਕਲਾਸ ਵਿੱਚ ਸੀ। ਆਪ ਜੀ ਨੇ ਕਾਲਜ ਦੌਰਾਨ ਗੁਰਮਤਿ ਸਮਾਗਮਾਂ ਵਿੱਚ ਇੱਕ ਪ੍ਰਚਾਰਕ ਵਜੋਂ ਵਿਸ਼ੇਸ਼ ਪਹਿਚਾਣ ਬਣਾਈ ਹੋਈ ਸੀ ਅਤੇ ਸਿੱਖ ਸੰਗਤਾਂ ਦਾ ਪਿਆਰ ਆਪ ਜੀ ਨੂੰ ਵਿਦਿਆਰਥੀ ਜੀਵਣ ਵਿੱਚ ਹੀ ਮਿਲਣਾ ਸ਼ੁਰੂ ਹੋ ਗਿਆ ਸੀ ।



ਭਾਈ ਗੁਰਮੁੱਖ ਸਿੰਘ (ਗਿਆਨੀ)

ਸੰਨ 2002 ਵਿੱਚ ਕੋਰਸ ਪੂਰਾ ਕਰਨ ਤੋਂ ਬਾਅਦ ਆਪ ਨੇ ਬਤੌਰ ਹੈੱਡ-ਗ੍ਰੰਥੀ ਅਤੇ ਕਥਾ ਵਾਚਕ ਸ਼ਾਲੀਮਾਰ ਬਾਗ ਦੇ 'ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ' ਦਿੱਲੀ ਵਿਖੇ 5 ਸਾਲ ਤੱਕ ਸੇਵਾ ਨਿਭਾਈ ਅਤੇ ਸਿੱਧੀ ਸਿਧਾਂਤਾਂ ਨੂੰ ਪ੍ਰਚਾਰਿਆ ਅਤੇ ਅਮਲੀ ਜੀਵਣ ਵਿੱਚ ਵੀ ਲਾਗੂ ਕੀਤਾ । ਇਸ ਤੋਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੀ ਇੱਕ ਸਾਲ ਤੱਕ ਪ੍ਰਚਾਰਕ ਵੱਜੋਂ ਸੇਵਾਵਾਂ ਨਿਭਾਈਆਂ ।

ਸੰਨ 2008 ਤੋਂ ਸਿੱਖ ਕੌਮ ਦੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵਿੱਚ ਬਤੌਰ ਪ੍ਰਚਾਰਕ ਸੇਵਾ ਨਿਭਾਅ ਰਹੇ ਹਨ । ਭਾਈ ਗੁਰਮੁੱਖ ਸਿੰਘ ਗਿਆਨੀ ਜੀ ਨੇ ਹੱਥਲੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸਿਰਲੇਖ' ਵਿੱਚ ਬਹੁਤ ਸੂਝ-ਬੂਝ, ਸਿਆਣਪ, ਬਾਰੀਕੀ ਅਤੇ ਗੁਰਬਾਣੀ ਗੁਰਮਤਿ ਦੀ ਰੋਸ਼ਨੀ ਹੇਠ, ਗੁਰੂ ਗ੍ਰੰਥ ਸਾਹਿਬ ਵਿਚਲੇ ਸਿਰਲੇਖਾਂ ਬਾਰੇ ਬਹੁਤ ਹੀ ਖੂਬਸੂਰਤ ਢੰਗ ਨਾਲ ਜਾਣਕਾਰੀ ਮੁਹੱਈਆ ਕਰਵਾਈ ਹੈ । ਇਸ ਵਿੱਚ ਕੋਈ ਅਤਿ ਕਥਨੀ ਨਹੀਂ ਕਿ ਇਸ ਪੁਸਤਕ ਆਪਣੇ ਆਪ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ।

ਅਕਾਲ ਪੁਰਖ ਦੇ ਚਰਨਾਂ ਵਿੱਚ ਇਹੀ ਅਰਦਾਸ ਹੈ ਕਿ ਅਜਿਹੇ ਪ੍ਰਚਾਰਕ/ਲੇਖਕ ਸਮੁੱਚੀ ਕੌਮ ਨੂੰ ਇਸੇ ਤਰ੍ਹਾਂ ਗੁਰਬਾਣੀ, ਗੁਰ-ਇਤਿਹਾਸ, ਗੁਰ-ਮਰਿਯਾਦਾ ਨਾਲ ਜੋੜਦੇ ਰਹਿਣ ਤਾਂ ਕਿ ਮਾਨਵਤਾ ਨੂੰ ਬਾਬੇ ਨਾਨਕ ਦੀ ਵਿਚਾਰਧਾਰਾ ਦੇ ਪਾਂਧੀ ਬਣਾਉਣ ਲਈ ਆਪਣਾ ਯੋਗਦਾਨ ਪਾਉਂਦੇ ਰਹਿਣ । ਆਖੀਰ ਵਿੱਚ ਵੱਡੇ ਵੀਰ ਭਾਈ ਗੁਰਮੁੱਖ ਸਿੰਘ ਗਿਆਨੀ ਜੀ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹੋਇਆ ਕਲਮ ਰੋਕਦਾ ਹਾਂ। ਗੁਰੂ ਰਾਖਾ ।

ਇਕਵਾਕ ਸਿੰਘ ਪੱਟੀ

ਸੰਪਾਦਕ ਵਿਰਾਸਤ ਮੈਗਜ਼ੀਨ

www.PunjabiLibrary.com

Rattan Brothers

Jodh Nagar, Sultanwind Road, Amritsar. Punjab (India)